ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 48 | 03 December 2021 to 09 December 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਮਨਜਿੰਦਰ ਸਿੰਘ ਸਿਰਸਾ ਭਾਜਪਾ ਵਿਚ ਸ਼ਾਮਲ

## ✪ ਬਾਦਲ ਦਲ ਵਿੱਚ ਘਬਰਾਹਟ ਦਾ ਮਾਹੌਲ ✪ ਅਕਾਲੀ ਦਲ-ਭਾਜਪਾ ਦਰਮਿਆਨ ਸਿਆਸੀ ਟਕਰਾਅ ਵਧਣ ਦੇ ਆਸਾਰ

## ✪ ਸਿਰਸਾ ਨੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਛੱਡੀ ✪ ਦੋ ਕੇਂਦਰੀ ਮੰਤਰੀਆਂ ਪ੍ਰਧਾਨ ਤੇ ਸ਼ੇਖਾਵਤ ਨੇ ਪਾਰਟੀ ਵਿਚ ਕੀਤਾ ਸਵਾਗਤ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਅਹੁਦਾ ਛੱਡਣ ਦੇ ਐਲਾਨ ਤੋਂ ਕੁਝ ਮਿੰਟਾਂ ਬਾਅਦ ਹੀ ਮਨਜਿੰਦਰ ਸਿੰਘ ਸਿਰਸਾ ਕੇਂਦਰੀ ਮੰਤਰੀਆਂ ਧਰਮਿੰਦਰ ਪ੍ਰਧਾਨ ਤੇ ਗਜੇਂਦਰ ਸਿੰਘ ਸ਼ੇਖਾਵਤ ਦੀ ਮੌਜੂਦਗੀ ਵਿਚ ਭਾਜਪਾ ਵਿੱਚ ਸ਼ਾਮਲ ਹੋ ਗਏ। ਬਾਦਲ ਦਲ ਦੇ ਆਗੂ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਬੀਤੇ ਬੁੱਧਵਾਰ ਨੂੰ ਭਾਜਪਾ ਵਿਚ ਸ਼ਾਮਲ ਹੋਏ ਸਨ। ਸ਼ੇਖਾਵਤ ਜੋ ਕਿ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੇ ਇੰਚਾਰਜ ਹਨ, ਨੇ ਕਿਹਾ ਕਿ ਸਿਰਸਾ ਦਾ ਪਾਰਟੀ ਵਿੱਚ ਸ਼ਾਮਲ ਹੋਣਾ ਯਕੀਨੀ ਤੌਰ 'ਤੇ ਅਗਲੇ ਸਾਲ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮਦਦਗਾਰ ਸਾਬਿਤ ਹੋਵੇਗਾ। ਸਿਰਸਾ ਕੌਮੀ ਰਾਜਧਾਨੀ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਪ੍ਰਮੁੱਖ ਚਿਹਰਾ ਰਹੇ ਹਨ ਅਤੇ ਤਿੰਨ ਵਿਵਾਦਤ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਵੱਡੇ ਸਮਰਥਕ ਸਨ। ਸਿਰਸਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ





ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
DELHI SIKH GURDWARA MANAGEMENT COMMITTEE

01/12/2021

TO ALL THE RESPECTED MEMBERS OF GENERAL HOUSE
DELHI SIKH GURDWARA MANAGEMENT COMMITTEE

THROUGH S. HARMEET SINGH KALKA, GENERAL SECRETARY, DSGMC

WAHEGURU JI KA KHALSA, WAHEGURU JI KI FATEH

Due to some personal reasons, I do hereby resign from the post of President, Delhi Sikh Gurdwara Management Committee with immediate effect.

Thanks & Regards,

(MANJINDER SINGH SIRSA)
PRESIDENT
DELHI SIKH GURDWARA MANAGEMENT COMMITTEE

ਅਹੁਦਾ ਛੱਡ ਦਿੱਤਾ ਹੈ। ਸਿਰਸਾ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰਦੇ ਹੋਏ ਇੱਕ ਟਵੀਟ ਵਿੱਚ ਕਿਹਾ, "ਮੈਂ ਆਉਣ ਵਾਲੀਆਂ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੀਆਂ ਅੰਦਰੂਨੀ ਚੋਣਾਂ ਨਹੀਂ ਲੜਾਂਗਾ। ਆਪਣੇ ਪੰਥ, ਮਨੁੱਖਤਾ ਤੇ ਦੇਸ਼ ਦੀ ਸੇਵਾ ਕਰਨ ਲਈ ਮੇਰੀ ਉਹੀ ਵਚਨਬੱਧਤਾ ਬਰਕਰਾਰ ਹੈ।" ਸਿਰਸਾ ਨੇ ਭਾਜਪਾ ਦੀ ਟਿਕਟ 'ਤੇ ਰਾਜੌਰੀ ਗਾਰਡਨ ਤੋਂ ੨੦੧੭ ਦੀਆਂ ਵਿਧਾਨ ਸਭਾ ਚੋਣਾਂ ਲੜੀਆਂ ਤੇ ਜਿੱਤੀਆਂ ਸਨ।। ਖੁਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੱਕ ਨੂੰ ਉਨਾਂ ਭਿਣਕ ਨਹੀਂ ਲੱਗਣ ਦਿੱਤੀ। ਸਿਰਸਾ ਦੇ ਇਸ ਕਦਮ ਨਾਲ ਪਾਰਟੀ ਦੇ ਨੇਤਾ ਤਾਂ ਹੈਰਾਨ ਹਨ।

ਦਿੱਲੀ ਵਿਚ ਨਗਰ ਨਿਗਮ ਦੀਆਂ ਚੋਣਾਂ ਤੋਂ ਠੀਕ ਪਹਿਲਾਂ ਭਾਜਪਾ ਨੂੰ ਸਿੱਖ ਚਿਹਰੇ ਵਜੋਂ ਮਨਜਿੰਦਰ ਸਿੰਘ ਸਿਰਸਾ ਦਾ ਮਿਲਣਾ ਇਕ ਵੱਡੀ ਸਫਲਤਾ ਵਜੋਂ ਵੇਖਿਆ ਜਾ ਰਿਹਾ ਹੈ। ਨਾਲ ਹੀ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਭਾਜਪਾ ਸਿਰਸਾ ਨੂੰ ਪੰਜਾਬ ਭੇਜ ਕੇ ਅਸੈਂਬਲੀ ਚੋਣਾਂ ਵਿਚ ਨਵਾਂ ਦਾਅ ਖੇਡ ਸਕਦੀ ਹੈ। ਅਜੇ ਤੱਕ ਇਹੀ ਅੰਦਾਜ਼ਾ ਲਗਾਇਆ ਜਾ ਰਿਹਾ ਸੀ ਕਿ ਭਾਜਪਾ ਦਾ ਗੱਠਜੋੜ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਨਾਲ ਹੋਵੇਗਾ ਪਰ ਹੁਣ ਲੱਗਦਾ ਹੈ ਕਿ ਭਾਜਪਾ ਦੇ ਚੋਟੀ ਦੇ ਆਗੂਆਂ ਦੇ ਮਨ ਵਿਚ ਕੁਝ ਹੋਰ ਹੀ ਚੱਲ ਰਿਹਾ ਹੈ।

ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਅਕਾਲੀ ਦਲ ਤੇ ਭਾਜਪਾ ਦਰਮਿਆਨ ਸਿਆਸੀ ਜੰਗ ਤਿੱਖੀ ਹੋਣ ਦੇ ਆਸਾਰ ਬਣ ਗਏ ਹਨ। ਭਗਵਾਂ ਪਾਰਟੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸੂਬੇ ਵਿਚ ਗਤੀਵਿਧੀਆਂ ਵਧਾ ਦਿੱਤੀਆਂ ਹਨ। ਚੋਣਾਂ ਤੋਂ ਪਹਿਲਾਂ ਵਾਪਰੀ ਇਸ ਘਟਨਾ ਨੇ ਸਿਰਫ਼ ਅਕਾਲੀਆਂ ਨੂੰ ਨਹੀਂ, ਸਗੋਂ ਦੂਜੀਆਂ ਸਿਆਸੀ ਧਿਰਾਂ ਨੂੰ ਵੀ ਹੈਰਾਨ ਕੀਤਾ ਹੈ।

ਬਾਕੀ ਸਫ਼ਾ 29 'ਤੇ

## ਜਥੇਦਾਰ ਅਕਾਲ ਤਖਤ ਸਿਰਸਾ ਤੇ ਭਾਜਪਾ ਤੋਂ ਔਖੇ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਉੱਪਰ ਸਿਆਸੀ ਦਬਾਅ ਪਾ ਕੇ ਕੇਂਦਰ ਸਰਕਾਰ ਨੇ ਭਾਜਪਾ ਵਿਚ ਸ਼ਾਮਲ ਕਰਵਾਇਆ ਹੈ। ਉਨਾਂ ਕਿਹਾ ਕਿ ਜਦੋਂ ਵਿਦੇਸ਼ੀ ਹੁਕਮਰਾਨ ਭਾਰਤ ਆਏ ਤਾਂ ਲੋਕਾਂ ਨੂੰ ਹਾਕਮਾਂ ਨੇ ਡਰਾ-ਧਮਕਾ ਕੇ ਕਿਹਾ ਕਿ ਜਾਂ ਤਾਂ ਧਰਮ ਚੁਣ ਲਵੋ ਜਾਂ ਕਰਮ ਚੁਣ ਲਵੋ।

ਬਹੁਤ ਸਾਰੇ ਲੋਕਾਂ ਨੇ ਧਰਮ ਨੂੰ ਚੁਣਿਆ। ਜਦੋਂ ਮੁਗਲ ਸ਼ਾਸਕ ਹਮਲਾਵਰ ਹੋ ਕੇ ਭਾਰਤ ਆਏ ਤਾਂ ਉਨਾਂ ਕਿਹਾ ਜਾਂ ਧਰਮ ਚੁਣ ਲਵੋ ਜਾਂ ਫਿਰ ਜ਼ਿੰਦਗੀ ਕਿਸੇ ਨੇ ਧਰਮ ਤਾਂ ਕਿਸੇ ਨੇ ਜ਼ਿੰਦਗੀ ਚੁਣ ਲਈ। ਜਿਨਾਂ ਧਰਮ ਚੁਣਿਆ, ਉਨਾਂ ਦੀ ਜ਼ਿੰਦਗੀ ਖ਼ਤਮ ਕਰ ਦਿੱਤੀ ਗਈ। ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨਾਂ ਦੀ ਸਿਰਸਾ ਨਾਲ ਫੋਨ 'ਤੇ ਗੱਲ ਹੋਈ, ਸਿਰਸੇ ਦੀ ਗੱਲ ਤੋਂ ਉਨਾਂ ਨੂੰ ਲੱਗਾ ਕਿ ਉਨਾਂ ਸਾਹਮਣੇ ਇਹੀ ਸ਼ਰਤ ਰੱਖੀ ਗਈ ਸੀ ਕਿ ਜਾਂ ਭਾਜਪਾ ਚੁਣ ਲਵੋ ਜਾਂ ਫਿਰ ਜੇਲ ਤਾਂ ਸਿਰਸਾ ਨੇ ਭਾਜਪਾ ਨੂੰ ਚੁਣ ਲਿਆ। ਮੁਗਲ ਵੀ ਇਵੇਂ ਹੀ ਕਰਦੇ ਸਨ। ਵਿਦੇਸ਼ੀ ਹੁਕਮਰਾਨ ਵੀ ਇਵੇਂ ਹੀ ਕਰਦੇ ਸਨ। ਇਸ ਸਾਰੇ ਮਾਮਲੇ ਲਈ ਦਿੱਲੀ ਦੇ ਸਿੱਖ ਵੀ ਬਰਾਬਰ ਦੇ ਜ਼ਿੰਮੇਵਾਰ ਹਨ।

# ਸੰਸਦ ਵਲੋਂ ਰੱਦ ਕੀਤੇ ਤਿੰਨੇ ਖੇਤੀ ਕਾਨੂੰਨ

## ✪ ਲੋਕ ਸਭਾ ਵਿਚ ਸਿਰ.ਫ 4 ਮਿੰਟਾਂ 'ਚ ਪਾਸ ਹੋਇਆ ਬਿੱਲ ✪ ਚਰਚਾ ਹੋਵੇ, ਵਿਰੋਧੀਆਂ ਵਲੋਂ ਮੰਗ

## ✪ ਕੇਂਦਰ ਸਰਕਾਰ ਐਮਐਸਪੀ 'ਤੇ ਗੱਲਬਾਤ ਲਈ ਤਿਆਰ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਤਕਰੀਬਨ ਸਵਾ ਸਾਲ ਪਹਿਲਾਂ ਹੰਗਾਮੇਦਾਰ ਆਗਾਜ਼ ਕਰਨ ਅਤੇ ਰਾਸ਼ਟਰਵਿਆਪੀ ਪ੍ਰਦਰਸ਼ਨ ਦਾ ਕਾਰਨ ਬਣੇ ਤਿੰਨੋਂ ਖੇਤੀ ਕਾਨੂੰਨ ਓਨੇ ਹੀ ਹੰਗਾਮੇਦਾਰ ਢੰਗ ਨਾਲ ਰੱਦ ਕਰ ਦਿੱਤੇ ਗਏ, ਜਦੋਂ ਸੰਸਦ ਦੇ ਦੋਹਾਂ ਸਦਨਾਂ ਨੇ ਖੇਤੀ ਕਾਨੂੰਨ ਰੱਦ ਕਰਨ ਬਾਰੇ ਬਿੱਲ 'ਤੇ ਆਪਣੀ ਮੋਹਰ ਲਾ ਦਿੱਤੀ। ਮੋਦੀ ਸਰਕਾਰ ਨੇ ਸਰਦ ਰੁੱਤ ਦੇ ਇਜਲਾਸ ਦੇ ਪਹਿਲੇ ਹੀ ਦਿਨ ਕਾਨੂੰਨ ਰੱਦ ਕਰਨ ਸਬੰਧੀ ਬਿੱਲ ਨਾ ਸਿਰਫ਼ ਦੋਹਾਂ ਸਦਨਾਂ ਵਿਚ ਪੇਸ਼ ਕੀਤਾ, ਸਗੋਂ ਬਿਨਾਂ ਬਹਿਸ ਦੇ ਉਸ ਨੂੰ ਪਾਸ ਵੀ ਕਰਵਾ ਲਿਆ, ਜਦਕਿ ਸਮੁੱਚੀ ਵਿਰੋਧੀ ਧਿਰ ਸਦਨ ਦੇ ਵਿਚਕਾਰ ਨਾਅਰੇਬਾਜ਼ੀ ਕਰਦਿਆਂ ਇਸ 'ਤੇ ਚਰਚਾ ਦੀ ਮੰਗ ਕਰ ਰਹੀ ਸੀ। ਖੇਤੀਬਾੜੀ ਮੰਤਰੀ ਨਰੇਂਦਰ ਤੋਮਰ ਨੇ ਕਾਨੂੰਨ ਰੱਦ ਕਰਨ ਬਾਰੇ ਬਿੱਲ ਪੇਸ਼ ਕਰਦਿਆਂ ਕਿਹਾ ਕਿ ਸੱਤਾ ਧਿਰ ਵੀ ਕਾਨੂੰਨਾਂ ਦੀ ਵਾਪਸੀ ਲਈ ਹੈ ਅਤੇ ਵਿਰੋਧੀ ਧਿਰਾਂ ਵੀ ਕਾਨੂੰਨਾਂ ਦੀ ਵਾਪਸੀ ਲਈ ਤਿਆਰ ਹੈ ਤਾਂ ਇਸ 'ਤੇ ਚਰਚਾ ਦੀ ਲੋੜ ਨਹੀਂ ਹੈ। ਸੰਸਦ ਦੇ ਦੋਹਾਂ ਸਦਨਾਂ ਵਿਚ ਲਗਾਤਾਰ ਹੋ ਰਹੇ ਹੰਗਾਮਿਆਂ ਕਾਰਨ ਸਦਨ ਦੀ ਕਾਰਵਾਈ ਕਈ ਵਾਰ ਮੁਲਤਵੀ ਕਰਨੀ ਪਈ।

ਲੋਕ ਸਭਾ ਵਿਚ 4 ਮਿੰਟ ਵਿਚ ਪਾਸ ਹੋ ਗਿਆ। ਵਿਰੋਧੀ ਧਿਰਾਂ ਨੇ ਇਲਜ਼ਾਮ ਲਾਉਂਦਿਆਂ ਕਿਹਾ ਕਿ ਸਰਕਾਰ ਕਿਸਾਨਾਂ ਦੀ ਅਹਿਮ ਮੰਗ ਐੱਮ.ਐੱਸ.ਪੀ. ਦਾ ਮੁੱਦਾ ਟਾਲਣ






ਕਾਰਨ ਬਹਿਸ ਤੋਂ ਭੱਜ ਰਹੀ ਹੈ। ਸਰਕਾਰ ਦੇ ਇਸ ਰਵੱਈਏ ਦੀ ਨੁਕਤਾਚੀਨੀ ਕਰਦਿਆਂ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਜਸਵੀਰ ਸਿੰਘ ਗਿੱਲ ਡਿੰਪਾ ਨੇ ਕਿਹਾ ਕਿ ਬਿਨਾਂ ਚਰਚਾ ਤੋਂ ਬਿੱਲ ਪਾਸ ਕਰਵਾ ਕੇ ਸਰਕਾਰ ਲੋਕਤੰਤਰਿਕ ਰਵਾਇਤਾਂ ਦਾ ਘਾਣ ਕਰ ਰਹੀ ਹੈ। ਵਿਰੋਧੀ ਧਿਰਾਂ ਵਲੋਂ ਕੀਤੇ ਜਾ ਰਹੇ ਹੰਗਾਮਿਆਂ ਕਾਰਨ ਸਪੀਕਰ ਓਮ ਬਿਰਲਾ ਸਦਨ ਵਿਚਕਾਰ ਆਏ ਅਤੇ ਸੰਸਦ ਮੈਂਬਰਾਂ ਨੂੰ ਸੀਟਾਂ 'ਤੇ ਵਾਪਸ ਜਾਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਮਾਹੌਲ ਵਿਚ ਚਰਚਾ ਨਹੀਂ ਕਰਵਾਈ ਜਾ ਸਕਦੀ। ਲੋਕ ਸਭਾ ਵਿਚ ਕਾਂਗਰਸੀ ਨੇਤਾ ਅਧੀਰ ਰੰਜਨ ਚੌਧਰੀ ਨੇ ਅਤੀਤ ਵਿਚ ਕਾਨੂੰਨ ਵਾਪਸੀ ਦੇ ਅਮਲ ਦਾ ਹਵਾਲਾ ਦਿੰਦਿਆਂ ਕਿਹਾ ਕਿ ਪਹਿਲਾਂ ਵੀ ਚਰਚਾ ਤੋਂ ਬਾਅਦ ਹੀ ਕਾਨੂੰਨਾਂ ਦੀ ਵਾਪਸੀ ਕੀਤੀ ਗਈ ਹੈ ਤਾਂ ਹੁਣ ਸਰਕਾਰ ਚਰਚਾ ਤੋਂ ਕਿਉਂ ਭੱਜ ਰਹੀ ਹੈ?

**ਰਾਜ ਸਭਾ ਵਿਚ ਵੀ ਹੋਇਆ ਹੰਗਾਮਾ**

ਲੋਕ ਸਭਾ ਤੇ ਰਾਜ ਸਭਾ 'ਚ ਵੀ ਬਿੱਲ ਹੰਗਾਮਿਆਂ ਵਿਚ ਹੀ ਪਾਸ ਹੋਇਆ। ਦੁਪਹਿਰ 2 ਵਜੇ ਤੱਕ ਜਦ ਬਿੱਲ ਰਾਜ ਸਭਾ ਵਿਚ ਪੇਸ਼ ਕੀਤਾ ਗਿਆ ਤਾਂ ਖੇਤੀਬਾੜੀ ਮੰਤਰੀ ਤੋਮਰ ਨੇ ਕਿਹਾ ਕਿ ਵਿਰੋਧੀ ਧਿਰਾਂ ਲੰਮੇ ਚਿਰ ਤੋਂ ਇਸ ਦੀ ਮੰਗ ਕਰ ਰਹੀਆਂ ਸਨ ਅਤੇ ਹੁਣ ਸਰਕਾਰ ਵੀ ਇਸ ਲਈ ਤਿਆਰ ਹੈ। ਇਸ ਲਈ ਇਸ 'ਤੇ ਚਰਚਾ ਦੀ ਲੋੜ ਨਹੀਂ ਹੈ। ਖੇਤੀਬਾੜੀ ਮੰਤਰੀ ਨੇ ਇਕ ਵਾਰ ਫਿਰ ਦੁਹਰਾਉਂਦਿਆਂ ਕਿਹਾ ਕਿ ਸਰਕਾਰ ਇਹ ਬਿੱਲ ਕਿਸਾਨਾਂ ਦੀ ਭਲਾਈ ਲਈ ਲਿਆਈ ਸੀ ਪਰ ਕੁਝ ਕਿਸਾਨਾਂ ਨੂੰ ਸਮਝਾਉਣ ਵਿਚ ਨਾਕਾਮ ਰਹੀ। ਉਨਾਂ ਇਸ ਦੇ ਨਾਲ ਹੀ ਕਾਂਗਰਸ ਤੇ ਦੋਹਰਾ ਰੁਖ਼ ਅਪਣਾਉਣ ਦਾ ਇਲਜ਼ਾਮ ਲਾਉਂਦਿਆਂ ਕਿਹਾ ਕਿ ਕਾਂਗਰਸ ਨੇ ਵੀ ਆਪਣੇ ਮਨੋਰਥ ਪੱਤਰ 'ਚ ਇਨਾਂ ਖੇਤੀ ਸੁਧਾਰਾਂ ਦਾ ਜ਼ਿਕਰ ਕੀਤਾ ਸੀ। ਤੋਮਰ ਨੇ ਕਾਨੂੰਨਾਂ ਦੀ ਵਾਪਸੀ ਨੂੰ ਮੋਦੀ ਦਾ ਵੱਡਪਣ ਕਰਾਰ ਦਿੰਦਿਆਂ ਕਿਹਾ ਕਿ ਉਨਾਂ ਜਨਹਿਤ 'ਚ ਵੱਡੇ ਦਿਲ ਦਾ ਦਿਖਾਵਾ ਕਰਦਿਆਂ ਇਹ ਫ਼ੈਸਲਾ ਲਿਆ। ਰਾਜ ਸਭਾ ਦੇ ਡਿਪਟੀ ਚੇਅਰਮੈਨ ਹਰੀਵੰਸ਼ ਨੇ ਮੰਤਰੀ ਦੇ ਬਿਆਨ ਤੋਂ ਬਾਅਦ ਬਿੱਲ ਨੂੰ ਜ਼ੁਬਾਨੀ ਵੋਟਾਂ ਨਾਲ ਪਾਸ ਕਰਵਾ ਦਿੱਤਾ। ਕਾਂਗਰਸੀ ਆਗੂ ਅਧੀਰ ਰੰਜਨ ਚੌਧਰੀ ਨੇ ਸਪੀਕਰ ਨੂੰ ਉਨਾਂ ਕਿਸਾਨਾਂ ਨੂੰ ਵੀ ਸ਼ਰਧਾਂਜਲੀ ਭੇਟ ਕਰਨ ਨੂੰ ਕਿਹਾ, ਜਿਨਾਂ ਦੀ ਕਿਸਾਨ ਅੰਦੋਲਨ ਦੌਰਾਨ ਮੌਤ ਹੋਈ ਹੈ।

ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਮਲਿਕ ਅਰਜੁਨ ਖੜਗੇ ਵਲੋਂ ਸੱਦੀ ਵਿਰੋਧੀ ਧਿਰਾਂ ਦੀ ਮੀਟਿੰਗ ਵਿਚ 11 ਪਾਰਟੀਆਂ ਸ਼ਾਮਿਲ ਹੋਈਆਂ।

**ਸੰਸਦ ਵਿਚ ਸਵਾਲ ਵੀ ਹੋਣ ਅਤੇ ਸ਼ਾਂਤੀ ਵੀ-ਮੋਦੀ**

ਪ੍ਰਧਾਨ ਮੰਤਰੀ ਮੋਦੀ ਨੇ ਇਜਲਾਸ ਦੌਰਾਨ ਬਹਿਸ ਹੋਣ ਦੇ ਨਾਲ-ਨਾਲ ਸਦਨ ਦੀ ਮਰਿਆਦਾ ਬਣਾਏ ਰੱਖਣ ਦੀ ਅਪੀਲ ਕੀਤੀ। ਮੋਦੀ ਨੇ ਕਿਹਾ ਕਿ ਉਨਾਂ ਦੀ ਸਰਕਾਰ ਹਰ ਸਵਾਲ ਦਾ ਜਵਾਬ ਦੇਣ ਨੂੰ ਤਿਆਰ ਹੈ, ਪਰ ਵਿਰੋਧੀ ਧਿਰਾਂ ਨੂੰ ਸਦਨ ਅਤੇ ਸਪੀਕਰ ਦੀ ਮਰਿਆਦਾ ਬਣਾਏ ਰੱਖਣੀ ਚਾਹੀਦੀ ਹੈ।

**ਮੋਦੀ ਸਰਕਾਰ ਦਾ ਰੁਖ਼ ਹੋਇਆ ਨਰਮ**

ਕੇਂਦਰ ਸਰਕਾਰ ਨੇ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਤੇ ਕਿਸਾਨਾਂ ਨਾਲ ਜੁੜੇ ਹੋਰਨਾਂ ਮਸਲਿਆਂ 'ਤੇ ਵਿਚਾਰ ਚਰਚਾ ਲਈ ਕਮੇਟੀ ਗਠਿਤ ਕਰਨ ਖਾਤਰ ਸੰਯੁਕਤ ਕਿਸਾਨ ਮੋਰਚੇ ਤੋਂ ਪੰਜ ਨਾਮ ਮੰਗੇ ਹਨ।

ਬਾਕੀ ਸਫ਼ਾ 29 'ਤੇ

## ਚੰਨੀ ਨੇ ਮੋਦੀ ਨੂੰ ਪੱਤਰ ਲਿਖ ਕੇ ਪੰਜਾਬ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਦੀ ਮੁਕੰਮਲ ਮੁਆਫ਼ੀ ਲਈ ਰੱਖੀ ਤਜਵੀਜ਼

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਦੀ ਮੁਕੰਮਲ ਮੁਆਫ਼ੀ ਲਈ ਤਜਵੀਜ਼ ਰੱਖੀ ਹੈ। ਚੰਨੀ ਨੇ ਪੇਸ਼ਕਸ਼ ਕੀਤੀ ਹੈ ਕਿ ਪੰਜਾਬ ਸਰਕਾਰ ਮੁਕੰਮਲ ਕਰਜ਼ਾ ਮੁਆਫ਼ੀ ਲਈ 'ਕੇਂਦਰ-ਰਾਜ ਹਿੱਸੇਦਾਰੀ' ਤਹਿਤ ਆਪਣਾ ਹਿੱਸਾ ਪਾਉਣ ਲਈ ਤਿਆਰ ਹੈ। ਉਨਾਂ ਅਪੀਲ ਕੀਤੀ ਹੈ ਕਿ ਕੇਂਦਰ ਸਰਕਾਰ ਇਸ ਪਾਸੇ ਕਦਮ ਉਠਾਏ। ਚੇਤੇ ਰਹੇ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਮਗਰੋਂ ਹੁਣ ਕਿਸਾਨ ਧਿਰਾਂ ਵੱਲੋਂ ਆਪਣੇ ਮੂੰਹ ਪੰਜਾਬ ਵੱਲ ਕੀਤੇ ਜਾਣੇ ਹਨ, ਜਿਸ ਦੇ ਡਰੋਂ ਮੁੱਖ ਮੰਤਰੀ ਚੰਨੀ ਭਵਿੱਖੀ ਰਣਨੀਤੀ ਘੜਨ ਲੱਗੇ ਹਨ।

## ਕਿਸਾਨਾਂ ਦੀ ਕਰਜ਼ਾ ਮੁਆ.ਫੀ ਤੋਂ ਮੁੱਕਰੇ ਚੰਨੀ : ਸੁਖਬੀਰ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਕਾਂਗਰਸ ਵੱਲੋਂ ਕੀਤੇ ਗਏ ਕਿਸਾਨਾਂ ਦੀ ਪੂਰਨ ਕਰਜ਼ਾ ਮੁਆਫ਼ੀ ਦੇ ਵਾਅਦੇ ਤੋਂ ਮੁੱਕਰ ਗਏ ਹਨ। ਉਨਾਂ ਆਖਿਆ ਕਿ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਚਿੱਠੀ ਲਿਖ ਕੇ ਮੰਨ ਲਿਆ ਹੈ ਕਿ ਕਾਂਗਰਸ ਸਰਕਾਰ ਦਾ ਪਵਿੱਤਰ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਕਿਸਾਨਾਂ ਦੇ 90 ਹਜ਼ਾਰ ਕਰੋੜ ਰੁਪਏ ਦੇ ਪੂਰਨ ਕਰਜ਼ਾ ਮੁਆਫ਼ੀ ਦੇ ਕੀਤੇ ਵਾਅਦੇ ਨੂੰ ਪੂਰਾ ਕਰਨ ਦਾ ਕੋਈ ਇਰਾਦਾ ਨਹੀਂ ਹੈ। ਉਨਾਂ ਸ੍ਰੀ ਚੰਨੀ 'ਤੇ ਆਪਣੀ ਜ਼ਿੰਮੇਵਾਰੀ ਕੇਂਦਰ ਸਰਕਾਰ 'ਤੇ ਸੁੱਟਣ ਦਾ ਦੋਸ਼ ਲਾਇਆ। ਸੁਖਬੀਰ ਬਾਦਲ ਨੇ ਕਿਹਾ ਕਿ 2017 ਦੀਆਂ ਚੋਣਾਂ ਵੇਲੇ ਤਤਕਾਲੀ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਨੂੰ ਪੂਰਨ ਕਰਜ਼ ਮੁਆਫੀ ਦੇ ਝਾਂਸੇ ਵਿਚ ਫਸਾਇਆ ਸੀ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS Love's Roady's AMBEST

FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE: BAYS. EXPERTISE. SOLUTIONS.

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਗੁਰਦੁਆਰਾ ਬੰਗਲਾ ਸਾਹਿਬ ’ਚ ਇਕ ਘੰਟੇ ਵਿਚ ਤਿਆਰ ਹੁੰਦਾ ਏ 3 ਲੱਖ ਸੰਗਤਾਂ ਲਈ ਲੰਗਰ



**ਨਵੀਂ ਦਿੱਲੀ/ਏ.ਟੀ.ਨਿਊਜ਼ :** ਨਿਸ਼ਕਾਮ ਸੇਵਾ ਲਈ ਦੁਨੀਆ ਭਰ ਵਿਚ ਪ੍ਰਸਿੱਧ ਦਿੱਲੀ ਦਾ ਗੁਰਦੁਆਰਾ ਬੰਗਲਾ ਸਾਹਿਬ ਇਨੀਂ ਦਿਨੀਂ ਲੰਗਰ ਤਿਆਰ ਕਰਨ ਦੇ ਤਰੀਕੇ ਨਾਲ ਸੁਰਖ਼ੀਆਂ ਵਿਚ ਹੈ । ਗੁਰਦੁਆਰਾ ਸਾਹਿਬ ਨੂੰ ਮਿਲ ਰਹੀ ਪ੍ਰਸੰਸਾ ਦੀ ਵਜਾ ਗੁਰਦੁਆਰਾ ਸਾਹਿਬ ਦੀ ਆਧੁਨਿਕ ਰਸੋਈ ਹੈ, ਜਿੱਥੇ 2 ਤੋਂ 3 ਲੱਖ ਲੋਕਾਂ ਲਈ ਲੰਗਰ ਇਕ ਘੰਟੇ ਵਿਚ ਤਿਆਰ ਹੁੰਦਾ ਹੈ, ਜਦਕਿ ਪਹਿਲਾਂ ਇਸ ਲਈ ਤਿੰਨ ਤੋਂ ਚਾਰ ਘੰਟਿਆਂ ਦਾ ਸਮਾਂ ਲੱਗਦਾ ਸੀ। ਗੁਰਦੁਆਰਾ ਬੰਗਲਾ ਸਾਹਿਬ ਦੇ ਲੰਗਰ ਪ੍ਰਬੰਧਕ ਹਰਭੇਜ ਸਿੰਘ ਗਿੱਲ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਰਸੋਈ ਵਿਚ ਲੰਗਰ ਬਣਾਉਣ ਲਈ ਆਧੁਨਿਕ ਮਸ਼ੀਨਾਂ ਲਗਾਈਆਂ ਗਈਆਂ ਹਨ, ਜੋ ਵਿਦੇਸ਼ਾਂ ਤੋਂ ਲਿਆਂਦੀਆਂ ਗਈਆਂ ਹਨ। ਦਾਲ ਅਤੇ ਸਬਜ਼ੀਆਂ ਬਣਾਉਣ ਲਈ ਤਿੰਨ ਆਧੁਨਿਕ ਕੁੱਕਰ ਇੱਥੇ ਲਿਆਂਦੇ ਗਏ ਹਨ । ਇਕ ਕੁੱਕਰ ’ਚ 60 ਕਿਲੋਗ੍ਰਾਮ ਕੱਚੀ ਦਾਲ ਪਾਈ ਜਾਂਦੀ ਹੈ ਅਤੇ 45 ਮਿੰਟ ਵਿਚ 400 ਲੀਟਰ ਦਾਲ ਤਿਆਰ ਹੁੰਦੀ ਹੈ । ਫਰਾਇਰ ਵਿਚ ਸੁੱਕੀ ਸਬਜ਼ੀ ਬਣਾਈ ਜਾਂਦੀ ਹੈ ਅਤੇ ਇਸ ਵਿਚ 45 ਮਿੰਟ ਵਿਚ 300 ਕਿਲੋਗ੍ਰਾਮ ਸਬਜ਼ੀ ਅਤੇ ਖੀਰ ਤਿਆਰ ਹੁੰਦੀ ਹੈ । ਆਟਾ ਗੁੰਨਣ ਵਾਲੀ ਮਸ਼ੀਨ 50 ਕਿੱਲੋਗ੍ਰਾਮ ਆਟਾ 10 ਮਿੰਟ ਵਿਚ ਗੁੰਨਦੀ ਹੈ ਤੇ ਰਸੋਈ ਵਿਚ ਲੱਗੀ ਰੋਟੀਆਂ ਬਣਾਉਣ ਵਾਲੀ ਮਸ਼ੀਨ ਇਕ ਘੰਟੇ ਵਿਚ 4000 ਪ੍ਰਸ਼ਾਦੇ ਤਿਆਰ ਕਰਦੀ ਹੈ । ਹਰਭੇਜ ਸਿੰਘ ਨੇ ਕਿਹਾ ਕਿ ਕੋਰੋਨਾ ਕਾਲ ਵਿਚ ਸੇਵਾਦਾਰਾਂ ਦੀ ਕਮੀ ਹੋਣ ਕਾਰਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਧੁਨਿਕ ਰਸੋਈ ਦੀ ਲੋੜ ਮਹਿਸੂਸ ਕੀਤੀ ਜੋ 31 ਦਸੰਬਰ 2020 ਨੂੰ ਬਣ ਕੇ

# ਕਾਂਗਰਸ ਵਿਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਸ਼ਾਮਲ

## ਮਾਨਸਾ ਤੋਂ ਲੜ ਸਕਦੇ ਚੋਣ




ਚੰਡੀਗੜ: ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਾਂਗਰਸ ਵਿੱਚ ਸ਼ਾਮਲ ਹੋ ਗਿਆ। ਉਸ ਨੇ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਅਤੇ ਮੁੱਖ ਮੰਤਰੀ ਚਰਨਜੀਤ ਚੰਨੀ ਦੀ ਮੌਜੂਦਗੀ ‘ਵਿਚ ਕਾਂਗਰਸ ਵਿੱਚ ਸ਼ਮੂਲੀਅਤ ਕੀਤੀ। ਪਿਛਲੇ ਕੁਝ ਦਿਨਾਂ ਤੋਂ ਚਰਚਾ ਹੈ ਕਿ ਪੰਜਾਬ ਗਾਇਕ ਸਿੱਧੂ ਮੂਸੇਵਾਲ ਮਾਨਸਾ ਤੋਂ ਵਿਧਾਨ ਸਭਾ ਚੋਣ ਲੜ ਸਕਦੇ ਹਨ। ਪਹਿਲਾਂ ਚਰਚਾ ਸੀ ਕਿ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਸਕਦੇ ਹਨ। ਇਹ ਚਰਚਾ ਸਿੱਧੂ ਮੂਸੇਵਾਲਾ ਦੇ ਕਰੀਬੀ ਦੋਸਤ ਸੰਨੀ ਵੱਲੋਂ ਆਪਣੇ ਇੰਸਟਾਗ੍ਰਾਮ ਖਾਤੇ ‘ਤੇ ਸਟੋਰੀ ਪਾਉਣ ਮਗਰੋਂ ਛਿੜੀ ਸੀ। ਇਸ ਵਿੱਚ ਉਸ ਨੇ ਸਿੱਧੂ ਮੂਸੇਵਾਲਾ ਦੇ ਚੋਣ ਮੈਦਾਨ ਵਿੱਚ ਉੱਤਰਨ ਦੀ ਖ਼ਬਰ ‘ਤੇ ਮੋਹਰ ਲਾਈ ਸੀ। ਇਸ ਦੇ ਨਾਲ ਹੀ ਮੂਸੇਵਾਲਾ ਨੇ ਵੀ ਆਪਣੇ ਦੋਸਤ ਦੀ ਇਸ ਸਟੋਰੀ ਨੂੰ ਸ਼ੇਅਰ ਕੀਤਾ ਸੀ ਪਰ ਉਸ ਦੀ ਕਿਸੇ ਨੇ ਵੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਸੀ।ਸੰਨੀ ਨੇ ਆਪਣੀ ਇੰਸਟਾਗ੍ਰਾਮ ਸਟੋਰੀ ਵਿਚ ਲਿਖਿਆ ਸੀ ਕਿ ਇੱਕ ਸੈਲੀਬ੍ਰਿਟੀ ਦੀ ਆਪਣੀ ਜ਼ਿੰਦਗੀ ਤੇ ਆਪਣੇ ਫ਼ੈਸਲੇ ਹੁੰਦੇ ਹਨ। ਸਿੱਧੂ ਮੂਸੇਵਾਲਾ ਦੇ ਵੀ ਕੁਝ ਸੁਫਨੇ ਹਨ ਪਰ ਉਨਾਂ ਦੇ ਪ੍ਰਸ਼ੰਸਕਾਂ ਨੂੰ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਕਿਉਂਕਿ ਰਾਜਨੀਤੀ ਵਿੱਚ ਆ ਕੇ ਉਹ ਗਾਉਣਾ ਨਹੀਂ ਛੱਡਣਗੇ।

ਕਾਬਲੇਗ਼ੌਰ ਹੈ ਕਿ ਸਿੱਧੂ ਮੂਸੇਵਾਲਾ ਆਪਣੇ ਗੀਤਾਂ ਤੇ ਤਲਖ਼ ਸੁਭਾਅ ਨੂੰ ਲੈ ਕੇ ਹਮੇਸ਼ਾ ਵਿਵਾਦਾਂ ਵਿੱਚ ਰਿਹਾ ਹੈ। ਮੂਸੇਵਾਲਾ ‘ਤੇ ਪੰਜਾਬ ਪੁਲੀਸ ਨੇ ਗੰਨ ਕਲਚਰ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਅਸਲਾ ਐਕਟ ਤਹਿਤ ਵੀ ਕਈ ਕੇਸ ਦਰਜ ਕੀਤੇ ਹਨ।

# ਅਮਰੀਕਾ ਦੇ ਇਕ ਹਾਈ ਸਕੂਲ ਵਿਚ ਹੋਈ ਗੋਲੀਬਾਰੀ

## ✪ 3 ਵਿਦਿਆਰਥੀਆਂ ਦੀ ਮੌਤ 8 ਜ਼ਖਮੀ ✪ 15 ਸਾਲਾ ਸ਼ੱਕੀ ਨੂੰ ਹਿਰਾਸਤ ਵਿਚ ਲਿਆ ✪ ਰਾਸ਼ਟਰਪਤੀ ਨੇ ਪ੍ਰਗਟਾਇਆ ਅਫਸੋਸ



*ਪੁਲਿਸ ਅਧਿਕਾਰੀ ਮਾਈਕਲ ਮਕੈਬ ਸਕੂਲ ਵਿਚ ਗੋਲੀ ਚੱਲਣ ਦੀ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਤੇ ਸੱਜੇ ਗੋਲੀਬਾਰੀ ਉਪਰੰਤ ਪ੍ਰੇਸ਼ਾਨ ਨਜਰ ਆ ਰਹੇ ਮਾਪੇ।*

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:**-ਮਿਸ਼ੀਗਨ ਦੇ ਆਕਸਫੋਰਡ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਕਾਰਨ ਤਿੰਨ ਵਿਦਿਆਰਥੀਆਂ ਦੀ ਮੌਤ ਹੋ ਗਈ ਤੇ 8 ਹੋਰ ਜ਼ਖਮੀ ਹੋ ਗਏ। ਮਾਰੇ ਗਏ ਵਿਦਿਆਰਥੀਆਂ ਵਿਚ ਇਕ ਲੜਕਾ ਤੇ ਦੋ ਲੜਕੀਆਂ ਸ਼ਾਮਿਲ ਹਨ ਜਿਨਾਂ ਦੀ ਉਮਰ 14 ਤੋਂ 17 ਸਾਲਾਂ ਦੇ ਦਰਮਿਆਨ ਹੈ। ਇਹ ਜਾਣਕਾਰੀ ਓਕਲੈਂਡ ਕਾਉਂਟੀ ਦੇ ਪੁਲਿਸ ਅਧਿਕਾਰੀ ਮਾਈਕਲ ਮਕੈਬ ਨੇ ਦਿੱਤੀ ਹੈ। ਉਨਾਂ ਕਿਹਾ ਹੈ ਕਿ ਜ਼ਖਮੀਆਂ ਵਿਚੋਂ ਦੋ ਦੀ ਸਰਜਰੀ ਹੋਈ ਹੈ ਤੇ ਬਾਕੀ 6 ਦੀ ਹਾਲਤ ਸਥਿਰ ਹੈ ਜਿਨਾਂ ਦੇ ਸਰੀਰ ਦੇ ਵੱਖ ਵੱਖ ਹਿੱਸਿਆਂ ਵਿੱਚ ਗੋਲੀਆਂ ਵੱਜੀਆਂ ਹਨ। ਗੋਲੀ ਚੱਲਣ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮਿਸ਼ੀਗਨ ਦੇ ਅਟਾਰਨੀ ਜਨਰਲ ਡਾਨਾ ਨੇਸਲ ਨੇ ਮਾਰੇ ਗਏ ਵਿਦਿਆਰਥੀਆਂ ਦੇ ਮਾਪਿਆਂ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਸ ਦੇ ਵਿਭਾਗ ਨੇ ਘਟਨਾ ਦੀ ਜਾਂਚ ਲਈ ਸਥਾਨਕ ਪੁਲਿਸ ਅਧਿਕਾਰੀਆਂ ਨੂੰ ਹਰ ਤਰਾਂ ਦੀ ਸਹਾਇਤਾ ਦੀ ਪੇਸ਼ਕਸ਼ ਕੀਤੀ ਹੈ। ਨੇਸਲ ਨੇ ਕਿਹਾ ਹੈ ਕਿ ਸਕੂਲਾਂ ਵਿਚ ਗੰਨ ਹਿੰਸਾ ਖਤਮ ਕਰਨ ਲਈ ਸਾਨੂੰ ਉਚਿੱਤ ਢੰਗ ਤਰੀਕੇ ਅਪਨਾਉਣੇ ਪੈਣਗੇ।

**ਰਾਸ਼ਟਰਪਤੀ ਵੱਲੋਂ ਦੁੱਖ ਦਾ ਪ੍ਰਗਟਾਵਾ**

ਰਾਸ਼ਟਰਪਤੀ ਜੋਅ ਬਾਈਡਨ ਨੇ ਸਕੂਲ ਵਿਚ ਗੋਲੀਬਾਰੀ ਦੀ ਘਟਨਾ ਵਾਪਰਨ ਉਪਰ ਅਫਸੋਸ ਪ੍ਰਗਟ ਕਰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਹੈ। ਉਨਾਂ ਕਿਹਾ ਹੈ ਕਿ ਮੇਰੇ ਡਕੋਟਾ ਟੈਕਨੀਕਲ ਕਾਲਜ ਦੇ ਦੌਰੇ ਤੋਂ ਬਾਅਦ ਮੈਨੂੰ ਆਕਸਫੋਰਡ ਹਾਈ ਸਕੂਲ ਮਿਸ਼ੀਗਨ ਦੀ ਘਟਨਾ ਬਾਰੇ ਜਾਣਕਾਰੀ ਮਿਲੀ ਹੈ ਜਿਸ ਵਿਚ ਇਕ 15 ਸਾਲਾਂ ਸ਼ੱਕੀ ਵੱਲੋਂ ਗੋਲੀਆਂ ਚਲਾਉਣ ਨਾਲ 3 ਵਿਦਿਆਰਥੀ ਮਾਰੇ ਗਏ ਤੇ 8 ਹੋਰ ਜ਼ਖਮੀ ਹੋਏ ਹਨ। ਇਸ ਘਟਨਾ ਕਾਰਨ ਸਮੁੱਚੇ ਰਾਜ ਵਿਚ ਸ਼ੋਕ ਪਾਇਆ ਜਾ ਰਿਹਾ ਹੈ। ਮੇਰੀ ਪੀੜਤ ਪਰਿਵਾਰਾਂ ਨਾਲ ਦਿਲੋਂ ਹਮਦਰਦੀ ਹੈ ਤੇ ਮੈਂ ਉਨਾਂ ਦੀ ਹਰ ਮੱਦਦ ਦਾ ਭਰੋਸਾ ਦਿੰਦਾ ਹਾਂ।

**15 ਸਾਲਾ ਸ਼ੱਕੀ ਨੂੰ ਹਿਰਾਸਤ ਵਿਚ ਲਿਆ**

ਪੁਲਿਸ ਨੇ 15 ਸਾਲਾ ਸ਼ੱਕੀ ਵਿਦਿਆਰਥੀ ਨੂੰ ਹਿਰਾਸਤ ਵਿਚ ਲਿਆ ਹੈ। ਪੁਲਿਸ ਅਧਿਕਾਰੀ ਮਾਈਕਲ ਮਕੈਬ ਨੇ ਕਿਹਾ ਹੈ ਕਿ ਸ਼ੱਕੀ ਜੋ ਇਸ ਸਮੇਂ ਹਿਰਾਸਤ ਵਿਚ ਹੈ, ਘਟਨਾ ਦੀ ਜਾਂਚ ਵਿੱਚ ਸਹਿਯੋਗ ਨਹੀਂ ਕਰ ਰਿਹਾ। ਉਨਾਂ ਕਿਹਾ ਕਿ ਸ਼ੱਕੀ ਦੋਸ਼ੀ ਨੇ ਗੋਲੀਆਂ ਕਿਉਂ ਚਲਾਈਆਂ ਇਸ, ਬਾਰੇ ਫਿਲਹਾਲ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ।

# ਕਿਸਾਨ ਆਗੂ ਰਾਕੇਸ਼ ਟਿਕੈਤ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ



**ਅੰਮ੍ਰਿਤਸਰ/ਏ.ਟੀ.ਨਿਊਜ਼** : ਕਾਲੇ ਖੇਤੀ ਕਾਨੂੰਨ ਰੱਦ ਕਰਾਉਣ ਦੀ ਮੰਗ ਨੂੰ ਲੈ ਕੇ ਦਿੱਲੀ ਦੇ ਗਾਜ਼ੀਪੁਰ ਬਾਰਡਰ ’ਤੇ ਕਰੀਬ ਇਕ ਸਾਲ ਤੋਂ ਸੰਘਰਸ਼ ਕਰ ਰਹੇ ਭਾਰਤੀ ਕਿਸਾਨ ਯੂਨੀਅਨ ਨਾਲ ਸਬੰਧਤ ਕਿਸਾਨ ਆਗੂ ਰਕੇਸ਼ ਟਿਕੈਤ ਆਪਣੀ ਪੰਜਾਬ ਫੇਰੀ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਦਰਸ਼ਨ ਕਰਨ ਪੁੱਜੇ । ਉਨਾਂ ਸਿਰ ’ਤੇ ਕੇਸਰੀ ਰੰਗ ਦੀ ਦਸਤਾਰ ਵੀ ਸਜਾਈ ਹੋਈ ਸੀ ।ਦਰਸ਼ਨ ਕਰਨ ਉਪਰੰਤ ਟਿਕੈਤ ਨੇ ਗੱਲਬਾਤ ਕਰਦਿਆਂ ਕਿਹਾ ਕਿ ਉਨਾਂ ਨੇ ਕਿਹਾ ਸੀ ਕਿ ਜਦੋਂ ਕਿਸਾਨਾਂ ਦੇ ਕੁਝ ਮਸਲੇ ਹੱਲ ਹੋ ਜਾਣਗੇ ਤਾਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਜਾਣਗੇ। ਹੁਣ ਕਿਸਾਨਾਂ ਦਾ ਅੱਧਾ ਮਸਲਾ ਹੱਲ ਹੋ ਗਿਆ ਹੈ ਤੇ ਜਦੋਂ ਸਾਰੇ ਕਿਸਾਨ ਮਸਲੇ ਹੱਲ ਹੋ ਜਾਣਗੇ ਤਾਂ ਉਹ ਸਮੁੱਚੀ ਕਿਸਾਨ ਜਥੇਬੰਦੀ ਨਾਲ ਮੱਥਾ ਟੇਕਣ ਆਉਣਗੇ।

# ਸਿੱਖਸ ਆਫ ਅਮੈਰਿਕਾ ਨੇ ਮੈਰੀਲੈਂਡ ਸੈਨੇਟਰ ਕਿਰਸ ਵੈਨ ਹੌਲੇਨ ਨਾਲ ਸਿੱਖ ਮੁੱਦਿਆਂ ਤੇ ਕੀਤੀਆਂ ਵਿਚਾਰਾਂ

## ਚੇਅਰਮੈਨ ਜਸਦੀਪ ਸਿੰਘ ਜੱਸੀ ਤੇ ਗੁਰਚਰਨ ਸਿੰਘ ਵਰਲਡ ਬੈਂਕ ਨੇ ਸਿੱਖ ਭਾਈਚਾਰੇ ਦੇ ਮੁੱਦੇ ਕੀਤੇ ਸਾਂਝੇ



**ਅੰਮ੍ਰਿਤਸਰ ਟਾਈਮਜ਼/ਮੈਰੀਲੈਂਡ, (ਰਾਜ ਗੋਗਨਾ ):**ਸਿੱਖਸ ਆਫ ਅਮੈਰਿਕਾ ਵੱਲੋਂ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ‘ਚ ਅਮਰੀਕਾ ਦੇ ਸੂਬੇ ਮੈਰੀਲੈਂਡ ਦੇ ਸੈਨੇਟਰ ਕ੍ਰਿਸ ਵੈਨ ਹੌਲੇਨ ਨਾਲ ਸਿੱਖ ਮੁੱਦਿਆਂ ਤੇ ਵਿਚਾਰਾਂ ਲਈ ਰੌਇਲ ਤਾਜ ਰੈਸਟੋਰੈਂਟ ਕੋਲੰਬੀਆ ‘ਚ ਅਹਿਮ ਮੁਲਾਕਾਤ ਕੀਤੀ ਇਸ ਮੁਲਾਕਾਤ ‘ਚ ਜਸਦੀਪ ਸਿੰਘ ਜੱਸੀ ਤੋਂ ਇਲਾਵਾ ਗੁਰਚਰਨ ਸਿੰਘ ਪ੍ਰਧਾਨ ਵਰਲਡ ਯੂਨਾਈਟਡ ਗੁਰ ਨਾਨਕ ਫਾਉਂਡੇਸ਼ਨ ਮੈਰੀਲੈਂਡ ਦੇ ਉੱਘੇ ਕਾਰੋਬਾਰੀ ਡਾਕਟਰ ਤੇ ਸਮਾਜ ਸੇਵਿਕਾ ਨੇ ਵੀ ਭਾਗ ਲਿਆ ਸ੍ਰ ਜਸਦੀਪ ਸਿੰਘ ਜੱਸੀ ਸ੍ਰ ਗੁਰਚਰਨ ਸਿੰਘ ਵਰਲਡ ਬੈਂਕ ਸਮੇਤ ਭਾਈਚਾਰੇ ਦੇ ਹਾਜ਼ਰ ਨੁਮਾਇੰਦਿਆਂ ਨੇ ਸੈਨੇਟਰ ਕਿਰਸ ਵੈਨ ਹੌਲੇਨ ਅੱਗੇ ਮੰਗਾਂ ਰੱਖਦਿਆਂ ਕਿਹਾ ਕਿ ਏਅਰਪੋਰਟਾਂ ਦੇ ਉੱਤੇ ਤਾਇਨਾਤ ਟੀ.ਐਸ.ਏ ਮੁਲਾਜ਼ਮਾਂ ਨੂੰ ਸਿੱਖ ਮਰਿਆਦਾ ਸਬੰਧੀ ਜਾਗਰੂਕ ਕੀਤਾ ਜਾਵੇ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਇਸ ਵਿਭਾਗ ਵਿਚ ਸਿੱਖ ਅਫਸਰਾਂ ਨੂੰ ਨਿਯੁਕਤ ਕੀਤਾ ਜਾਵੇ ਤਾਂ ਜੋ ਏਅਰਪੋਰਟਾਂ ‘ਤੇ ਪੱਗੜੀਧਾਰੀ ਸਿੱਖਾਂ ਨੂੰ ਕੋਈ ਸਮੱਸਿਆ ਨਾ ਆਵੇ ਸਕੂਲਾਂ ਵਿੱਚ ਐਲੀਮੈਂਟਰੀ ਸਕੂਲੀ ਸਿੱਖਿਆ ਦੇ ਸਿਲੇਬਸ ਵਿਚ ਵੀ ਸਿੱਖ ਇਤਿਹਾਸ ਨੂੰ ਸ਼ਾਮਲ ਕੀਤਾ ਜਾਵੇ ਅਮੈਰਿਕਨ ਅੰਬੈਸੀ ਦਾ ਕੌਂਸਲ ਸੈਕਸ਼ਨ ਜੋ ਦਿੱਲੀ ਤੋਂ ਬਦਲ ਕੇ ਮੁੰਬੰਈ ਕਰ ਦਿੱਤਾ ਗਿਆ ਹੈ । ਦੁਬਾਰਾ ਦਿੱਲੀ ਲਿਆਂਦਾ ਜਾਵੇ ਤੇ ਇਕ ਨਵੀਂ ਅੰਬੈਸੀ ਬੰਗਲੌਰ ਵਿਚ ਵੀ ਬਣਾਈ ਜਾਵੇ ਸਿੱਖ ਨੁਮਾਇੰਦਿਆਂ ਵੱਲੋਂ ਇਹ ਵੀ ਬੇਨਤੀ ਕੀਤੀ ਗਈ ਕਿ ਰਾਸ਼ਟਰਪਤੀ ਜੋਅ ਬਾਇਡੇਨ ਪ੍ਰਸ਼ਾਸਨ ਵਿੱਚ ਸਿੱਖਾਂ ਨੂੰ ਵੀ ਨੁਮਾਇੰਦਗੀ ਦਿੱਤੀ ਜਾਵੇ ਅਤੇ ਜਦੋ ਵੀ ਰਾਸ਼ਟਰਪਤੀ ਜੋਅ ਬਾਇਡੇਨ ਭਾਰਤ ਦੌਰੇ ਤੇ ਜਾਣ ਤਾਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਰੂਰ ਜਾਣ ਸੈਨੇਟਰ ਕਿਰਸ ਵੈਨ ਹੌਲੇਨ ਨੇ ਸਾਰੀਆਂ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਕਿਹਾ ਕਿ ਉਹ ਇਹ ਮੰਗਾਂ ਸੈਨੇਟ ਵਿਚ ਪਹੁੰਚਾਉਣਗੇ ਅਤੇ ਹੱਲ ਕਰਵਾਉਣ ਦਾ ਹਰ ਸੰਭਵ ਯਤਨ ਕਰਨਗੇ ਇਸ ਮੌਕੇ ਸ੍ਰ ਗੁਰਚਰਨ ਸਿੰਘ ਵਰਲਡ ਬੈਂਕ ਵੱਲੋਂ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਹਾਜ਼ਰ ਭਾਈਚਾਰੇ ਵੱਲੋਂ ਸੈਨੇਟਰ ਕ੍ਰਿਸ ਵੈਨ ਹੌਲੇਨ ਨੂੰ ਸ੍ਰੀ ਸਾਹਿਬ ਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ ।

# ਚੀਫ਼ ਖ਼ਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚੱਢਾ ਚਲ ਵਸੇ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਚੀਫ਼ ਖ਼ਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦਾ ਬੀਤੇ ਦਿਨੀ ਸਵੇਰੇ ਦੇਹਾਂਤ ਹੋ ਗਿਆ। ਉਹ ਤਕਰੀਬਨ ੧੪ ਸਾਲ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਰਹੇ। ਚਰਨਜੀਤ ਸਿੰਘ ਚੱਢਾ ਦੀ ਉਮਰ ਤਕਰੀਬਨ ੯੦ ਸਾਲ ਸੀ ਅਤੇ ਕੁਝ ਦਿਨਾਂ ਤੋਂ ਉਹ ਬਿਮਾਰ ਚਲੇ ਆ ਰਹੇ ਸਨ

# ਕੋਰੋਨਾ ਵਾਇਰਸ ਦੇ ਨਵੇਂ ਰੂਪ 'ਓਮੀਕਰੋਨ' ਕਾਰਨ ਵਧ ਸਕਦੀਆਂ ਹਨ ਮੁਸ਼ਕਿਲਾਂ : ਸਿਹਤ ਮਾਹਿਰ

## ਅਮਰੀਕਾ ਵਿਚ ਅਜੇ ਕੋਈ ਮਾਮਲਾ ਸਾਹਮਣੇ ਨਹੀਂ ਆਇਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਸਿਹਤ ਮਾਹਿਰਾਂ ਨੇ ਕਿਹਾ ਹੈ ਕਿ ਜੇਕਰ ਰਹਿੰਦੇ ਲੋਕਾਂ ਨੇ ਕੋਵਿਡ-19 ਵੈਕਸੀਨ ਨਾ ਲਵਾਈ ਜਾਂ ਬੂਸਟਰ ਖੁਰਾਕ ਨਹੀਂ ਲਈ ਜਾਂਦੀ ਤਾਂ ਕੋਰੋਨਾ ਵਾਇਰਸ ਦੇ ਨਵੇਂ ਰੂਪ 'ਓਮੀਕਰੋਨ' ਕਾਰਨ ਮੁਸ਼ਕਿਲਾਂ ਵਧ ਸਕਦੀਆਂ ਹਨ ਤੇ ਸਖਤ ਕੋਵਿਡ-19 ਬੰਦਸ਼ਾਂ ਮੁੜ ਲਾਗੂ ਕਰਨੀਆਂ ਪੈ ਸਕਦੀਆਂ ਹਨ। ਨਵਾਂ 'ਓਮੀਕਰੋਨ' ਕੋਰੋਨਾਵਾਇਰਸ ਜਿਸ ਨੂੰ ਬੀ.1.1.529 ਦਾ ਨਾਂ ਵੀ ਦਿੱਤਾ ਗਿਆ ਹੈ, ਕਾਰਨ ਕੌਮਾਂਤਰੀ ਯਾਤਰਾ ਪਾਬੰਦੀਆਂ ਪਹਿਲਾਂ ਹੀ ਲੱਗਣੀਆਂ ਸ਼ੁਰੂ ਹੋ ਗਈਆਂ ਹਨ। ਵਿਸ਼ਵ ਸਿਹਤ ਸੰਗਠਨ ਆਪਣੇ ਪੱਧਰ 'ਤੇ ਇਸ ਵਾਇਰਸ ਨੂੰ ਚਿੰਤਾ ਦਾ ਕਾਰਨ ਐਲਾਨ ਚੁੱਕਾ ਹੈ। 'ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ' ਨੇ ਕਿਹਾ ਹੈ ਕਿ ਅਮਰੀਕਾ ਵਿਚ ਅਜੇ ਤੱਕ 'ਓਮੀਕਰੋਨ' ਵਾਇਰਸ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ ਪ੍ਰੰਤੂ ਚੌਕਸੀ ਵਰਤਣ ਦੀ ਲੋੜ ਹੈ। 'ਨੈਸ਼ਨਲ ਇੰਸਟੀਚਿਊਟਸ ਆਫ ਹੈਲਥ' ਦੇ ਮੁਖੀ ਡਾਕਟਰ ਫਰਾਂਸਿਸ ਕੋਲਿਨਜ ਨੇ ਕਿਹਾ ਹੈ ਕਿ ਅਮਰੀਕਾ ਵਿਚ ਨਵੇਂ ਵਾਇਰਸ ਦੇ ਮਾਮਲੇ ਸਾਹਮਣੇ ਆਉਣ ਦੀ ਸੰਭਾਵਨਾ ਹੈ। ਉਨਾਂ ਕਿਹਾ ਹੈ 'ਯੂਰਪ ਵਿਚ ਓਮੀਕਰੋਨ ਫੈਲ ਰਿਹਾ ਹੈ। ਜਿਸ ਨੂੰ ਰੋਕਣ ਲਈ ਸਾਡੇ ਕੋਲ ਪਹਿਲਾਂ ਮੌਜੂਦ ਸਾਧਨਾਂ ਤੇ ਢੰਗ ਤਰੀਕਿਆਂ ਨੂੰ ਵਰਤਣ ਦੀਆਂ ਕੋਸ਼ਿਸ਼ਾਂ ਦੁੱਗਣੀਆਂ ਕਰਨੀਆਂ ਹੋਣਗੀਆਂ। ਵੈਕਸੀਨ ਲਵਾਉਣ ਤੇ ਬੂਸਟਰ ਖੁਰਾਕ ਲੈਣ ਦੀ ਲੋੜ ਹੈ। ਪਹਿਲਾਂ ਵਾਂਗ ਹੀ ਕਮਰੇ ਵਿਚ ਮੌਜੂਦ ਉਨਾਂ ਲੋਕਾਂ ਦੀ ਹਾਜਰੀ ਵਿਚ ਮਾਸਕ ਪਾਉਣ ਦੀ ਲੋੜ ਹੈ ਜਿਨਾਂ ਨੇ ਵੈਕਸੀਨ ਨਹੀਂ ਲਵਾਈ ਤੇ ਸਮਾਜਿਕ ਦੂਰੀ ਬਣਾ ਕੇ ਰੱਖਣ ਦੀ ਜਰੂਰਤ ਹੈ।' ਡਾਕਟਰ ਕੋਲਿਨਜ ਨੇ ਕਿਹਾ ਹੈ 'ਤੁਸੀਂ ਇਹ ਗੱਲ ਸੁਣ ਸੁਣ ਕੇ ਅੱਕ ਚੁੱਕੇ ਹੋਵੇਗੇ ਪ੍ਰੰਤੂ ਵਾਇਰਸ ਅਜੇ ਨਾ ਥੱਕਿਆ ਹੈ ਤੇ ਨਾ ਟੁੱਟਿਆ ਹੈ। ਇਹ ਨਵੇਂ ਰੂਪ ਵਿਚ ਸਾਹਮਣੇ ਆ ਰਿਹਾ ਹੈ।' ਉਨਾਂ ਹੋਰ ਕਿਹਾ ਹੈ ਕਿ ਇਹ ਕਹਿਣਾ ਅਜੇ ਜਲਦਬਾਜੀ ਹੋਵੇਗੀ ਕਿ ਓਮੀਕਰੋਨ ਵਾਇਰਸ ਬਹੁਤ ਗੰਭੀਰ ਬਿਮਾਰੀ ਦਾ ਕਾਰਨ ਬਣ ਸਕਦਾ ਹੈ। ਬਰਾਊਨ ਯੂਨੀਵਰਸਿਟੀ ਸਕੂਲ ਆਫ ਪਬਲਿਕ ਹੈਲਥ ਦੇ ਡੀਨ ਆਸ਼ੀਸ਼ ਝਾਅ ਅਨੁਸਾਰ ਪਿਛਲੇ 5-6 ਮਹੀਨਿਆਂ ਦੌਰਾਨ ਅਸੀਂ ਕੋਰੋਨਾਵਾਇਰਸ ਦੇ ਕਈ ਰੂਪ ਵੇਖੇ ਹਨ ਜਿਨਾਂ ਵਿਚੋਂ ਜਿਆਦਾਤਰ ਨੂੰ ਗੰਭੀਰ ਨਹੀਂ ਸਮਝਿਆ ਗਿਆ ਪ੍ਰੰਤੂ ਓਮੀਕਰੋਨ ਵਾਇਰਸ ਵੱਖਰੀ ਤਰਾਂ ਦਾ ਨਜ਼ਰ ਆ ਰਿਹਾ ਹੈ।

## ਨਵਾਂ ਕੋਵਿਡ ਵੇਰੀਐਂਟ ਓਮੀਕਰੋਨ ਡੈਲਟਾ ਨਾਲੋਂ ਜ਼ਿਆਦਾ ਖਤਰਨਾਕ

**ਹਾਂਗਕਾਂਗ/ਏ.ਟੀ.ਨਿਊਜ਼ :** ਓਮੀਕਰੋਨ ਦੀ ਤਸਵੀਰ ਮੁੱਖ ਤੌਰ 'ਤੇ 'ਬੋਤਸਵਾਨਾ, ਦੱਖਣੀ ਅਫ਼ਰੀਕਾ ਅਤੇ ਹਾਂਗਕਾਂਗ ਤੋਂ ਵਿਗਿਆਨਕ ਭਾਈਚਾਰੇ ਨੂੰ ਉਪਲਬਧ ਕਰਵਾਏ ਗਏ ਇਸ ਨਵੇਂ ਵੇਰੀਐਂਟ ਦੇ ਕ੍ਰਮ ਦੇ ਅਧਿਐਨ ਤੋਂ ਤਿਆਰ ਕੀਤਾ ਗਿਆ ਸੀ।ਰੋਮ ਦੇ ਵੱਕਾਰੀ ਬੈਂਬਿਨੋ ਗੇਸੂ ਹਸਪਤਾਲ ਦੁਆਰਾ ਤਿਆਰ ਅਤੇ ਪ੍ਰਕਾਸ਼ਤ ਦੱਖਣੀ ਅਫ਼ਰੀਕਾ ਵਿਚ ਸ਼ੁਰੂ ਵਿਚ ਖੋਜੇ ਗਏ ਇਸ ਨਵੇਂ ਰੂਪ ਦੇ ਪਹਿਲੇ ਚਿੱਤਰ ਦੇ ਅਨੁਸਾਰ ਨਵੇਂ ਕੋਵਿਡ ਵੇਰੀਐਂਟ ਓਮੀਕਰੋਨ ਵਿਚ ਡੈਲਟਾ ਵੇਰੀਐਂਟ ਨਾਲੋਂ ਬਹੁਤ ਜ਼ਿਆਦਾ ਪਰਿਵਰਤਨ ਹਨ। ਖੋਜਕਰਤਾਵਾਂ ਦੀ ਟੀਮ ਨੇ ਐਤਵਾਰ ਨੂੰ ਇਕ ਬਿਆਨ ਵਿੱਚ ਕਿਹਾ, 'ਤਿੰਨ-ਅਯਾਮੀ ਚਿੱਤਰਾਂ 'ਤੇ ਜੋ ਕਿ ਇਕ ਨਕਸ਼ੇ ਦੀ ਤਰਾਂ ਦਿਖਾਈ ਦਿੰਦਾ ਹੈ, 'ਅਸੀਂ ਸਪੱਸ਼ਟ ਤੌਰ 'ਤੇ ਦੇਖ ਸਕਦੇ ਹਾਂ ਕਿ ਓਮੀਕਰੋਨ ਵੇਰੀਐਂਟ ਡੈਲਟਾ ਵੇਰੀਐਂਟ ਨਾਲੋਂ ਬਹੁਤ ਜ਼ਿਆਦਾ ਪਰਿਵਰਤਨ ਪੇਸ਼ ਕਰਦਾ ਹੈ, ਜੋ ਕਿ ਪ੍ਰੋਟੀਨ ਦੇ ਇਕ ਖੇਤਰ ਵਿਚ ਸਭ ਤੋਂ ਵੱਧ ਕੇਂਦਰਤ ਹੈ ਜੋ ਮਨੁੱਖੀ ਸੈੱਲਾਂ ਨਾਲ ਇੰਟਰੈਕਟ ਕਰਦਾ ਹੈ।' ਖੋਜਕਰਤਾਵਾਂ ਨੇ ਕਿਹਾ, ਇਸਦਾ ਇਹ ਮਤਲਬ ਨਹੀਂ ਹੈ ਕਿ ਇਹ ਭਿੰਨਤਾਵਾਂ ਵਧੇਰੇ ਖ਼ਤਰਨਾਕ ਹਨ, ਬਸ ਇਹ ਹੈ ਕਿ ਵਾਇਰਸ ਨੇ ਇਕ ਹੋਰ ਰੂਪ ਪੈਦਾ ਕਰਕੇ ਮਨੁੱਖੀ ਪ੍ਰਜਾਤੀਆਂ ਲਈ ਹੋਰ ਅਨੁਕੂਲ ਬਣਾਇਆ ਹੈ। 'ਹੋਰ ਅਧਿਐਨ ਸਾਨੂੰ ਦੱਸੇਗਾ ਕਿ ਕੀ ਇਹ ਅਨੁਕੂਲਤਾ ਨਿਰਪੱਖ ਹੈ, ਘੱਟ ਖ਼ਤਰਨਾਕ ਜਾਂ ਜ਼ਿਆਦਾ ਖ਼ਤਰਨਾਕ ਹੈ।'
ਖੋਜ ਟੀਮ ਨੇ 'ਸਪਾਈਕ ਪ੍ਰੋਟੀਨ ਦੇ ਤਿੰਨ-ਅਯਾਮੀ ਢਾਂਚੇ' ਵਿਚ ਪਰਿਵਰਤਨ ਦੀ ਖੋਜ 'ਤੇ ਧਿਆਨ ਕੇਂਦਰਤ ਕੀਤਾ, ਕਲਾਉਡੀਆ ਅਲਟੇਰੀ, ਮਿਲਾਨ ਸਟੇਟ ਯੂਨੀਵਰਸਿਟੀ ਵਿਚ ਕਲੀਨਿਕਲ ਮਾਈਕ੍ਰੋਬਾਇਓਲੋਜੀ ਦੀ ਪ੍ਰੋਫੈਸਰ ਅਤੇ ਬੈਂਬਿਨੋ ਗੇਸੂ ਦੀ ਖੋਜਕਰਤਾ ਨੇ ਦੱਸਿਆ।

## ਨਵੰਬਰ ਵਿਚ ਭਾਰਤ ਦਾ ਕਾਰੋਬਾਰੀ ਘਾਟਾ ਕਰੀਬ ਦੁੱਗਣਾ ਹੋ ਕੇ ੨੩.੨੭ ਅਰਬ ਡਾਲਰ ਹੋ ਗਿਆ ਹੈ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਭਾਰਤ ਦੀ ਬਰਾਮਦ ਦੀ ਵਾਧਾ ਦਰ ਨਵੰਬਰ ਵਿਚ ਡਿੱਗ ਕੇ ੨੬.੪੯ ਫੀਸਦੀ ਉੱਤੇ ਆ ਗਈ ਹੈ। ਇਸ ਮਿਆਦ ਵਿਚ ਭਾਰਤ ਦੀ ਦਰਾਮਦ ਵਧ ਕੇ ੫੭.੧੮ ਫੀਸਦੀ ਹੋ ਗਿਆ ਹੈ। ਇਸ ਵਜਾ ਨਾਲ ਕਾਰੋਬਾਰੀ ਘਾਟਾ ਕਾਫੀ ਵੱਧ ਗਿਆ ਹੈ। ਜੇਕਰ ਭਾਰਤ ਦੀ ਬਰਾਮਦ ਦੀ ਤੁਲਣਾ ਵਿਚ ਦਰਾਮਦ ਦੀ ਗੱਲ ਕਰੀਏ ਤਾਂ ਇਹ ਦੁੱਗਣੇ ਤੋਂ ਵੀ ਜ਼ਿਆਦਾ ਰਹੀ ਹੈ।ਨਵੰਬਰ ਵਿਚ ਭਾਰਤ ਦੇ ਗੁਡਸ ਐਕਸਪੋਰਟ ਦੇ ਅੰਕੜੇ ੨੯.੮੮ ਅਰਬ ਡਾਲਰ ਉੱਤੇ ਰਹੇ ਹਨ। ਭਾਰਤ ਦੀ ਬਰਾਮਦ ਵਿਚ ਜੇਮਸ ਐਂਡ ਜਿਊਲਰੀ ਅਤੇ ਫਾਰਮਾ ਸੈਕਟਰ ਦੀ ਹਿੱਸੇਦਾਰੀ ਘੱਟ ਰਹੀ ਹੈ। ਇੰਜੀਨੀਅਰਿੰਗ, ਪੈਟਰੋਲੀਅਮ, ਰਸਾਇਣ ਅਤੇ ਸਮੁੰਦਰੀ ਉਤਪਾਦਾਂ ਵਰਗੇ ਖੇਤਰ ਵਿਚ ਚੰਗੇ ਵਾਧੇ ਨਾਲ ਬਰਾਮਦ ਵਧੀ ਹੈ। ਨਵੰਬਰ ੨੦੨੧ ਵਿਚ ਭਾਰਤ ਦੀ ਦਰਾਮਦ ਵਿਚ ੫੭.੧੮ ਫੀਸਦੀ ਦੀ ਤੇਜ਼ੀ ਦਰਜ ਕੀਤੀ ਗਈ ਹੈ। ਭਾਰਤ ਦੀ ਦਰਾਮਦ ਨਵੰਬਰ ੨੦੨੧ ਵਿਚ ੫੩.੧੫ ਅਰਬ ਡਾਲਰ ਉੱਤੇ ਪਹੁੰਚ ਗਈ ਹੈ। ਭਾਰਤ ਸਰਕਾਰ ਦੇ ਵਣਜ ਮੰਤਰਾਲਾ ਦੇ ਅੰਕੜਿਆਂ ਤੋਂ ਇਹ ਜਾਣਕਾਰੀ ਮਿਲੀ ਹੈ। ਨਵੰਬਰ ਵਿਚ ਭਾਰਤ ਦਾ ਕਾਰੋਬਾਰੀ ਘਾਟਾ ਕਰੀਬ ਦੁੱਗਣਾ ਹੋ ਕੇ ੨੩.੨੭ ਅਰਬ ਡਾਲਰ ਹੋ ਗਿਆ ਹੈ।

## ਭਾਰਤੀ ਮੂਲ ਦੇ ਅਮਰੀਕੀ ਕਾਰੋਬਾਰੀ ਨੂੰ ਵੀਜ਼ਾ ਘੁਟਾਲੇ ਵਿਚ 15 ਮਹੀਨਿਆਂ ਦੀ ਸਜ਼ਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਸਨੀਵੇਲ (ਕੈਲੀਫੋਰਨੀਆ) ਵਾਸੀ ਭਾਰਤੀ ਮੂਲ ਦੇ ਇਕ ਅਮਰੀਕੀ ਕਾਰੋਬਾਰੀ ਕਿਸ਼ੋਰ ਕੁਮਾਰ ਕਾਵੂਰੂ ਨੂੰ ਇਕ ਸੰਘੀ ਅਦਾਲਤ ਨੇ ਵੀਜ਼ਾ ਘੁਟਾਲੇ ਦੇ ਮਾਮਲੇ ਵਿਚ 15 ਮਹੀਨਿਆਂ ਦੀ ਸਜ਼ਾ ਸੁਣਾਈ ਹੈ। ਇਹ ਜਾਣਕਾਰੀ ਕਾਰਜਕਾਰੀ ਅਟਾਰਨੀ ਸਟੈਫਾਈਨ ਐਮ ਹਿੰਡਸ ਨੇ ਦਿੰਦਿਆਂ ਕਿਹਾ ਹੈ ਕਿ ਕਾਵੂਰੂ ਨੇ ਵਿਦੇਸ਼ੀ ਵਰਕਰ ਵੀਜ਼ੇ ਹਾਸਲ ਕਰਨ ਲਈ ਗਲਤ ਜਾਣਕਾਰੀ ਦੇ ਕੇ ਲੱਖਾਂ ਡਾਲਰ ਕਮਾਏ। ਨਿਆਂ ਵਿਭਾਗ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ 49 ਸਾਲਾ ਕਾਵੂਰੂ ਨੂੰ ਸਜ਼ਾ ਯੂ ਐਸ ਡਿਸਟ੍ਰਿਕਟ ਜੱਜ ਐਡਵਰਡ ਜੇ ਡਾਵਿਲਾ ਨੇ ਸੁਣਾਈ। ਕਾਵੂਰੂ ਨੇ ਦਾਅਵਾ ਕੀਤਾ ਸੀ ਕਿ ਉਹ 4 ਕੰਪਨੀਆਂ ਦਾ ਮਾਲਕ ਤੇ ਸੀ ਈ ਓ ਹੈ। ਉਸ ਦੀਆਂ ਕੰਪਨੀਆਂ ਵਿਦੇਸ਼ੀ ਹੁਨਰਮੰਦ ਵਰਕਰਾਂ ਲਈ ਐਚ-1ਬੀ ਵੀਜ਼ਾ ਹਾਸਲ ਕਰਨ ਵਿਚ ਮਾਹਿਰ ਹਨ ਤੇ ਇਨਾਂ ਵਰਕਰਾਂ ਨੂੰ ਅਮਰੀਕਾ ਦੀਆਂ




ਤਕਨੀਕੀ ਫਰਮਾਂ ਵਿਚ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ। ਕਾਵੂਰੂ ਨੇ ਮੰਨਿਆਂ ਕਿ ਉਸ ਨੇ 2009 ਤੋਂ 2017 ਤੱਕ ਗਲਤ ਤੇ ਝੂਠੀ ਜਾਣਕਾਰੀ ਦੇ ਆਧਾਰ 'ਤੇ ਸਰਕਾਰੀ ਏਜੰਸੀਆਂ ਤੋਂ ਐਚ - 1 ਬੀ ਵੀਜ਼ਾ ਲੈਣ ਦੀ ਸਕੀਮ ਉਪਰ ਕੰਮ ਕੀਤਾ। ਕਾਵੂਰੂ ਨੇ ਮੰਨਿਆ ਕਿ ਉਸ ਨੇ ਐਚ-1 ਬੀ ਵੀਜ਼ਾ ਦਰਖਾਸਤਾਂ ਦਾਇਰ ਕਰਨ ਦੇ ਬਦਲੇ ਵਿਦੇਸ਼ੀ ਹੁਨਰਮੰਦ ਵਰਕਰਾਂ ਕੋਲੋਂ ਹਜਾਰਾਂ ਡਾਲਰ ਲਏ ਜੋ ਕਿ ਅਮਰੀਕਾ ਦੇ ਕਿਰਤ ਨਿਯਮਾਂ ਦੀ ਉਲੰਘਣਾ ਹੈ। ਉਸ ਨੇ ਗਲਤ ਢੰਗ ਤਰੀਕੇ ਨਾਲ 15 ਲੱਖ ਡਾਲਰ ਤੋਂ ਵਧ ਕਮਾਏ। ਜੱਜ ਨੇ ਉਸ ਨੂੰ 5,33,350.03 ਡਾਲਰਾਂ ਦਾ ਜੁਰਮਾਨਾ ਵੀ ਲਾਇਆ ਹੈ। ਇਸ ਤੋਂ ਇਲਾਵਾ ਸਜ਼ਾ ਭੁਗਤਣ ਉਪਰੰਤ ਉਸ ਉਪਰ 3 ਸਾਲ ਨਜਰ ਰਖੀ ਜਾਵੇਗੀ। ਕਾਵੂਰੂ ਸਜ਼ਾ ਭੁਗਤਣ ਲਈ 10 ਫਰਵਰੀ, 2022 ਨੂੰ ਆਤਮ ਸਮਰਪਣ ਕਰੇਗਾ।

## ਵਿਦੇਸ਼ ਤੋਂ ਚੰਡੀਗੜ ਆਉਣ ਵਾਲੇ ਹਰ ਸ਼ਖਸ ਦਾ ਹੋਵੇਗਾ ਕੋਵਿਡ ਟੈਸਟ

### 7 ਦਿਨ ਸ਼ਹਿਰ ਵਿਚ ਰਹਿਣਾ ਪਵੇਗਾ ਕੁਆਰੰਟਾਈਨ



**ਚੰਡੀਗੜ/ਏ.ਟੀ.ਨਿਊਜ਼ :** ਹੁਣ ਵਿਦੇਸ਼ ਤੋਂ ਆਉਣ ਵਾਲੇ ਹਰ ਵਿਅਕਤੀ ਦਾ ਕੋਵਿਡ ਟੈਸਟ ਹੋਵੇਗਾ। ਖਾਸ ਤੌਰ 'ਤੇ ਦੇਸ਼ ਵਿਚ ਜਿੱਥੇ ਕੋਰੋਨਾ ਦੇ ਨਵੇਂ ਰੂਪ ਨੇ ਹਾਈ ਰਿਸਕ ਏਰੀਏ ਵਿਚ ਦਸਤਕ ਦਿੱਤੀ ਹੈ, ਉਥੋਂ ਚੰਡੀਗੜ ਆਉਣ ਵਾਲੇ ਹਰ ਵਿਅਕਤੀ ਨੂੰ ਆਰਟੀ-ਪੀਸੀਆਰ ਟੈਸਟ ਕਰਵਾਉਣਾ ਪਵੇਗਾ। ਜ਼ਿਆਦਾ ਖ਼ਤਰੇ ਵਾਲੇ ਵਾਲੇ ਦੇਸ਼ਾਂ ਵਿਚ ਦੱਖਣੀ ਅਫਰੀਕਾ, ਬ੍ਰਾਜ਼ੀਲ, ਬੰਗਲਾਦੇਸ਼, ਬੋਤਸਵਾਨਾ, ਚੀਨ, ਮਾਰੀਸ਼ਸ, ਨਿਊਜ਼ੀਲੈਂਡ ਤੇ ਜ਼ਿੰਬਾਬਵੇ ਸ਼ਾਮਲ ਹਨ। ਇਨਾਂ ਦੇਸ਼ਾਂ ਤੋਂ ਆਉਣ ਵਾਲੇ ਵਿਅਕਤੀ ਨੂੰ ਏਅਰਪੋਰਟ 'ਤੇ ਹੀ ਆਰਟੀ-ਪੀਸੀਆਰ ਟੈਸਟ ਕਰਵਾਉਣਾ ਹੋਵੇਗਾ। ਇਸ ਤੋਂ ਬਾਅਦ ਸੱਤ ਦਿਨਾਂ ਦਾ ਕੁਆਰੰਟਾਈਨ ਪੀਰੀਅਡ ਪੂਰਾ ਕਰਨਾ ਹੋਵੇਗਾ। ਚੰਡੀਗੜ ਪ੍ਰਸ਼ਾਸਨ ਵੱਲੋਂ ਇਸ ਦੀ ਜ਼ਿੰਮੇਵਾਰੀ ਚੰਡੀਗੜ ਪੁਲਿਸ ਵਿਭਾਗ ਨੂੰ ਦਿੱਤੀ ਗਈ ਹੈ।

## ਕੰਗਣਾ ਨੂੰ ਧਮਕੀ ਦੇਣ ਵਾਲੇ ਨੂੰ ਫੜਨ ਵਿਚ ਰੁੱਝੀ ਬਠਿੰਡਾ ਪੁਲੀਸ



**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਪੁਲਿਸ ਅਦਾਕਾਰਾ ਕੰਗਣਾ ਰਣੌਤ ਨੂੰ ਧਮਕੀ ਦੇਣ ਵਾਲੇ ਵਿਅਕਤੀ ਦੀ ਪੈੜ ਨੱਪਣ ਲੱਗੀ ਹੈ। ਬਠਿੰਡਾ ਪੁਲਿਸ ਨੇ ਸਾਈਬਰ ਸੈੱਲ ਨੂੰ ਉਸ ਸ਼ਖ਼ਸ ਦਾ ਬਿਊਰਾ ਦਿੱਤਾ ਹੈ, ਜਿਸ ਵੱਲੋਂ ਕੰਗਣਾ ਰਣੌਤ ਨੂੰ ਧਮਕਾਇਆ ਗਿਆ ਹੈ। ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੰਗਣਾ ਨੂੰ ਧਮਕੀ ਦੇਣ ਵਾਲਾ ਸ਼ਖ਼ਸ ਕੌਣ ਹੈ ਤੇ ਉਸਦਾ ਪਿਛੋਕੜ ਕੀ ਹੈ। ਪੁਲਿਸ ਅਨੁਸਾਰ ਧਮਕੀ ਦੇਣ ਵਾਲੇ ਮਨਪ੍ਰੀਤ ਸਿੰਘ ਨਾਮ ਦੇ ਵਿਅਕਤੀ ਨੇ ਆਪਣੇ ਫੇਸਬੁੱਕ ਖਾਤੇ 'ਤੇ ਆਪਣਾ ਕਾਰੋਬਾਰ ਹੋਣ ਦੀ ਗੱਲ ਦਰਜ ਕੀਤੀ ਹੋਈ ਹੈ। ਉਸ ਨੇ ਫੇਸਬੁੱਕ ਖਾਤੇ 'ਤੇ 'ਕਿਸਾਨ ਮਜ਼ਦੂਰ ਏਕਤਾ' ਦੀ ਪ੍ਰੋਫਾਈਲ ਤਸਵੀਰ ਵੀ ਲਾਈ ਹੋਈ ਹੈ।ਦੱਸਣਯੋਗ ਹੈ ਕਿ ਪਿਛਲੇ ਦਿਨੀਂ ਅਦਾਕਾਰਾ ਕੰਗਣਾ ਰਣੌਤ ਨੇ ਕਿਹਾ ਸੀ ਕਿ ਉਸ ਨੂੰ ਧਮਕੀਆਂ ਮਿਲ ਰਹੀਆਂ ਹਨ ਅਤੇ ਉਸ ਨੇ ਬਠਿੰਡਾ ਦੇ ਇੱਕ ਵਿਅਕਤੀ ਵੱਲੋਂ ਸ਼ਰੇਆਮ ਧਮਕੀ ਦਿੱਤੇ ਜਾਣ ਦੀ ਗੱਲ ਵੀ ਆਖੀ ਸੀ।

## ਸ਼੍ਰੀਕਾਂਤ ਵਿਸ਼ਵ ਟੂਰ ਫਾਈਨਲ ਬੈਡਮਿੰਟਨ ਵਿਚੋਂ ਬਾਹਰ

**ਬਾਲੀ/ਏ.ਟੀ.ਨਿਊਜ਼ :**ਭਾਰਤ ਦਾ ਕਿਦਾਂਬੀ ਸ਼੍ਰੀਕਾਂਤ ਗਰੁੱਪ ਬੀ ਦਾ ਤੀਜਾ ਅਤੇ ਆਖਰੀ ਮੈਚ ਮਲੇਸ਼ੀਆ ਦੇ ਲੀ ਜੀ ਜਿਆ ਤੋਂ ਸਿੱਧੇ ਗੇਮਾਂ ਵਿੱਚ ਹਾਰ ਕੇ ਸੀਜ਼ਨ ਦੇ ਆਖ਼ਰੀ ਬੀਡਬਲਿਊਐੱਫ ਵਿਸ਼ਵ ਟੂਰ ਫਾਈਨਲਜ਼ ਵਿੱਚੋਂ ਬਾਹਰ ਹੋ ਗਿਆ। ਵਿਸ਼ਵ ਦੇ ਸਾਬਕਾ ਨੰਬਰ ਇਕ ਖਿਡਾਰੀ ਨੂੰ ਆਲ ਇੰਗਲੈਂਡ ਚੈਂਪੀਅਨ ਲੀ ਨੇ ੩੭ ਮਿੰਟਾਂ 'ਚ ੨੧-੧੯, ੨੧. ੧੪ ਨਾਲ ਹਰਾਇਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਬਾਦਲ ਦਲ ਚੰਨੀ ਸਰਕਾਰ ਦੇ ਕੇਸਾਂ ਤੋਂ ਡਰਿਆ

## ✪ ਚੰਨੀ ਸਰਕਾਰ ਮਜੀਠੀਆ ਨੂੰ ਝੂਠੇ ਕੇਸ 'ਚ ਫਸਾਉਣ ਦੀ ਰਚ ਰਹੀ ਹੈ ਸਾਜਿਸ਼ : ਸੁਖਬੀਰ ✪ ਬਾਦਲ ਦਲ ਨੇ ਸੀਨੀਅਰ ਆਗੂਆਂ ਸਮੇਤ ਦਿੱਤੀ ਗ੍ਰਿਫ਼ਤਾਰੀ ✪ ਸਿੱਧੂ ਨੇ ਦੋਸ਼ ਲਗਾਇਆ ਕਿ ਅਕਾਲੀ ਦਲ ਨੇ ਲੋਕਾਂ ਨੂੰ ਸਿਰਫ ਲੁੱਟਿਆ

**ਚੰਡੀਗੜ੍ਹ/ਏ.ਟੀ.ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਨਸ਼ਿਆਂ ਦੇ ਝੂਠੇ ਕੇਸ ਵਿਚ ਫਸਾਉਣ ਦੀ ਇਕ ਸਾਜਿਸ਼ ਵਿਰੁੱਧ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਦੀ ਅਗਵਾਈ ਵਿਚ ਪਾਰਟੀ ਦੀ ਕੋਰ ਕਮੇਟੀ ਤੇ ਸੀਨੀਅਰ ਅਕਾਲੀ ਆਗੂਆਂ ਨੇ ਐਮ.ਐਲ.ਏ. ਫਲੈਟ ਕੰਪਲੈਕਸ ਵਿਚ ਇਕੱਠੇ ਹੋ ਕੇ ਮੁੱਖ ਮੰਤਰੀ ਦੀ ਸੈਕਟਰ 2 ਵਿਚਲੀ ਸਰਕਾਰੀ ਰਿਹਾਇਸ਼ ਤੱਕ ਰੋਸ ਮਾਰਚ ਕੀਤਾ ਤੇ ਗ੍ਰਿਫ਼ਤਾਰੀਆਂ ਦਿੱਤੀਆਂ ਤੇ ਬਾਅਦ ਵਿਚ ਇਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਅਕਾਲੀ ਆਗੂ ਜਿਉਂ ਹੀ ਮੁੱਖ ਮੰਤਰੀ ਦੀ ਰਿਹਾਇਸ਼ ਦੇ ਅੱਗੇ ਪਹੁੰਚੇ ਤਾਂ ਪੁਲਿਸ ਵਲੋਂ ਬੈਰੀਕੇਡਿੰਗ ਕਰਕੇ ਉਨਾਂ ਨੂੰ ਰੋਕ ਲਿਆ ਗਿਆ । ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਚੰਨੀ ਸਰਕਾਰ ਬਿਕਰਮ ਸਿੰਘ ਮਜੀਠੀਆ ਨੂੰ ਨਸ਼ਿਆਂ ਦੇ ਝੂਠੇ ਕੇਸ ਵਿਚ ਫਸਾਉਣ ਦੀ ਸਾਜਿਸ਼ ਰਚ ਰਹੀ ਹੈ । ਉਨਾਂ ਕਿਹਾ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ, ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਨਸ਼ਿਆਂ ਦੇ ਝੂਠੇ ਕੇਸ ਦਰਜ ਕਰਨ ਸੰਬੰਧੀ ਸੂਬਾ ਸਰਕਾਰ ਨੂੰ ਹਦਾਇਤਾਂ ਦੇ ਰਿਹਾ ਹੈ, ਜੋ ਕਿ ਗੈਰ ਵਿਧਾਨਕ ਹੈ ।ਸੁਖਬੀਰ ਨੇ ਕਿਹਾ ਕਿ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਨੇ ਕਾਂਗਰਸ ਸਰਕਾਰ ਦੀਆਂ ਅਸਫਲਤਾਵਾਂ 'ਤੇ ਪਰਦਾ ਪਾਉਣ ਲਈ ਨਾ ਸਿਰਫ ਸਿੱਧੂ ਦੀ ਮੰਗ ਲਈ ਸਹਿਮਤੀ ਦਿੱਤੀ ਹੈ, ਬਲਕਿ ਡੀ.ਜੀ.ਪੀ.



ਪੰਜਾਬ ਨੂੰ ਕੇਸ ਦਰਜ ਕਰਨ ਦੀ ਹਦਾਇਤ ਵੀ ਕੀਤੀ ਹੈ । ਸੁਖਬੀਰ ਨੇ ਕਿਹਾ ਕਿ ਸੂਬੇ ਵਿਚ ਅਕਾਲੀ-ਬਸਪਾ ਸਰਕਾਰ ਆਉਣ 'ਤੇ ਸਾਰੇ ਝੂਠੇ ਕੇਸਾਂ ਦੀ ਜਾਂਚ ਲਈ ਕਮਿਸ਼ਨ ਬਣਾਇਆ ਜਾਵੇਗਾ ਤੇ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਮੁਕੱਦਮੇ ਦਰਜ ਕੀਤੇ ਜਾਣਗੇ। ਸੁਖਬੀਰ ਦੇ ਨਾਲ ਗ੍ਰਿਫ਼ਤਾਰੀ ਸਮੇਂ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਾਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ, ਗੁਲਜ਼ਾਰ ਸਿੰਘ ਰਣੀਕੇ, ਸੋਹਣ ਸਿੰਘ ਠੰਡਲ, ਜਨਮੇਜਾ ਸਿੰਘ ਸੇਖੋਂ, ਮਹੇਸ਼ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ, ਸੁਰਜੀਤ ਸਿੰਘ ਰੱਖੜਾ, ਬਲਦੇਵ ਸਿੰਘ ਮਾਨ, ਸ਼ਰਨਜੀਤ ਸਿੰਘ ਢਿੱਲੋਂ, ਆਦਿ ਨੇਤਾ ਹਾਜ਼ਰ ਸਨ । ਪੁਲਿਸ ਵਲੋਂ ਇਨਾਂ ਨੂੰ ਗ੍ਰਿਫ਼ਤਾਰ ਕਰਕੇ ਬੱਸਾਂ 'ਚ ਬਿਠਾ ਕੇ ਥਾਣੇ ਲਿਜਾਇਆ ਗਿਆ, ਜਿੱਥੋਂ ਕੁਝ ਸਮੇਂ ਬਾਅਦ ਛੱਡ ਦਿੱਤਾ ਗਿਆ ।

**ਸੁਖਬੀਰ ਤੇ ਮਜੀਠੀਆ 'ਤੇ ਵਰੇ ਸਿੱਧੂ**

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਸੂਬਾ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀਆਂ ਸਾਬਕਾ ਡੀ. ਜੀ. ਪੀ. ਸੁਮੈਧ ਸੈਣੀ ਨਾਲ ਮੀਟਿੰਗਾਂ ਦੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰਦਿਆਂ ਸਿੱਧੂ ਨੇ ਕਿਹਾ ਕਿ ਜੇਕਰ ਉਸ ਦੀ ਸੈਣੀ ਨਾਲ ਇਕ ਵੀ ਮੀਟਿੰਗ ਸਾਬਤ ਹੋ ਜਾਵੇ ਤਾਂ ਉਹ ਹਮੇਸ਼ਾ ਲਈ ਰਾਜਨੀਤੀ ਛੱਡ ਦੇਣਗੇ। ਉਨਾਂ ਹਲਕਾ ਪੂਰਬੀ ਵਿਚ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਉਪਰੰਤ ਕਿਹਾ ਕਿ ਉਹ ਨਾ ਸਹੁੰ ਖਾਂਦੇ ਹਨ ਤੇ ਨਾ ਹੀ ਉਨਾਂ ਵਾਅਦੇ ਕੀਤੇ, ਸਗੋਂ ਜ਼ੁਬਾਨ ਦਿੰਦੇ ਹਨ ਕਿ ਜੇ ਸੁਖਬੀਰ ਨੂੰ ਕਲੀਨ ਚਿੱਟ ਦੇਣ ਵਾਲੇ ਡੀ.ਜੀ.ਪੀ. ਨੂੰ ਕੇਵਲ ਮਿਲਿਆ ਹੀ ਹੋਵੇ ਤਾਂ ਸਿਆਸਤ ਨੂੰ ਅਲਵਿਦਾ ਕਹਿ ਦੇਣਗੇ । ਉਨਾਂ ਕਿਹਾ ਕਿ ਸਿੱਖ ਨੌਜਵਾਨ ਰੁਪਿੰਦਰ ਸਿੰਘ, ਜਿਨਾਂ ਕੋਲ ਉਨਾਂ ਸਣੇ ਪੰਜ ਮੰਤਰੀ ਗਏ ਸਨ ਉਸ ਮਾਮਲੇ ਵਿਚ ਸੁਖਬੀਰ ਦੇ ਲਾਡਲੇ ਡੀ.ਜੀ.ਪੀ. ਨਾਲ ਮੀਟਿੰਗ ਸਬੰਧੀ ਕੇਵਲ ਗੱਲਾਂ ਨਾ ਕਰਨ ਸਗੋਂ ਸਬੂਤ ਪੇਸ਼ ਕਰੇ । ਉਨਾਂ ਕਿਹਾ ਕਿ ਨਾ ਤਾਂ ਮੇਰੀ ਕੋਈ ਬੱਸ ਚੱਲਦੀ ਹੈ ਤੇ ਨਾ ਹੀ ਮੇਰੀ ਕੋਈ ਰੇਤ ਦੀ ਖੱਡ ਹੈ, ਨਾ ਹੋਟਲ ਤੇ ਨਾ ਹੋਰ ਕੋਈ ਧੰਦਾ ਹੈ ਤੇ ਇਸੇ ਲਈ ਉਸ ਨੂੰ ਕਿਸੇ ਗ੍ਰਿਫ਼ਤਾਰੀ ਦਾ ਡਰ ਨਹੀਂ । ਦੱਸਣਯੋਗ ਹੈ ਕਿ ਸਿੱਧੂ 'ਤੇ ਸੁਖਬੀਰ ਨੇ ਦੋਸ਼ ਲਗਾਉਂਦੇ ਹੋਏ ਕਿਹਾ ਸੀ ਕਿ ਸਿੱਧੂ ਵਲੋਂ ਡੀ. ਜੀ. ਪੀ. ਨਾਲ ਮੁਲਾਕਾਤ ਕਰਕੇ ਬਿਕਰਮ ਸਿੰਘ ਮਜੀਠੀਆ 'ਤੇ ਪਰਚਾ ਦਰਜ ਕਰਨ ਦੇ ਹੁਕਮ ਦਿੱਤੇ ਗਏ ਹਨ । ਉਨਾਂ ਸੁਖਬੀਰ 'ਤੇ ਇਹ ਵੀ ਦੋਸ਼ ਲਾਏ ਕਿ ਪਿਛਲੀਆਂ ਅਕਾਲੀ ਸਰਕਾਰਾਂ ਕੇਂਦਰ ਦੀ ਕਠਪੁਤਲੀ ਬਣ ਕੇ ਹੀ ਕੰਮ ਕਰਦੀਆਂ ਰਹੀਆਂ ਹਨ । ਉਨਾਂ ਕਿਹਾ ਕਿ ਉਨਾਂ ਨੇ ਸੁਮੇਧ ਸੈਣੀ ਦੀ ਜ਼ਮਾਨਤ ਦੀ ਵਿਰੋਧਤਾ ਕਿਉਂ ਨਹੀਂ ਕੀਤੀ । ਉਨਾਂ ਕਿਹਾ ਕਿ ਕੇਂਦਰ ਦੀਆਂ ਸਰਕਾਰਾਂ ਬਾਹਾਂ ਮਰੋੜ ਕੇ ਅਕਾਲੀ ਦਲ ਤੋਂ ਕੰਮ ਕਰਵਾਉਂਦੀਆਂ ਰਹੀਆਂ ਹਨ । ਹੁਣ ਫਾਸਟਵੇਅ 'ਤੇ ਈ. ਡੀ. ਦੇ ਛਾਪੇ ਪੈਣ ਤੋਂ ਬਾਅਦ ਅਕਾਲੀ ਦਲ ਭੜਕ ਉੱਠਿਆ ਹੈ ।ਸ਼ੁਰੂ ਤੋਂ ਹੀ ਸੁਖਬੀਰ ਅਤੇ ਫਾਸਟਵੇਅ ਦੀ ਮਿਲੀਭੁਗਤ ਰਹੀ ਹੈ। ਫਾਸਟਵੇਅ ਦੇ ਨਾਂ 'ਤੇ ਸਰਕਾਰ ਦਾ ਪੈਸਾ ਖਾਧਾ ਗਿਆ ਹੈ । ਸੁਰਿੰਦਰ ਭਲਵਾਨ ਤੇ ਜੁਝਾਰ ਸਿੰਘ ਵਿਚ ਪੈਸਿਆਂ ਦਾ ਲੈਣ-ਦੇਣ ਸਾਹਮਣੇ ਆਇਆ ਹੈ ਪਰ ਹੁਣ ਸਮਾਂ ਬਦਲ ਗਿਆ ਤੇ ਹੁਣ ਕੋਈ ਬਖ਼ਸ਼ਿਆ ਨਹੀਂ ਜਾਵੇਗਾ । ਉਨਾਂ ਕਿਹਾ ਕਿ ਹੁਣ ਲੋਕਾਂ ਦੀ ਸਰਕਾਰ ਬਣੇਗੀ ਤੇ ਲੋਕ ਹੀ ਫਾਇਦੇ ਲੈਣਗੇ । ਉਨਾਂ ਕਿਹਾ ਕਿ ਉਹ ਪੰਜਾਬ ਮਾਡਲ ਦੀ ਮਨਜ਼ੂਰੀ ਲੈ ਕੇ ਕੰਮ ਕਰਨਗੇ । ਸਿੱਧੂ ਨੇ ਦੋਸ਼ ਲਗਾਇਆ ਕਿ ਅਕਾਲੀ ਦਲ ਨੇ ਲੋਕਾਂ ਨੂੰ ਸਿਰਫ ਲੁੱਟਿਆ ਹੈ । ਲੋਕਾਂ ਨੂੰ ਡਰਾ ਕੇ ਬੱਸਾਂ, ਢਾਬੇ ਤੇ ਹੋਰ ਜਾਇਦਾਦਾਂ 'ਤੇ ਕਬਜ਼ੇ ਕੀਤੇ। ਉਨਾਂ ਮਜੀਠੀਆ ਵਲੋਂ ਸਿੱਧੂ 'ਤੇ ਨਾਜਾਇਜ਼ ਫਸਾਉਣ ਦੀ ਸਾਜਿਸ਼ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਨਾਂ ਨੂੰ ਕਿਵੇਂ ਪਤਾ ਕਿ ਉਹ ਉਨਾਂ ਦਾ ਨਾਂ ਲੈ ਰਹੇ ਹਨ।

# ਡੇਰਾ ਸਿਰਸਾ ਦੀ ਪਰਿਕਰਮਾ ਕਰਨ ਲੱਗੇ ਸਿਆਸੀ ਆਗੂ

## ਬਾਦਲਕੇ ਸਾਬਕਾ ਵਿਧਾਇਕ ਅਜੀਤ ਇੰਦਰ ਸਿੰਘ ਮੋਫ਼ਰ ਪਹੁੰਚੇ

**ਮਾਨਸਾ/ਏ.ਟੀ.ਨਿਊਜ਼ :** ਮਾਨਸਾ ਵਿੱਚ ਡੇਰਾ ਸਿਰਸਾ ਦੇ ਸੰਸਥਾਪਕ ਸ਼ਾਹ ਮਸਤਾਨ ਦਾ ਜਨਮ-ਮਹੀਨਾ ਸੰਗਤ ਨੇ ਇੱਥੇ ਅਮਨਪੁਰਾ ਧਾਮ ਵਿਚ ਨਾਮ ਚਰਚਾ ਕਰਕੇ ਮਨਾਇਆ, ਜਿਸ ਵਿੱਚ ਸੰਗਤ ਤੋਂ ਇਲਾਵਾ ਸਿਆਸੀ ਧਿਰਾਂ ਦੇ ਆਗੂਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ। ਵਿਧਾਨ ਸਭਾ ਚੋਣਾਂ ਨੇੜੇ ਹੋਣ ਕਾਰਨ ਸਿਆਸੀ ਆਗੂਆਂ ਨੇ ਵੱਧ ਤੋਂ ਵੱਧ ਸੰਗਤ ਨੂੰ ਮਿਲਣ ਦਾ ਯਤਨ ਕੀਤਾ। ਸਖ਼ਤ ਪੁਲਿਸ ਪ੍ਰਬੰਧਾਂ ਹੇਠ ਹੋਈ ਇਸ ਨਾਮ ਚਰਚਾ ਵਿੱਚ ਮਾਨਸਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਕੁਮਾਰ ਅਰੋੜਾ, ਸਰਦੂਲਗੜ੍ਹ ਤੋਂ ਸਾਬਕਾ ਵਿਧਾਇਕ ਅਜੀਤ ਇੰਦਰ ਸਿੰਘ ਮੋਫ਼ਰ, ਮਾਨਸਾ ਤੋਂ 'ਆਪ' ਦੇ ਵਿਧਾਨ ਸਭਾ ਹਲਕਾ ਇੰਚਾਰਜ ਡਾ. ਵਿਜੈ ਕੁਮਾਰ ਸਿੰਗਲਾ ਤੇ ਜ਼ਿਲਾ ਯੂਥ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਗੁਰਪ੍ਰੀਤ ਸਿੰਘ ਵਿੱਕੀ ਵੀ ਪੁੱਜੇ ਹੋਏ ਸਨ। ਇਸ ਮੌਕੇ ਸਾਧ ਸੰਗਤ ਸਿਆਸੀ ਵਿੰਗ ਦੇ ਮੈਂਬਰ ਪਰਮਜੀਤ ਸਿੰਘ ਇੰਸਾਂ ਨੰਗਲ, ਮੇਜਰ ਸਿੰਘ ਖਿਆਲਾ ਤੇ 45 ਮੈਂਬਰ ਨਿੰਦਰ ਕੌਰ ਇੰਸਾਂ ਨੇ ਡੇਰਾ ਸਿਰਸਾ ਵੱਲੋਂ ਚਲਾਏ ਜਾ ਰਹੇ ਮਾਨਵਤਾ ਭਲਾਈ ਦੇ 135 ਕਾਰਜਾਂ 'ਚ ਵਧ-ਚੜ ਕੇ ਹਿੱਸਾ ਲੈਣ ਤੇ ਆਪਸੀ ਏਕਤਾ ਤੇ ਭਾਈਚਾਰਾ ਬਣਾਈ ਰੱਖਣ ਲਈ ਕਿਹਾ। ਨਾਮ ਚਰਚਾ ਦੌਰਾਨ ਸਾਧ ਸੰਗਤ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਅਰੋੜਾ ਤੇ ਕਾਂਗਰਸ ਦੇ ਸਾਬਕਾ ਵਿਧਾਇਕ ਅਜੀਤ ਇੰਦਰ ਸਿੰਘ ਮੋਫ਼ਰ ਹੱਥੋਂ ਲੋੜਵੰਦਾਂ ਨੂੰ ਕੰਬਲ ਵੀ ਵੰਡਵਾਏ ਗਏ।

**ਜਥੇਦਾਰ ਨੂੰ ਕੀਤੀ ਇਹ ਸ਼ਿਕਾਇਤ**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਡੇਰਾ ਸਿਰਸਾ ਵੱਲੋਂ ਕਈ ਥਾਈਂ ਕਰਵਾਈ 'ਨਾਮ ਚਰਚਾ' ਪ੍ਰੋਗਰਾਮਾਂ ਵਿਚ ਸ਼ਮੂਲੀਅਤ ਕਰਨ ਵਾਲੇ ਸਿਆਸੀ ਆਗੂਆਂ ਦੇ ਖ਼ਿਲਾਫ਼ ਸਿੱਖ ਰਵਾਇਤਾਂ ਮੁਤਾਬਕ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

ਉਨਾਂ ਕਿਹਾ ਕਿ ਅਕਾਲ ਤਖ਼ਤ ਨੇ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ ਕਿ ਸਿੱਖ ਸ਼ਰਧਾਲੂ ਡੇਰਾ ਸੱਚਾ ਸੌਦਾ ਜਾਂ ਇਸ ਦੇ ਸ਼ਰਧਾਲੂਆਂ ਨਾਲ ਕੋਈ ਵਾਸਤਾ ਨਹੀਂ ਰੱਖੇਗਾ ਪਰ ਇਸ ਦੇ ਬਾਵਜੂਦ ਫਿਰੋਜ਼ਪੁਰ ਤੋਂ ਪਰਮਿੰਦਰ ਸਿੰਘ ਪਿੰਕੀ, ਫਾਜ਼ਿਲਕਾ ਤੋਂ ਦਵਿੰਦਰ ਸਿੰਘ ਘੁਬਾਇਆ ਤੇ ਕੈਬਨਿਟ ਮੰਤਰੀ ਵਿਜੇਇੰਦਰ ਸਿੰਗਲਾ ਨੇ ਡੇਰੇ ਵੱਲੋ ਕਰਵਾਏ 'ਨਾਮ ਚਰਚਾ' ਪ੍ਰੋਗਰਾਮਾਂ ਵਿਚ ਸ਼ਮੂਲੀਅਤ ਕੀਤੀ ਸੀ। ਉਨਾਂ ਨੇ ਜਥੇਦਾਰ ਨੂੰ ਕਾਂਗਰਸੀ ਆਗੂਆਂ ਦੇ ਖਿਲਾਫ ਸਿੱਖਾਂ ਦੇ ਸਰਬਉੱਚ ਅਸਥਾਨ ਤੋਂ ਜਾਰੀ ਹੁਕਮਨਾਮੇ ਦੀ ਅਵੱਗਿਆ ਦੇ ਦੋਸ਼ਾਂ ਤਹਿਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਵਲਟੋਹਾ ਨੇ ਕਿਹਾ ਕਿ ਕੈਬਨਿਟ ਮੰਤਰੀ ਸਿੰਗਲਾ ਨੇ ਤਾਂ ਡੇਰੇ ਦੇ ਕੰਮਾਂ ਦੀ ਤਾਰੀਫ਼ ਵੀ ਕੀਤੀ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਕਾਂਗਰਸ ਪਾਰਟੀ ਡੇਰੇ ਨਾਲ ਰਲੀ ਹੋਈ ਹੈ।

ਵਲਟੋਹਾ ਨੇ ਰਾਹੁਲ ਗਾਂਧੀ ਸਮੇਤ ਕਾਂਗਰਸ ਹਾਈ ਕਮਾਂਡ, ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਸੂਬਾ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੂੰ ਸਵਾਲ ਕੀਤਾ ਹੈ ਕਿ ਇਹ ਕਾਂਗਰਸੀ ਆਗੂ ਉਨਾਂ ਦੀ ਹਦਾਇਤ 'ਤੇ 'ਨਾਮ ਚਰਚਾ' ਪ੍ਰੋਗਰਾਮਾਂ ਵਿਚ ਸ਼ਾਮਲ ਹੋਏ ਸਨ ? ਜੇ ਅਜਿਹਾ ਨਹੀਂ ਹੈ ਤਾਂ ਫਿਰ ਇਨਾਂ ਸਾਰੇ ਕਾਂਗਰਸੀ ਆਗੂਆਂ ਨੂੰ ਜਿਨਾਂ ਨੇ ਇਨਾਂ ਪ੍ਰੋਗਰਾਮਾਂ ਵਿਚ ਸ਼ਮੂਲੀਅਤ ਕੀਤੀ, ਤੁਰੰਤ ਪਾਰਟੀ ਵਿੱਚੋਂ ਕੱਢ ਦੇਣਾ ਚਾਹੀਦਾ ਹੈ। ਉਨਾਂ ਨੇ ਮੁੱਖ ਮੰਤਰੀ, ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਬਾਜਵਾ ਤੇ ਸੁਨੀਲ ਜਾਖੜ ਨੂੰ ਆਖਿਆ ਕਿ ਉਹ ਆਪਣਾ ਸਟੈਂਡ ਸਪੱਸ਼ਟ ਕਰਨ।

# ਪੰਜਾਬੀ ਚੋਣਾਂ 2022 ਲਈ ਅਕਾਲੀ ਦਲ ਨੇ ਚਾਰ ਹੋਰ ਉਮੀਦਵਾਰ ਐਲਾਨੇ

## ਬਸਪਾ ਲਈ ਛੱਡੀਆਂ 20 ਸੀਟਾਂ

**ਚੰਡੀਗੜ੍ਹ/ਏ.ਟੀ.ਨਿਊਜ਼ :** ਸ਼੍ਰੋਮਣੀ ਅਕਾਲੀ ਬਾਦਲ ਨੇ ਵਿਧਾਨ ਸਭਾ ਚੋਣਾਂ 2022 ਲਈ ਚਾਰ ਹੋਰ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਪਾਰਟੀ ਹੁਣ ਤਕ 88 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ। ਜਾਣਕਾਰੀ ਅਨੁਸਾਰ ਨੁਸਰਤ ਅਲੀ ਖ਼ਾਨ ਨੂੰ ਮਾਲੇਰਕੋਟਲਾ ਤੋਂ ਟਿਕਟ ਦਿੱਤੀ ਗਈ ਹੈ, ਜਦਕਿ ਗੁਰਇਕਬਾਲ ਸਿੰਘ ਮਾਹਲ ਕਾਦੀਆਂ ਤੇ ਰਾਜਨਬੀਰ ਸਿੰਘ ਸ੍ਰੀ ਹਰਿਗੋਬਿੰਦਪੁਰ ਵਿਧਾਨ ਸਭਾ ਹਲਕੇ ਤੋਂ ਚੋਣ ਲੜਨਗੇ।

ਇਸੇ ਪਾਰਟੀ ਨੇ ਰੋਹਿਤ ਵੋਹਰਾ ਨੂੰ ਫਿਰੋਜ਼ਪੁਰ ਤੋਂ ਟਿਕਟ ਦਿੱਤੀ ਹੈ। ਅਕਾਲੀ ਦਲ ਨੇ ਬਹੁਜਨ ਸਮਾਜ ਪਾਰਟੀ ਨਾਲ ਚੋਣ ਸਮਝੌਤਾ ਕੀਤਾ ਹੋਇਆ ਤੇ ਬਸਪਾ ਲਈ 20 ਸੀਟਾਂ ਛੱਡੀਆਂ ਹਨ।

# ਦੁੱਗਣੇ ਹੋਏ ਹਵਾਈ ਕਿਰਾਏ

## ਨਵੇਂ ਦਿਸ਼ਾ-ਨਿਰਦੇਸ਼ਾਂ ਕਾਰਨ ਕਰਨੀ ਪੈ ਸਕਦੀ ਹੈ ਹਵਾਈ ਅੱਡੇ 'ਤੇ 6 ਘੰਟੇ ਉਡੀਕ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਕੋਰੋਨਾ ਵਾਇਰਸ ਦੇ ਨਵੇਂ ਵੇਰੀਐਂਟ ਓਮਿਕਰੋਨ ਦਾ ਅਸਰ ਦੇਸ਼-ਵਿਦੇਸ਼ ਦੇ ਯਾਤਰਾ ਉਦਯੋਗ 'ਤੇ ਪੈਣ ਲੱਗ ਗਿਆ ਹੈ। ਏਅਰਲਾਈਨ ਕੰਪਨੀਆਂ ਨੇ ਕਈ ਅੰਤਰਰਾਸ਼ਟਰੀ ਰੂਟਾਂ 'ਤੇ ਹਵਾਈ ਕਿਰਾਇਆ ਵਧਾ ਦਿੱਤਾ ਹੈ। ਭਾਰਤ ਤੋਂ ਅਮਰੀਕਾ, ਯੂ.ਕੇ., ਯੂ.ਏ.ਈ. ਅਤੇ ਕੈਨੇਡਾ ਵਰਗੇ ਦੇਸ਼ਾਂ ਲਈ ਹਵਾਈ ਕਿਰਾਇਆ ਦੁੱਗਣਾ ਹੋ ਗਿਆ ਹੈ। ਨਵੇਂ ਦਿਸ਼ਾ-ਨਿਰਦੇਸ਼ਾਂ ਮੁਤਾਬਕ ਯਾਤਰੀਆਂ ਨੂੰ ਹਵਾਈ ਅੱਡੇ 'ਤੇ 6 ਘੰਟੇ ਹੋਰ ਇੰਤਜ਼ਾਰ ਕਰਨਾ ਪੈ ਸਕਦਾ ਹੈ।

ਹਵਾਈ ਜਹਾਜ਼ ਰਾਹੀਂ ਅੰਤਰਰਾਸ਼ਟਰੀ ਮੰਜ਼ਿਲਾਂ 'ਤੇ ਜਾਣ ਵਾਲਿਆਂ ਦੀਆਂ ਪ੍ਰੇਸ਼ਾਨੀਆਂ ਇੱਥੇ ਹੀ ਖਤਮ ਨਹੀਂ ਹੋ ਰਹੀਆਂ। ਓਮੀਕਰੋਨ ਤੋਂ ਬਚਾਅ ਲਈ ਭਾਰਤ ਸਰਕਾਰ ਵੱਲੋਂ ਲਾਗੂ ਕੀਤੇ ਗਏ ਨਵੇਂ ਦਿਸ਼ਾ-ਨਿਰਦੇਸ਼ ਵੀ ਬੀਤੇ ਮੰਗਲਵਾਰ ਅੱਧੀ ਰਾਤ ਤੋਂ ਲਾਗੂ ਹੋ ਗਏ ਹਨ। ਇਨਾਂ ਦਿਸ਼ਾ-ਨਿਰਦੇਸ਼ਾਂ ਵਿਚ ਤੈਅ ਪ੍ਰਕਿਰਿਆ ਕਾਰਨ ਯਾਤਰੀਆਂ ਨੂੰ ਹਵਾਈ ਅੱਡੇ 'ਤੇ 6 ਘੰਟੇ ਹੋਰ ਬਿਤਾਉਣੇ ਪੈ ਸਕਦੇ ਹਨ।

**ਕਈ ਅੰਤਰਰਾਸ਼ਟਰੀ ਮਾਰਗਾਂ 'ਤੇ ਕਿਰਾਏ ਹੋਏ ਦੁੱਗਣੇ**

ਮੀਡੀਆ ਰਿਪੋਰਟਾਂ ਮੁਤਾਬਕ ਦਿੱਲੀ ਤੋਂ ਲੰਡਨ ਦੀ ਫਲਾਈਟ ਦੀ ਟਿਕਟ ਕਰੀਬ 60,000 ਰੁਪਏ ਤੋਂ ਵਧ ਕੇ 1.5 ਲੱਖ ਰੁਪਏ ਹੋ ਗਈ ਹੈ। ਦਿੱਲੀ ਤੋਂ ਦੁਬਈ ਦਾ ਹਵਾਈ ਕਿਰਾਇਆ ਲਗਭਗ ਦੁੱਗਣਾ ਹੋ ਕੇ 33,000 ਰੁਪਏ ਹੋ ਗਿਆ ਹੈ। ਇਸ ਤੋਂ ਪਹਿਲਾਂ ਦਿੱਲੀ ਤੋਂ ਦੁਬਈ ਦੀ ਰਾਊਂਡ ਟ੍ਰਿਪ ਟਿਕਟ ਦੀ ਕੀਮਤ 20,000 ਰੁਪਏ ਸੀ।

ਦਿੱਲੀ ਤੋਂ ਅਮਰੀਕਾ ਦੀ ਰਾਊਂਡ ਟ੍ਰਿਪ ਦੀ ਕੀਮਤ ਪਹਿਲਾਂ 90,000 ਰੁਪਏ ਤੋਂ 1.2 ਲੱਖ ਰੁਪਏ ਦੇ ਵਿਚਕਾਰ ਸੀ। ਇਹ ਹੁਣ ਵੱਧ ਕੇ ਕਰੀਬ ਡੇਢ ਲੱਖ ਰੁਪਏ ਹੋ ਗਿਆ ਹੈ।



ਸ਼ਿਕਾਗੋ, ਵਾਸ਼ਿੰਗਟਨ ਡੀਸੀ ਅਤੇ ਨਿਊਯਾਰਕ ਸਿਟੀ ਵਿੱਚ ਹਵਾਈ ਕਿਰਾਏ ਵਿੱਚ 100 ਪ੍ਰਤੀਸ਼ਤ ਵਾਧਾ ਹੋਇਆ ਹੈ। ਬਿਜ਼ਨਸ ਕਲਾਸ ਦੀਆਂ ਟਿਕਟਾਂ ਦੀ ਕੀਮਤ ਦੁੱਗਣੀ ਹੋ ਕੇ 6 ਲੱਖ ਰੁਪਏ ਹੋ ਗਈ ਹੈ।

ਦਿੱਲੀ ਤੋਂ ਟੋਰਾਂਟੋ ਦਾ ਹਵਾਈ ਕਿਰਾਇਆ ਕਰੀਬ 80,000 ਰੁਪਏ ਤੋਂ ਵਧ ਕੇ 2.37 ਲੱਖ ਰੁਪਏ ਹੋ ਗਿਆ ਹੈ।

**ਹਵਾਈ ਅੱਡੇ 'ਤੇ ਯਾਤਰੀਆਂ ਨੂੰ ਕਰਨਾ ਪੈ ਸਕਦਾ ਹੈ ਕਈ ਘੰਟੇ ਇੰਤਜ਼ਾਰ**

ਮੀਡੀਆ ਰਿਪੋਰਟਾਂ ਅਨੁਸਾਰ ਓਮੀਕਰੋਨ ਪ੍ਰਭਾਵਿਤ ਦੇਸ਼ਾਂ ਤੋਂ ਆਉਣ ਵਾਲੇ ਹਜ਼ਾਰਾਂ ਯਾਤਰੀਆਂ ਨੂੰ ਦਿੱਲੀ ਹਵਾਈ ਅੱਡੇ 'ਤੇ 6 ਘੰਟੇ ਤੋਂ ਵੱਧ ਉਡੀਕ ਕਰਨੀ ਪੈ ਸਕਦੀ ਹੈ। ਦਰਅਸਲ, ਓਮਿਕਰੋਨ ਦੇ ਖਤਰੇ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਇੱਕ ਨਵੀਂ ਗਾਈਡਲਾਈਨ ਜਾਰੀ ਕੀਤੀਆਂ ਹਨ, ਜੋ 1 ਦਸੰਬਰ ਦੀ ਅੱਧੀ ਰਾਤ ਤੋਂ ਲਾਗੂ ਹੋ ਗਈਆਂ। ਨਵੇਂ ਦਿਸ਼ਾ-ਨਿਰਦੇਸ਼ ਵਿੱਚ, 14 ਤੋਂ ਵੱਧ ਦੇਸ਼ਾਂ ਵਿੱਚ ਜਿੱਥੇ ਓਮੀਕਰੋਨ ਦੇ ਕੇਸ ਪਾਏ ਗਏ ਹਨ, ਉਨਾਂ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਦੇ ਹਵਾਈ ਅੱਡੇ 'ਤੇ ਆਰਟੀ-ਪੀਸੀਆਰ ਟੈਸਟ ਨੂੰ ਲਾਜ਼ਮੀ ਕਰ ਦਿੱਤਾ ਗਿਆ ਹੈ। ਇਨਾਂ ਦੇਸ਼ਾਂ ਤੋਂ ਆਉਣ ਵਾਲੇ ਯਾਤਰੀ ਹਵਾਈ ਅੱਡੇ 'ਤੇ ਕੋਵਿਡ ਟੈਸਟ ਦੀ ਨੈਗੇਟਿਵ ਰਿਪੋਰਟ ਆਉਣ ਤੋਂ ਬਾਅਦ ਹੀ ਬਾਹਰ ਜਾ ਸਕਣਗੇ। ਏਅਰਪੋਰਟ 'ਤੇ ਆਰਟੀ-ਪੀਸੀਆਰ ਟੈਸਟ ਦਾ ਨਤੀਜਾ ਆਉਣ ਲਈ 4 ਤੋਂ 6 ਘੰਟੇ ਦਾ ਸਮਾਂ ਲੱਗੇਗਾ। ਟੈਸਟ ਦੇ ਨਤੀਜੇ ਆਉਣ ਤੱਕ ਯਾਤਰੀਆਂ ਨੂੰ ਇੱਕ ਵਿਸ਼ੇਸ਼ ਹੋਲਡਿੰਗ ਖੇਤਰ ਵਿੱਚ ਉਡੀਕ ਕਰਨੀ ਪਵੇਗੀ। ਹਾਲਾਂਕਿ ਹਵਾਈ ਅੱਡੇ 'ਤੇ ਸਥਾਪਤ ਕੀਤੇ ਜਾਣ ਵਾਲੇ ਟੈਸਟਿੰਗ ਕਾਊਂਟਰਾਂ ਦੀ ਗਿਣਤੀ ਅਜੇ ਤੈਅ ਨਹੀਂ ਕੀਤੀ ਗਈ ਹੈ।

# ਕਰਤਾਰਪੁਰ ਸਾਹਿਬ ਲਾਂਘੇ 'ਤੇ ਪਾਕਿਸਤਾਨ ਵਾਲੇ ਪਾਸੇ ਪੁਲ ਬਣਾਉਣ ਦੀ ਮੁਹਿੰਮ ਸ਼ੁਰੂ

**ਬਟਾਲਾ/ਏ.ਟੀ.ਨਿਊਜ਼** : 2019 (ਨਵੰਬਰ) ਨੂੰ ਜਦੋਂ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਨੇ ਮੇਲ-ਮਿਲਾਪ ਨਾਲ ਖੋਲਿਆ ਸੀ ਤਾਂ ਉਸ ਸਮੇਂ ਦੋਵਾਂ ਸਰਕਾਰਾਂ ਨੇ ਆਪੋ-ਆਪਣੇ ਪਾਸੇ ਕਰੋੜਾਂ ਰੁਪਏ ਦੇ ਖਰਚ ਨਾਲ ਟਰਮੀਨਲ ਬਣਾਏ ਸਨ ਅਤੇ ਵਿਸ਼ਾਲ ਸੜਕ ਮਾਰਗ ਬਣਾ ਕੇ ਲਾਂਘੇ ਦੀ ਦਿਖ ਨੂੰ ਹੋਰ ਸ਼ਾਨਦਾਰ ਰੂਪ ਵੀ ਦਿੱਤਾ ਸੀ।ਭਾਰਤ ਸਰਕਾਰ ਵਲੋਂ 100 ਮੀਟਰ ਜ਼ੀਰੋ ਲਾਈਨ ਤੱਕ ਇਕ ਪੁਲ ਬਣਾਇਆ ਸੀ ਅਤੇ ਪਾਕਿਸਤਾਨ ਨਾਲ ਹੋਏ ਸਮਝੌਤੇ ਮੁਤਾਬਿਕ ਉਨਾਂ ਵਲੋਂ ਵੀ 300 ਮੀਟਰ ਨਾਲ ਜੋੜਵਾਂ ਪੁਲ ਬਣਾਇਆ ਜਾਣਾ ਸੀ।ਪਾਕਿਸਤਾਨ ਨੇ ਇਹ ਵਾਅਦਾ ਇਕ ਸਾਲ ਵਿਚ ਪੂਰਾ ਕਰਨ ਲਈ ਕਿਹਾ ਅਤੇ ਪੁਲ ਬਣਾਉਣ ਤੋਂ ਪਹਿਲਾਂ ਉਨਾਂ ਨੇ ਭਾਰਤੀ ਟਰਮੀਨਲ ਤੋਂ ਪਾਕਿਸਤਾਨ ਟਰਮੀਨਲ ਤੱਕ ਜ਼ੀਰੋ ਲਾਈਨ 'ਤੇ ਬਣੇ ਮੁੱਖ ਗੇਟਾਂ ਵਿਚੋਂ ਲੰਘਦੀ ਇਕ ਆਰਜ਼ੀ ਸੜਕ ਬਣਾਉਣ ਦਾ ਫੈਸਲਾ ਲਿਆ ਸੀ। ਕੋਰੋਨਾ ਮਹਾਂਮਾਰੀ ਦੌਰਾਨ ਲਾਂਘਾ ਬੰਦ ਹੋਣ ਤੋਂ ਬਾਅਦ ਇਹ ਪੁਲ ਵਿਚ-ਵਿਚਾਲੇ ਹੀ ਰਹਿ ਗਿਆ, ਜਿਸ ਨੂੰ ਪਾਕਿਸਤਾਨ ਸਰਕਾਰ ਹੁਣ ਪੂਰਾ ਕਰਨ ਦੇ ਰੌਂਅ ਵਿਚ ਲਗਦੀ ਹੈ। ਇਸ ਸਬੰਧੀ ਕੁਝ ਅਧਿਕਾਰੀਆਂ ਵਲੋਂ ਹੁਣ ਸਰਵੇ ਵੀ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਪੁਲ



ਬਰਸਾਤਾਂ ਦੌਰਾਨ ਹੜਾਂ ਤੋਂ ਬਚਾਓ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਮੁੱਖ ਮਾਰਗ ਵਜੋਂ ਵਰਤਿਆ ਜਾਣਾ ਹੈ। ਦੱਸ ਦਈਏ ਕਿ ਰਾਵੀ ਦਰਿਆ ਨੇੜੇ ਹੋਣ ਅਤੇ ਇਹ ਇਲਾਕਾ ਨੀਵਾਂ ਹੋਣ ਕਾਰਨ ਬਰਸਾਤਾਂ ਦੌਰਾਨ ਇਥੇ ਕਈ ਵਾਰ ਵੱਧ ਪਾਣੀ ਨਾਲ ਸਥਿਤੀ ਖਰਾਬ ਹੋ ਜਾਂਦੀ ਹੈ। ਭਾਰਤ ਵਾਲੇ ਪਾਸੇ ਤੋਂ ਹੜਾਂ ਨੂੰ ਰੋਕਣ ਲਈ ਇਕ ਧੁੱਸੀ ਬੰਨ ਬਣਾਇਆ ਗਿਆ ਹੈ, ਜੋ ਜ਼ੀਰੋ ਲਾਈਨ ਤੋਂ 100 ਮੀਟਰ ਦੂਰ ਹੈ ਅਤੇ ਹੜਾਂ ਦੇ ਪਾਣੀ ਨੂੰ ਰੋਕਣ ਲਈ ਪਾਕਿਸਤਾਨ ਨੇ ਵੀ ਕੁਝ ਸਾਲ ਪਹਿਲਾਂ ਇਸੇ ਤਰਾਂ ਦਾ ਇਕ ਬੰਨ ਜ਼ੀਰੋ ਲਾਇਨ ਤੋਂ 300 ਮੀਟਰ ਦੂਰ ਬਣਾਇਆ ਹੈ। ਜ਼ਿਕਰਯੋਗ ਹੈ ਕਿ ਇਸ ਪੁਲ ਸਬੰਧੀ ਭਾਰਤ ਅਤੇ ਪਾਕਿਸਤਾਨ ਦੇ ਅਧਿਕਾਰੀਆਂ ਦੀਆਂ ਮਾਰਚ 2019, 16 ਅਪ੍ਰੈਲ 2019, 28 ਮਈ 2019 ਨੂੰ ਮੀਟਿੰਗਾਂ ਵੀ ਹੋਈਆਂ ਸਨ, ਜਿਨਾਂ ਵਿਚ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਮੁਨੀਸ਼ ਰਸਤੋਗੀ ਅਤੇ ਲੈਂਡ ਪੋਰਟ ਅਥਾਰਟੀ ਆਫ਼ ਇੰਡੀਆ ਵਲੋਂ ਅਖਿਲ ਸਕਸੈਨਾ ਅਤੇ ਪਾਕਿਸਤਾਨ ਵਾਲੇ ਪਾਸੇ ਤੋਂ ਫਰੰਟੀਅਰ ਵਰਕਸ ਆਰਗੇਨਾਈਜੇਸ਼ਨ, ਮਨਿਸਟਰੀ ਆਫ ਰੈਲਜੀਅਸ਼ ਤੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਸ਼ਾਮਿਲ ਹਏ। ਇਹ ਵੀ ਦੱਸਣਯੋਗ ਹੈ ਕਿ ਲਾਂਘੇ ਨੂੰ ਖੁਲਣ ਤੋਂ ਪਹਿਲਾਂ ਪਾਕਿਸਤਾਨ ਅਧਿਕਾਰੀਆਂ ਨਾਲ ਹੋਈ ਇਕ ਮੀਟਿੰਗ ਵਿਚ ਤਾਂ ਪਾਕਿਸਤਾਨ ਵਲੋਂ ਇਸ ਪੁਲ ਨੂੰ ਬਣਾਉਣ ਲਈ ਸਾਫ ਨਾਂਹ ਵੀ ਕਰ ਦਿੱਤੀ ਗਈ ਸੀ ਅਤੇ ਫਿਰ ਕੁਝ ਦੇਰ ਇਹ ਮਾਮਲਾ ਲਟਕਿਆ ਵੀ ਰਿਹਾ ਸੀ, ਪ੍ਰੰਤੂ ਹੁਣ ਦੁਬਾਰਾ ਲਾਂਘਾ ਖੁੱਲਣ ਤੋਂ ਬਾਅਦ ਦੋਵੇਂ ਪਾਸੇ ਬਣੇ ਖੁਸ਼ਨੁਮਾ ਮਾਹੌਲ ਤੋਂ ਬਾਅਦ ਇਸ ਪੁਲ ਨੂੰ ਬਣਾਉਣ ਦੀ ਪਾਕਿਸਤਾਨ ਵਲੋਂ ਕਵਾਇਦ ਸ਼ੁਰੂ ਕਰ ਦਿੱਤੀ ਹੈ।

# ਮੁੱਖ ਮੰਤਰੀ ਚੰਨੀ ਅਨੁਸਾਰ ਬੇਅਦਬੀ, ਬਰਗਾੜੀ ਤੇ ਕੋਟਕਪੂਰਾ ਗੋਲੀਕਾਂਡ ਪਿੱਛੇ ਬਾਦਲ ਦੋਸ਼ੀ

**ਰਜਿੰਦਰ ਸਿੰਘ ਪੁਰੇਵਾਲ**

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਬਰਗਾੜੀ ਵਿੱਚ ਬੇਅਦਬੀ ਦੀਆਂ ਘਟਨਾਵਾਂ ਤੇ ਇਸ ਦੇ ਨਤੀਜੇ ਵਜੋਂ ਬਹਿਬਲ ਕਲਾਂ ਅਤੇ ਕੋਟਕਪੂਰਾ ਵਿੱਚ ਵਾਪਰੀਆਂ ਗੋਲੀਬਾਰੀ ਦੀਆਂ ਘਟਨਾਵਾਂ ਲਈ ਬਾਦਲਾਂ ਨੂੰ ਜ਼ਿੰਮੇਵਾਰ ਠਹਿਰਾਇਆ।ਮੁੱਖ ਮੰਤਰੀ ਚੰਨੀ ਨੇ ਕਿਹਾ ਸੀ ਕਿ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨਾਲ ਬਾਦਲਾਂ ਦੀ ਮਿਲੀਭੁਗਤ ਸੀ।ਬਹਿਬਲ ਕਲਾਂ ਅਤੇ ਕੋਟਕਪੂਰਾ ਵਿੱਚ ਵਾਪਰੀਆਂ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਇਨਾਂ ਥਾਵਾਂ 'ਤੇ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਗੋਲੀਬਾਰੀ ਨਹੀਂ ਹੋਈ ਸਗੋਂ ਇਹ ਗੋਲੀਬਾਰੀ ਸੰਗਤਾਂ ਦੀਆਂ ਹਿੱਕਾਂ 'ਤੇ ਹੋਈ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ, 'ਅਸੀਂ ਪ੍ਰਣ ਲੈਂਦੇ ਹਾਂ ਕਿ ਇਸ ਨਾ-ਮੁਆਫੀਯੋਗ ਅਪਰਾਧ ਦੇ ਅਸਲ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਸੀਨੀਅਰ ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਉਹਨਾਂ ਦੀਆਂ ਬਦਲਾਖੋਰੀ ਤਕਰੀਬਾਂ ਵਾਰ ਵਾਰ ਫੇਲ ਹੋਣ ਤੇ ਮੂੰਹ ਦੀ ਖਾਣ ਕਾਰਨ ਨਿਰਾਸ਼ਾ ਵਿਚ ਆਪਣਾ ਦਿਮਾਗੀ ਤਵਾਜ਼ਨ ਗੁਆ ਬੈਠਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਮੁੱਖ ਮੰਤਰੀ ਦੇ ਬੇਅਦਬੀ ਤੇ ਕੋਟਕਪੂਰਾ ਤੇ ਬਹਿਬਲ ਕਲਾਂ ਫਾਇਰਿੰਗ ਮਾਮਲਿਆਂ ਵਿਚ ਆਪਾ ਵਿਰੋਧੀ ਬਿਆਨ ਹੋਰ ਕੁਝ ਨਹੀਂ ਬਲਕਿ ਇਕ ਹਤਾਸ਼ ਹੋਏ ਵਿਅਕਤੀ ਦੀ ਬੱਕੜਵਾਹ ਹਨ ਕਿਉਂਕਿ ਉਸਨੇ ਮਹਿਸੂਸ ਕਰ ਲਿਆ ਹੈ ਕਿ ਉਸਦੀ ਖੇਡ ਖਤਮ ਹੋ ਗਈ ਤੇ ਦਿਨ ਗਿਣਤੀ ਤੇ ਰਹਿ ਗਏ ਹਨ। ਇਕ ਪਾਸੇ ਤਾਂ ਚੰਨੀ ਬੇਅਦਬੀ ਤੇ ਫਾਈਰਿੰਗ ਦੀਆਂ ਘਟਨਾਵਾਂ ਬਾਰੇ ਬੇਸ਼ਰਮੀ ਨਾਲ ਝੂਠ ਬੋਲਦੇ ਹਨ ਤੇ ਦੂਜੇ ਪਾਸੇ ਮਾਮਲੇ ਅਦਾਲਤ ਵਿਚ ਸੁਣਵਾਈ ਅਧੀਨ ਹੋਣ ਦੇ ਬਹਾਨੇ ਦੀ ਓਟ ਲੈ ਲੈਂਦੇ ਹਨ। ਜੇਕਰ ਕੇਸ ਅਦਾਲਤ ਵਿਚ ਸੁਣਵਾਈ ਅਧੀਨ ਹੈ, ਜੋ ਅਸਲ ਵਿਚ ਹੈ ਵੀ, ਤਾਂ ਫਿਰ ਚੰਨੀ ਨੂੰ ਫੈਸਲਾ ਸੁਣਾਉਣ ਦਾ ਕੀ ਹੱਕ ਹੈ? ਅਤੇ ਜੇਕਰ ਮਾਮਲਾ ਅਦਾਲਤ ਵਿਚ ਸੁਣਵਾਈ ਅਧੀਨ ਹੋਣ ਦਾ ਤਰਕ ਉਨਾਂ ਨੂੰ ਕੇਸ, ਜੋ ਉਨਾਂ ਦੇ ਆਪਣੇ ਮੁਤਾਬਕ ਨਿਆਂਪਾਲਿਕਾ ਵਿਚ ਹੈ, ਦੇ ਅਪਮਾਨਜਨਕ ਫੈਸਲੇ ਸੁਣਾਉਣ ਤੋਂ ਨਹੀਂ ਰੋਕਦਾ ਤਾਂ ਫਿਰ ਉਨਾਂ ਨੂੰ ਸਬੂਤ ਸਾਂਝੇ ਕਰਨ ਤੋਂ ਕੌਣ ਰੋਕ ਰਿਹਾ ਹੈ? ਜੇਕਰ ਦੋਹਾਂ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਬਿਆਨਾਂ ਨੂੰ ਵਾਚਿਆ ਜਾਵੇ ਤਾਂ ਇਹਨਾਂ ਦਾ ਮਨੋਰਥ ਬੇਅਦਬੀ ਬਾਰੇ ਇਨਸਾਫ ਕਰਨਾ ਨਹੀਂ ਹੈ ,ਸਗੋਂ ਘਟੀਆ ਸਿਆਸਤ ਕਰਨਾ ਹੈ।ਇਹੀ ਕਾਰਣ ਹੈ ਕਿ ਬੇਅਦਬੀ ਤੇ ਗੋਲੀ ਕਾਂਡ ਬਾਰੇ ਇਨਸਾਫ ਨਹੀਂ ਹੋ ਸਕਿਆ। ਮੁੱਖ ਮੰਤਰੀ ਚੰਨੀ ਕੈਪਟਨ ਵਾਂਗ ਸਮਾਂ ਟਪਾ ਰਹੇ ਹਨ। ਇਹ ਪੰਜਾਬ ਤੇ ਪੰਥ ਨਾਲ ਧੋਖਾ ਹੈ।

**ਅਨੰਦ ਕਾਰਜ ਨੂੰ ਮਾਡਰਨ ਡਰਾਮਾ ਨਾ ਬਣਾਉ**

ਵਿਦੇਸ਼ੀ ਸਿੱਖਾਂ ਵਿਚ 'ਡੈਸਟੀਨੇਸ਼ਨ ਆਨੰਦ



ਕਾਰਜ' ਦਾ ਰਿਵਾਜ ਲਗਾਤਾਰ ਵੱਧਦਾ ਜਾ ਰਿਹਾ ਹੈ। 'ਡੈਸਟੀਨੇਸ਼ਨ ਆਨੰਦ ਕਾਰਜ' ਤੋਂ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਅਨੰਦ ਕਾਰਜ ਲਈ ਗੁਰਦੁਆਰਾ ਸਾਹਿਬ ਤੋਂ ਬਾਹਰ ਕਿਸੇ ਵੀ ਜਨਤਕ ਸਥਾਨ, ਕਿਸੇ ਵਿਸ਼ੇਸ਼ ਪਾਰਕ, ਬੀਚ, ਜੰਗਲ ਜਾਂ ਪੈਲੇਸ-ਮੋਟਲ ਵਿਚ ਲੈ ਕੇ ਜਾਣ ਤੋਂ ਹੈ। 'ਡੈਸਟੀਨੇਸ਼ਨ ਅਨੰਦ ਕਾਰਜ' ਦੇ ਰੁਝਾਨ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਤੇ ਮਾਣ-ਮਰਯਾਦਾ ਨੂੰ ਵੱਡੀ ਪੱਧਰ ਉਤੇ ਢਾਹ ਲੱਗ ਰਹੀ ਹੈ। ਵਿਦੇਸ਼ ਤੋਂ ਬਾਅਦ ਹੁਣ ਦੇਖਾ-ਦੇਖੀ ਭਾਰਤ ਵਿਚ ਵੀ ਇਹ ਰਿਵਾਜ ਸ਼ੁਰੂ ਹੋਣ ਲੱਗ ਪਿਆ ਹੈ। ਹਾਲਾਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਮੈਰੇਜ ਪੈਲੇਸਾਂ ਵਿਚ ਲਿਜਾਣ 'ਤੇ ਮਨਾਹੀ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ ਸੀ ਪਰ ਬਦਲਦੇ ਜ਼ਮਾਨੇ ਵਿਚ ਹੁਣ ਅਮੀਰ ਬੀਚਾਂ, ਪਾਰਕਾਂ ਤੇ ਜੰਗਲਾਂ ਵਿਚ, ਵੀਡੀਓਗ੍ਰਾਫੀ ਤੇ ਫੋਟੋਗ੍ਰਾਫੀ ਦੇ ਨਜ਼ਰੀਏ ਤੋਂ ਕੁਝ ਵਿਸ਼ੇਸ਼ 'ਲੋਕੇਸ਼ਨਾਂ' 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਲਿਜਾ ਕੇ ਅਨੰਦ ਕਾਰਜ ਕਰਨ ਲੱਗ ਪਏ ਹਨ। ਇਸ ਦੇ ਕਾਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ ਤੇ ਸਰਵਸ੍ਰੇਸ਼ਟਤਾ ਨਾਲੋਂ ਵਿਆਹ ਵਾਲੀ ਜੋੜੀ ਤੇ ਲੋਕੇਸ਼ਨ ਨੂੰ ਪਹਿਲ ਦਿੱਤੀ ਜਾਣ ਲੱਗੀ ਹੈ। ਮਰਯਾਦਾ ਅਨੁਸਾਰ ਤਾਂ ਆਨੰਦ ਕਾਰਜ ਗੁਰਦੁਆਰਾ ਸਾਹਿਬਾਨ ਦੀ ਹਦੂਦ ਦੇ ਅੰਦਰ ਜਾਂ ਉਨਾਂ ਘਰਾਂ ਵਿਚ ਹੀ ਹੋਣੇ ਚਾਹੀਦੇ ਹਨ, ਜਿੱਥੇ ਅਦਬ-ਸਤਿਕਾਰ ਤੇ ਮਾਣ-ਮਰਯਾਦਾ ਬਿਹਤਰੀਨ ਤਰੀਕੇ ਨਾਲ ਕਾਇਮ ਰਹਿ ਸਕੇ। ਇਸ ਕਰਕੇ 'ਡੈਸਟੀਨੇਸ਼ਨ ਅਨੰਦ ਕਾਰਜਾਂ' ਦੇ ਰੁਝਾਨ ਨੂੰ ਠੱਲ ਪਾਉਣ ਲਈ ਬਹੁ-ਪੱਖੀ ਪਹੁੰਚ ਦੀ ਲੋੜ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਇਸ ਸਬੰਧੀ ਢੁੱਕਵਾਂ ਆਦੇਸ਼ ਜਾਰੀ ਹੋਣਾ ਚਾਹੀਦਾ ਹੈ। ਜਾਗਰੂਕਤਾ ਦੇ ਪੱਧਰ 'ਤੇ ਵੀ ਗੁਰਬਾਣੀ, ਸਿੱਖ ਇਤਿਹਾਸ ਤੇ ਪਰੰਪਰਾਵਾਂ ਦੇ ਜ਼ਰੀਏ ਇਸ ਗੱਲ ਦਾ ਪ੍ਰਚਾਰ ਕਰਨ ਦੀ ਲੋੜ ਹੈ ਕਿ 'ਡੈਸਟੀਨੇਸ਼ਨ ਅਨੰਦ ਕਾਰਜ' ਸਿੱਖ ਮਰਯਾਦਾ ਦੇ ਉਲਟ ਹੈ। ਪ੍ਰਵਾਸੀ ਖਾਲਸਾ ਜੀ ਨੂੰ ਇਸ ਗ਼ਲਤ ਰੁਝਾਨ ਦੇ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ।ਸਿੱਖ ਧਰਮ ਅਨੁਸਾਰ ਗੁਰੂ ਗਰੰਥ ਸਾਹਿਬ ਨੂੰ ਹਾਜਰ ਨਾਜਰ ਮੰਨ ਕੇ ਲੜਕੇ ਦੀਆਂ ਲਾਵਾਂ ਵੀ ਅਕਾਲ ਪੁਰਖੁ ਨਾਲ ਹੁੰਦੀਆਂ ਹਨ ਤੇ ਲੜਕੀ ਦੀਆਂ ਲਾਵਾਂ ਵੀ ਅਕਾਲ ਪੁਰਖੁ ਨਾਲ ਹੀ ਹੁੰਦੀਆਂ ਹਨ।

ਸਿਰਫ਼ ਸਰੀਰਕ ਤੌਰ 'ਤੇ ਰਲ ਕੇ ਰਹਿਣ ਤੇ ਬਹਿਣ ਵਾਲੇ ਮਰਦ ਔਰਤ ਨੂੰ ਅਸਲੀ ਪਤੀ ਪਤਨੀ ਨਹੀਂ ਆਖਿਆ ਜਾ ਸਕਦਾ ਹੈ। ਅਸਲੀ ਪਤੀ ਪਤਨੀ ਉਹ ਹਨ, ਜਿਹੜੇ ਭਾਵੇਂ ਸਰੀਰਕ ਤੌਰ 'ਤੇ ਦੋ ਹਨ, ਪਰ ਇੱਕ ਜੋਤਿ ਹਨ।

ਜੇਕਰ ਪਤੀ ਪਤਨੀ ਦਾ ਧਰਮ, ਕਾਨੂੰਨ, ਅਸੂਲ, ਸੋਚ ਤੇ ਵਿਚਾਰਧਾਰਾ ਇੱਕ ਹੈ, ਤਾਂ ਆਪਸ ਵਿੱਚ ਕੋਈ ਭੇਦ ਭਾਵ ਨਹੀਂ, ਕੋਈ ਝਗੜਾ ਨਹੀਂ, ਕੋਈ ਵੱਡਾ ਛੋਟਾ ਨਹੀਂ। ਜਦੋਂ, ਇਹ ਦੋਵੇਂ ਸਰੀਰ ਪਤੀ ਪਤਨੀ ਦੇ ਤੌਰ 'ਤੇ, ਇੱਕ ਵਿਚਾਰਧਾਰਾ ਨਾਲ ਸਮਾਜ ਵਿੱਚ ਵਿਚਰਦੇ ਹਨ, ਤਾਂ ਇੱਕ ਸਫਲ ਪਰਿਵਾਰ ਪੈਦਾ ਹੁੰਦਾ ਹੈ।

ਗੁਰਬਾਣੀ ਵਿੱਚ ਅੰਕਿਤ ਚਾਰ ਲਾਵਾਂ ਦਾ ਮੰਤਵ, ਜੀਵ ਇਸਤਰੀ ਦਾ ਕਦੇ ਨਾ ਨਾਸ ਹੋਣ ਵਾਲੇ ਇੱਕ ਅਕਾਲ ਪੁਰਖੁ ਦਾ ਮਿਲਾਪ ਹੈ।

# ਮਾਨ ਨੇ ਕਿਹਾ ਕਿ ਅਕਾਲੀ-ਭਾਜਪਾ ਤੇ ਕੈਪਟਨ ਸਰਕਾਰ ਨੇ ਬੇਅਦਬੀ ਘਟਨਾਵਾਂ ਨੂੰ ਲੁਕਾਇਆ

**ਜੈਤੋ/ਏ.ਟੀ.ਨਿਊਜ਼** : ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਬਰਗਾੜੀ ਵਿੱਚ ਬੀਤੇ ਐਤਵਾਰ ਨੂੰ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ 'ਪੰਥ, ਗ੍ਰੰਥ ਤੇ ਕਿਸਾਨ ਬਚਾਓ' ਬੈਨਰ ਹੇਠ ਇਕੱਠ ਕੀਤਾ ਗਿਆ, ਜਿਸ ਵਿੱਚ ਆਗੂਆਂ ਨੇ ਆਜ਼ਾਦ ਭਾਰਤ ਦੀਆਂ ਹਕੂਮਤਾਂ 'ਤੇ ਸਿੱਖਾਂ ਪ੍ਰਤੀ ਬੇਗਾਨਗੀ ਵਾਲਾ ਵਤੀਰਾ ਅਪਣਾਉਣ ਦਾ ਦੋਸ਼ ਲਾਉਂਦਿਆਂ ਲੋਕਾਂ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਨਾਂ ਦੇ ਦਲ ਦੀ ਸਰਕਾਰ ਬਣਾਉਣ ਦੀ ਅਪੀਲ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਉਨਾਂ ਕਿਹਾ ਕਿ ਅਕਾਲੀ ਦਲ (ਬਾਦਲ)-ਭਾਜਪਾ ਅਤੇ ਕੈਪਟਨ ਸਰਕਾਰ ਬੇਅਦਬੀ ਦੀਆਂ ਘਟਨਾਵਾਂ 'ਤੇ ਪਰਦਾਪੋਸ਼ੀ ਕਰਦੀਆਂ ਰਹੀਆਂ ਹਨ



ਤੇ ਚੰਨੀ ਸਰਕਾਰ ਦੀ ਕਾਰਗੁਜ਼ਾਰੀ ਹਾਲੇ ਭਵਿੱਖ ਵਿਚ ਛੁਪੀ ਹੋਈ ਹੈ। ਉਨਾਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਵਿਚ ਹੋ ਰਹੀ ਦੇਰੀ ਪਿੱਛੇ ਵੀ ਮੋਦੀ ਸਰਕਾਰ ਤੇ ਬਾਦਲਾਂ ਦੀ ਮਿਲੀਭੁਗਤ ਹੋਣ ਦੀ ਗੱਲ ਆਖੀ। ਸਿਮਰਨਜੀਤ ਮਾਨ ਨੇ ਕਿਸਾਨਾਂ ਨੂੰ ਅੰਦੋਲਨ ਦੀ ਜਿੱਤ 'ਤੇ ਵਧਾਈ ਦਿੱਤੀ ਤੇ ਹਮ-ਖ਼ਿਆਲੀਆਂ ਦੇ ਸਹਿਯੋਗ ਨਾਲ ਪਿੰਡ-ਪਿੰਡ ਵਿੱਚ ਪੰਜ ਮੈਂਬਰੀ 'ਗੁਰੂ ਕੀ ਫੌਜ' ਬਣਾਉਣ ਦਾ ਸੱਦਾ ਦਿੱਤਾ।

ਇਸ ਦੌਰਾਨ ਲੱਖਾ ਸਿਧਾਣਾ ਨੇ ਕਿਹਾ ਕਿ ਜਦੋਂ ਤੱਕ ਮੋਦੀ ਸਰਕਾਰ ਐੱਮਐੱਸਪੀ 'ਤੇ ਕਾਨੂੰਨ ਨਹੀਂ ਬਣਾਉਂਦੀ, ਉਦੋਂ ਤੱਕ ਕਿਸਾਨ ਮੋਰਚਾ ਖਤਮ ਨਹੀਂ ਕਰਨਾ ਚਾਹੀਦਾ।

# ਕੇਂਦਰ ਬੋਲਿਆ, ਬੀਐੱਸਐੱਫ ਦਾ ਅਧਿਕਾਰ ਖੇਤਰ ਵਧਾਉਣ ਬਾਰੇ ਪੰਜਾਬ ਦੀ ਸੋਚ ਬੇਬੁਨਿਆਦ

**ਨਵੀਂ ਦਿੱਲੀ/ਏ.ਟੀ.ਨਿਊਜ਼** : ਕੇਂਦਰ ਸਰਕਾਰ ਨੇ ਕਿਹਾ ਹੈ ਕਿ ਪੱਛਮੀ ਬੰਗਾਲ ਅਤੇ ਪੰਜਾਬ ਸਣੇ ਕੁੱਝ ਰਾਜਾਂ ਦੀਆਂ ਸਰਕਾਰਾਂ ਵੱਲੋਂ ਕੁਝ ਰਾਜਾਂ ਵਿੱਚ ਬੀਐੱਸਐੱਫ ਦਾ ਅਧਿਕਾਰ ਖੇਤਰ ਵਧਾਉਣ ਦੇ ਨੋਟੀਫਿਕੇਸ਼ਨ ਬਾਰੇ ਪ੍ਰਗਟਾਏ ਖਦਸ਼ੇ ਬੇਬੁਨਿਆਦ ਹਨ। ਕੇਂਦਰੀ ਗ੍ਰਹਿ ਰਾਜ



ਮੰਤਰੀ ਨਿਤਿਆਨੰਦ ਰਾਏ ਨੇ ਲੋਕ ਸਭਾ ਵਿਚ ਸਵਾਲ ਦੇ ਲਿਖਤੀ ਜਵਾਬ ਵਿਚ ਕਿਹਾ ਕਿ ਬੀਐੱਸਐੱਫ ਦੇ ਖੇਤਰ ਅਧਿਕਾਰ ਦਾ ਵਿਸਥਾਰ ਕਰਨ ਨਾਲ ਸੂਬਾ ਪੁਲਿਸ ਦੇ ਨਾਲ-ਨਾਲ ਸਰਹੱਦ ਪਾਰ ਅਪਰਾਧਾਂ 'ਤੇ ਕੰਟਰੋਲ ਹੋਰ ਬਿਹਤਰ ਹੋ ਜਾਵੇਗਾ।

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਬਣੇ 44ਵੇਂ ਪ੍ਰਧਾਨ

## ✪ ਹੁਸ਼ਿਆਰਪੁਰ ਨੂੰ ਦੂਜੀ ਵਾਰ ਮਿਲੀ ਨੁਮਾਇੰਦਗੀ ✪ ਸ਼੍ਰੋਮਣੀ ਕਮੇਟੀ ਮੈਂਬਰ ਜੱਸੋਵਾਲ ਤੇ ਰੋਡੇ ਵਲੋਂ ਸੰਤ ਭਿੰਡਰਾਂਵਾਲਿਆ ਦੀਆਂ ਕਿਤਾਬਾਂ ਦਾ ਸਟਾਲ ਹਟਾਉਣ ਕਾਰਨ ਜਨਰਲ ਇਜਲਾਸ ਦਾ ਬਾਈਕਾਟ





**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 44ਵੇਂ ਪ੍ਰਧਾਨ ਵਜੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਨਿਯੁਕਤੀ ਹੋਣ ’ਤੇ ਅਕਾਲੀ ਹਲਕਿਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਅੰਮ੍ਰਿਤਸਰ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ਼੍ਰੋਮਣੀ ਕਮੇਟੀ ਦੀ ਜਨਰਲ ਮੀਟਿੰਗ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਸ਼੍ਰੋਮਣੀ ਕਮੇਟੀ ਦੇ ਅਗਲੇ ਪ੍ਰਧਾਨ ਵਜੋਂ ਨਿਯੁਕਤੀ ਦਾ ਐਲਾਨ ਕੀਤਾ। ਸ਼੍ਰੋਮਣੀ ਕਮੇਟੀ ਦੇ ਲਗਾਤਾਰ 25 ਸਾਲ ਪ੍ਰਧਾਨ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਬਹੁਤ ਨਜ਼ਦੀਕੀ ਸਾਥੀ ਰਹਿ ਚੁੱਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਰਕਾਰੀ ਹਾਈ ਸਕੂਲ ਘੰਟਾਘਰ ਹੁਸ਼ਿਆਰਪੁਰ ਤੋਂ ਮੈਟ੍ਰਿਕ ਪਾਸ ਕਰਨ ਉਪਰੰਤ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਗਰੈਜੂਏਸ਼ਨ ਕਰਕੇ ਸਿਆਸੀ ਹਲਕਿਆਂ ਵਿੱਚ ਸਰਗਰਮ ਹੋ ਗਏ ਜਿਸ ਤੋਂ ਬਾਅਦ ਉਨਾਂ ਨੇ ਸ੍ਰੀ ਗੰਗਾਨਗਰ ਤੋਂ ਵਕਾਲਤ ਦੀ ਡਿਗਰੀ ਪਾਸ ਕੀਤੀ। ਪਿਛਲੇ ਲੰਮੇ ਸਮੇਂ ਤੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਹਲਕਾ ਸ਼ਾਮ ਚੁਰਾਸੀ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਵਜੋਂ ਨੁਮਾਇੰਦਗੀ ਕਰ ਰਹੇ ਹਨ ਅਤੇ ਸਾਲ 2020 ਵਿੱਚ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਵੱਜੋਂ ਸੇਵਾਵਾਂ ਨਿਭਾ ਰਹੇ ਹਨ।

ਜ਼ਿਕਰਯੋਗ ਹੈ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜ਼ਿਲਾ ਹੁਸ਼ਿਆਰਪੁਰ ਦੇ ਹਲਕਾ ਸ਼ਾਮ ਚੁਰਾਸੀ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਹਨ ਅਤੇ ਮੌਜੂਦਾ ਸਮੇਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਵਜੋਂ ਜ਼ਿੰਮੇਵਾਰੀ ਨਿਭਾ ਰਹੇ ਹਨ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਇਸ ਨਿਯੁਕਤੀ ਨਾਲ ਹੁਸ਼ਿਆਰਪੁਰ ਦੇ ਇਤਿਹਾਸ ਵਿਚ ਦੂਜੀ ਵਾਰ ਸ਼੍ਰੋਮਣੀ ਕਮੇਟੀ ਦੇ ਵਿੱਚ ਜ਼ਿਲਾ ਹੁਸ਼ਿਆਰਪੁਰ ਨੂੰ ਵੱਡੀ ਨੁਮਾਇੰਦਗੀ ਮਿਲੀ ਹੈ। ਇਸ ਤੋਂ ਪਹਿਲਾਂ ਹਲਕਾ ਮਾਹਿਲਪੁਰ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਗਿਆਨੀ ਕਾਬਲ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹਿ ਚੁੱਕੇ ਹਨ। ਰਘੁਜੀਤ ਸਿੰਘ ਵਿਰਕ ਨੂੰ ਸੀਨੀਅਰ ਮੀਤ ਪ੍ਰਧਾਨ, ਪ੍ਰਿੰਸੀਪਲ ਸੁਰਿੰਦਰ ਸਿੰਘ ਨੂੰ ਜੂਨੀਅਰ ਮੀਤ ਪ੍ਰਧਾਨ ਅਤੇ ਕਰਨੈਲ ਸਿੰਘ ਪੰਜੋਲੀ ਨੂੰ ਜਨਰਲ ਸਕੱਤਰ ਚੁਣਿਆ ਗਿਆ ਹੈ।

ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਏ ਜਨਰਲ ਇਜਲਾਸ ਦੌਰਾਨ ਪ੍ਰਧਾਨ ਅਤੇ ਜਨਰਲ ਸਕੱਤਰ ਦੀ ਚੋਣ ਵੋਟਾਂ ਪਾ ਕੇ ਕੀਤੀ ਗਈ ਹੈ ਜਦੋਂਕਿ ਸੀਨੀਅਰ ਤੇ ਜੂਨੀਅਰ ਮੀਤ ਪ੍ਰਧਾਨ ਬਿਨਾਂ ਕਿਸੇ ਵਿਰੋਧ ਦੇ ਨਾਮਜ਼ਦ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਦੀ 11 ਮੈਂਬਰੀ ਅੰਤ੍ਰਿੰਗ ਕਮੇਟੀ ਵਿਚ ਹਰਜਾਪ ਸਿੰਘ ਸੁਲਤਾਨਵਿੰਡ, ਸੁਰਜੀਤ ਸਿੰਘ ਕੰਗ, ਗੁਰਿੰਦਰਪਾਲ ਸਿੰਘ ਗੋਰਾ, ਜੋਧ ਸਿੰਘ ਸਮਰਾ, ਬੀਬੀ ਗੁਰਪ੍ਰੀਤ ਕੌਰ, ਸਰਵਣ ਸਿੰਘ ਕੁਲਾਰ, ਸੁਰਜੀਤ ਸਿੰਘ ਗੜੀ, ਜਰਨੈਲ ਸਿੰਘ ਡੋਗਰਾਂਵਾਲਾ, ਬਲਵਿੰਦਰ ਸਿੰਘ ਵੇਈਂਪੁਈ, ਅਮਰਜੀਤ ਸਿੰਘ ਬੰਡਾਲਾ ਅਤੇ ਵਿਰੋਧੀ ਧਿਰ ਦੇ ਇਕ ਮੈਂਬਰ ਵਜੋਂ ਗੁਰਪ੍ਰੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਇਜਲਾਸ ਦੌਰਾਨ ਵਿਰੋਧੀ ਧਿਰ ਦੇ ਮੈਂਬਰਾਂ ਵਲੋਂ ਪਾਏ ਰੌਲੇ-ਰੱਪੇ ਕਾਰਨ ਸਾਰੇ ਮਤੇ ਨਹੀਂ ਪੜੇ ਜਾ ਸਕੇ ਅਤੇ ਸਮਾਗਮ ਦੀ ਸਮਾਪਤੀ ਲਈ ਅਰਦਾਸ ਕਰ ਦਿੱਤੀ ਗਈ। ਸਮਾਗਮ ਦੇ ਸ਼ੁਰੂ ਵਿਚ ਹੀ ਬਲਵਿੰਦਰ ਸਿੰਘ ਬੈਂਸ ਤੇ ਉਨਾਂ ਦੇ ਸਾਥੀਆਂ ਨੇ ਲਾਪਤਾ ਸਰੂਪਾਂ ਦਾ ਮਾਮਲਾ ਉਠਾਉਣ ਦਾ ਯਤਨ ਕੀਤਾ ਜਦੋਂਕਿ ਚੋਣ ਦੇ ਮੱਧ ਦੌਰਾਨ ਵਿਰੋਧੀ ਧਿਰ ਦੇ ਇਨਾਂ ਸਾਰੇ ਮੈਂਬਰਾਂ ਨੇ ਅੰਤ੍ਰਿੰਗ ਕਮੇਟੀ ਵਿਚ ਦੋ ਮੈਂਬਰ ਲੈਣ ਦੀ ਮੰਗ ਨੂੰ ਲੈ ਕੇ ਰੌਲਾ ਪਾਇਆ।

ਬੀਬੀ ਜਗੀਰ ਕੌਰ ਨੇ ਸਦਨ ਦੀ ਕਾਰਵਾਈ ਸ਼ੁਰੂ ਕਰਦਿਆਂ ਨਵੇਂ ਪ੍ਰਧਾਨ ਦੀ ਚੋਣ ਲਈ ਮੈਂਬਰਾਂ ਦਾ ਨਾਂ ਪੇਸ਼ ਕਰਨ ਲਈ ਆਖਿਆ। ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਵਲੋਂ ਸੁਰਜੀਤ ਸਿੰਘ ਭਿੱਟੇਵੱਡ ਨੇ ਪ੍ਰਧਾਨ ਵਾਸਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਨਾਂ ਪੇਸ਼ ਕੀਤਾ, ਜਿਸ ਦੀ ਤਾਈਦ ਮਜੀਦ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਅਤੇ ਰਵਿੰਦਰ ਸਿੰਘ ਖਾਲਸਾ ਨੇ ਕੀਤੀ। ਇਸ ਦੌਰਾਨ ਦੂਜੀ ਧਿਰ ਵਲੋਂ ਅਮਰੀਕ ਸਿੰਘ ਸ਼ਾਹਪੁਰ ਨੇ ਪ੍ਰਧਾਨ ਵਾਸਤੇ ਮਿੱਠੂ ਸਿੰਘ ਕਾਹਨੇਕੇ ਦਾ ਨਾਂ ਪੇਸ਼ ਕੀਤਾ। ਇਸ ਮੌਕੇ ਵੋਟਾਂ ਪਾ ਕੇ ਚੋਣ ਕੀਤੀ ਗਈ। ਕੁੱਲ ਹਾਜ਼ਰ 142 ਮੈਂਬਰਾਂ ਨੇ ਵੋਟਾਂ ਪਾਈਆਂ, ਜਿਸ ਵਿਚੋਂ ਧਾਮੀ ਨੂੰ 122 ਅਤੇ ਕਾਹਨੇਕੇ ਨੂੰ ਸਿਰਫ 19 ਵੋਟਾਂ ਪ੍ਰਾਪਤ ਹੋਈਆਂ ਜਦੋਂਕਿ ਇਕ ਵੋਟ ਰੱਦ ਹੋ ਗਈ। ਇਸ ਦੌਰਾਨ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ ਅਤੇ ਜੂਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਸਿੰਘ ਨੂੰ ਬਿਨਾਂ ਵਿਰੋਧ ਚੁਣ ਲਿਆ ਗਿਆ। ਜਿਵੇਂ ਹੀ ਜਨਰਲ ਸਕੱਤਰ ਦੇ ਅਹੁਦੇ ਵਾਸਤੇ ਹਾਕਮ ਧਿਰ ਵਲੋਂ ਕਰਨੈਲ ਸਿੰਘ ਪੰਜੋਲੀ ਦਾ ਨਾਂ ਪੇਸ਼ ਕੀਤਾ ਤਾਂ ਦੂਜੀ ਧਿਰ ਨੇ ਵੀ ਇਸ ਅਹੁਦੇ ਵਾਸਤੇ ਗੁਰਪ੍ਰੀਤ ਸਿੰਘ ਦਾ ਨਾਂ ਐਲਾਨਿਆ। ਵਿਰੋਧੀ ਧਿਰ ਦੀ ਵੋਟਾਂ ਪਾਉਣ ਲਈ ਜਿੱਦ ਕਾਰਨ ਮੁੜ ਵੋਟਾਂ ਪਾਈਆਂ ਗਈਆਂ, ਜਿਸ ਵਿਚ ਸ੍ਰੀ ਪੰਜੋਲੀ ਨੂੰ 112 ਅਤੇ ਗੁਰਪ੍ਰੀਤ ਸਿੰਘ ਨੂੰ ਸਿਰਫ 21 ਵੋਟਾਂ ਹੀ ਪ੍ਰਾਪਤ ਹੋਈਆਂ। ਇਕ ਵੋਟ ਰੱਦ ਹੋਈ। ਇਸ ਦੌਰਾਨ ਨਵੇਂ ਚੁਣੇ ਗਏ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਨਾਲ ਗੱਲ ਕਰਦਿਆਂ ਆਖਿਆ ਕਿ ਉਹ ਚੱਲ ਰਹੀ ਧਰਮ ਪ੍ਰਚਾਰ ਲਹਿਰ ਨੂੰ ਹੋਰ ਜ਼ੋਰ ਸ਼ੋਰ ਨਾਲ ਚਲਾਉਣਗੇ ਅਤੇ ਮਾਂ ਬੋਲੀ ਪੰਜਾਬੀ ਨੂੰ ਹੋਰ ਪ੍ਰਫੁਲਿਤ ਕਰਨ ਲਈ ਯਤਨ ਕੀਤੇ ਜਾਣਗੇ। ਉਨਾਂ ਨੇ ਵਿਰੋਧੀ ਧਿਰ ਦੇ ਮੈਂਬਰਾਂ ਵਲੋਂ ਪਾਏ ਰੌਲੇ ਰੱਪੇ ਨੂੰ ਹੁੱਲੜਬਾਜ਼ੀ ਆਖਦਿਆਂ ਕਿਹਾ ਕਿ ਇਸ ਨਾਲ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਮਰਿਆਦਾ ਦੀ ਉਲੰਘਣਾ ਹੋਈ ਹੈ। ਧਾਮੀ ਪਿਛਲੇ ਇਕ ਵਰੇ ਤੋਂ ਸੰਸਥਾ ਦੇ ਆਨਰੇਰੀ ਮੁੱਖ ਸਕੱਤਰ ਹਨ। ਉਹ 40 ਸਾਲਾਂ ਤੋਂ ਵਕਾਲਤ ਦੇ ਪੇਸ਼ੇ ਨਾਲ ਜੁੜੇ ਹੋਏ ਹਨ। ਨਵੀਂ ਨਿਯੁਕਤੀ ਮਗਰੋਂ ਉਨਾਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਧਰ ਦਮਦਮੀ ਟਕਸਾਲ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰ ਚਰਨਜੀਤ ਸਿੰਘ ਜੱਸੋਵਾਲ ਅਤੇ ਜਗਤਾਰ ਸਿੰਘ ਰੋਡੇ ਨੇ ਜਨਰਲ ਇਜਲਾਸ ਦਾ ਬਾਈਕਾਟ ਕੀਤਾ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਇਥੋਂ ਸੰਤ ਭਿੰਡਰਾਂਵਾਲਿਆਂ ਦਾ ਹੋਰਡਿੰਗ ਬੋਰਡ ਅਤੇ ਕਿਤਾਬਾਂ ਦਾ ਲਾਇਆ ਸਟਾਲ ਹਟਾਇਆ ਗਿਆ, ਜਿਸ ਦੇ ਵਿਰੋਧ ਵਿਚ ਬਾਈਕਾਟ ਕੀਤਾ ਹੈ। ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਨੇ ਧਾਮੀ ਨੂੰ ਪ੍ਰਧਾਨ ਬਣਨ ’ਤੇ ਵਧਾਈ ਦਿੱਤੀ। ਇਜਲਾਸ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

**ਕਰਤਾਰਪੁਰ ਲਾਂਘੇ ਲਈ ਪਾਸਪੋਰਟ ਦੀ ਸ਼ਰਤ ਖਤਮ ਕਰਨ ਦੀ ਮੰਗ**

ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਕਰਤਾਰਪੁਰ ਲਾਂਘੇ ਰਾਹੀਂ ਗੁਰੂ ਘਰ ਦੇ ਦਰਸ਼ਨ ਕਰਨ ਵਾਸਤੇ ਸ਼ਰਧਾਲੂਆਂ ਲਈ ਰੱਖੀ ਗਈ ਪਾਸਪੋਰਟ ਦੀ ਸ਼ਰਤ ਨੂੰ ਖਤਮ ਕੀਤਾ ਜਾਵੇ ਅਤੇ ਇਸ ਪ੍ਰਕਿਰਿਆ ਨੂੰ ਸੁਖਾਲਾ ਬਣਾਇਆ ਜਾਵੇ। ਕੇਂਦਰ ਸਰਕਾਰ ਕੋਲੋਂ ਕਿਸਾਨਾਂ ਦੀਆਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਉਣ ਲਈ ਕਾਨੂੰਨ ਬਣਾਉਣ ਦੀ ਵੀ ਮੰਗ ਕੀਤੀ ਗਈ ਹੈ। ਇਸ ਸਬੰਧ ਵਿਚ ਜਨਰਲ ਇਜਲਾਸ ਵਿਚ ਮਤਾ ਪਾਸ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕੌਮ ਦੇ ਕਈ ਮਸਲਿਆਂ ਦਾ ਭਾਰਤ ਸਰਕਾਰ ਪਾਸੋਂ ਸਪਸ਼ਟੀਕਰਨ ਵੀ ਮੰਗਿਆ ਗਿਆ ਹੈ ਅਤੇ ਕਈ ਮਸਲੇ ਰਾਜ ਸਰਕਾਰ ਨਾਲ ਵੀ ਸਬੰਧਤ ਹਨ। ਇਕ ਮਤੇ ਰਾਹੀਂ ਸਿੱਖ ਸੰਸਥਾਵਾਂ ਵਿਚ ਸਰਕਾਰੀ ਦਖ਼ਲ ਦੀ ਕਰੜੀ ਆਲੋਚਨਾ ਕਰਦਿਆਂ ਅਜਿਹੀ ਦਖਲਅੰਦਾਜ਼ੀ ਬੰਦ ਕਰਨ ਦੀ ਮੰਗ ਕੀਤੀ ਗਈ। ਇਕ ਮਤੇ ਰਾਹੀਂ ਨਵੰਬਰ ੧੯੮੪ ਸਿੱਖ ਕਤਲੇਆਮ ਨਾਲ ਸਬੰਧਤ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਕਾਂਗਰਸ ਵਿਚ ਵੱਡਾ ਅਹੁਦਾ ਦੇਣ ਦਾ ਵੀ ਵਿਰੋਧ ਕੀਤਾ ਗਿਆ। ਟਾਈਟਲਰ ਨੂੰ ਅਹੁਦੇ ਤੋਂ ਹਟਾਉਣ ਅਤੇ ਸਿੱਖ ਜਗਤ ਤੋਂ ਮਾਫੀ ਮੰਗਣ ਦੀ ਮੰਗ ਕੀਤੀ ਗਈ। ਇਜਲਾਸ ਵਲੋਂ ਪਾਵਨ ਸਰੂਪਾਂ ਦੀ ਬੇਅਦਬੀ ਦੀਆਂ ਘਟਨਾਵਾਂ ’ਤੇ ਫਿਕਰਮੰਦੀ ਜ਼ਾਹਿਰ ਕੀਤੀ ਗਈ। ਮੈਂਬਰਾਂ ਨੇ ਬੇਅਦਬੀ ਕਰਨ ਵਾਲੇ ਲੋਕਾਂ ਨੂੰ ਉਮਰ ਕੈਦ ਦੀ ਸਜ਼ਾ ਦਾ ਕਾਨੂੰਨ ਬਣਾਉਣ ਦੀ ਮੰਗ ਵੀ ਕੀਤੀ। ਇਕ ਮਤੇ ਰਾਹੀਂ ਸੀਬੀਐੱਸਈ ਵਲੋਂ ਪੰਜਾਬੀ ਨੂੰ ਮੁਖ ਵਿਸ਼ਿਆਂ ਵਿਚੋਂ ਬਾਹਰ ਕਰਨ ਦੀ ਨਿੰਦਾ ਕਰਦਿਆਂ ਇਸ ਨੂੰ ਮੁੜ ਮੁਖ ਵਿਸ਼ਿਆਂ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ।

**ਸ਼੍ਰੋਮਣੀ ਕਮੇਟੀ ਦਾ ਇਤਿਹਾਸ**

ਸ਼੍ਰੋਮਣੀ ਕਮੇਟੀ 15 ਨਵੰਬਰ, 1920 ਨੂੰ ਹੋਂਦ ਵਿਚ ਆਈ ਸੀ ਪਰ ਇਸ ਨੂੰ ਕਾਨੂੰਨੀ ਮਾਨਤਾ ਮਾਰਚ, 1925 ਦੇ ‘ਸਿੱਖ ਗੁਰਦੁਆਰਾ ਐਕਟ’ ਪਾਸ ਹੋਣ ਨਾਲ ਮਿਲੀ ਹੈ। ਪੰਜਾਬ ਵਿਚ 1920 ਤੋਂ ਲੈ ਕੇ 1925 ਤੱਕ ਗੁਰਦੁਆਰਾ ਸੁਧਾਰ ਲਹਿਰ ਵੀ ਸ਼੍ਰੋਮਣੀ ਕਮੇਟੀ ਦੀ ਦੇਖ-ਰੇਖ ਹੇਠ ਚੱਲੀ, ਜਿਸ ਸਦਕਾ ਗੁਰਦੁਆਰਿਆਂ ਤੋਂ ਮਹੰਤਾਂ ਦਾ ਕਬਜ਼ਾ ਖ਼ਤਮ ਹੋਇਆ ਅਤੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ ਅਧੀਨ ਆਇਆ। ਸ਼੍ਰੋਮਣੀ ਕਮੇਟੀ ਦੀ ਵੱਕਾਰੀ ਸੰਸਥਾ ਨੇ ਸਿਰਫ਼ ਗੁਰਦੁਆਰਿਆਂ ਨੂੰ ਮਹੰਤਾਂ ਦੇ ਸਿੱਧੇ ਅਤੇ ਬਸਤੀਵਾਦ ਦੇ ਅਸਿੱਧੇ ਕੰਟਰੋਲ ਤੋਂ ਅਜ਼ਾਦ ਹੀ ਨਹੀਂ ਕਰਵਾਇਆ ਬਲਕਿ ਨਵੀਂ ਲੀਡਰਸ਼ਿਪ ਤੇ ਵੱਕਾਰੀ ਸੰਸਥਾ ਹੋਂਦ ਵਿਚ ਆਈ ਜੋ ਪਿਛਲੀ ਇੱਕ ਸਦੀ ਤੋਂ ਲਗਾਤਾਰ ਪੰਜਾਬ ਅਤੇ ਸਿੱਖਾਂ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸਰੋਕਾਰਾਂ ਨੂੰ ਰੂਪਰੇਖਾ ਦਿੰਦਿਆਂ ਸਿੱਖ ਕੌਮ ਦਾ ਲਗਾਤਾਰ ਮਾਰਗ ਦਰਸ਼ਨ ਕਰ ਰਹੀ ਹੈ।

ਸ਼੍ਰੋਮਣੀ ਕਮੇਟੀ ਬਣਨ ਵੇਲੇ ਇਸ ਦਾ ਘੇਰਾ ਉਸ ਵੇਲੇ ਦਾ ਸਮੁੱਚਾ ਪੰਜਾਬ ਸੀ ਪਰ 1947 ਦੀ ਦੇਸ਼ ਵੰਡ ਹੋਣ ਨਾਲ 178 ਦੇ ਕਰੀਬ ਗੁਰਦੁਆਰੇ ਪਾਕਿਸਤਾਨ ਵਿੱਚ ਰਹਿ ਗਏ, ਜਿਨਾਂ ਦੀ ਸਾਂਭ-ਸੰਭਾਲ ਲਈ ਉੱਥੇ ‘ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ’ ਬਣੀ ਹੋਈ ਹੈ। ਕਾਬਲੇਗੌਰ ਹੈ ਕਿ ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ ਵੱਲੋਂ 11 ਅਪ੍ਰੈਲ, 1999 ਨੂੰ ਹੋਂਦ ਵਿਚ ਆਈ ‘ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ’ ਬਣਨ ਦਾ ਵੀ ਵਿਰੋਧ ਕੀਤਾ ਗਿਆ ਸੀ। ਭਾਰਤ ਵਿੱਚ ਵੀ ਪੰਜਾਬ ਤੋਂ ਬਾਹਰ ਖ਼ਾਸ ਕਰਕੇ ਦਿੱਲੀ, ਪਟਨਾ (ਬਿਹਾਰ), ਨਾਂਦੇੜ ਸਾਹਿਬ (ਮਹਾਰਾਸ਼ਟਰ) ਅਤੇ ਜੰਮੂ-ਕਸ਼ਮੀਰ ਵਿੱਚ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਲਈ ਵੱਖ-ਵੱਖ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਬਣੀਆਂ ਹਨ।

ਅਜ਼ਾਦੀ ਤੋਂ ਬਾਅਦ ਪੰਜਾਬੀ ਸੂਬਾ ਬਣਾਉਣ ਦੇ ਆਧਾਰ ’ਤੇ ਪੰਜਾਬ ਦੀ ਦੂਜੀ ਵੰਡ ਪੰਜਾਬ ਪੁਨਰਗਠਨ ਐਕਟ-1966 ਦੇ ਸੈਕਸ਼ਨ 72 ਤਹਿਤ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ ਹੋਂਦ ਵਿੱਚ ਆਏ। ਇਸ ਵੰਡ ਨੇ ਸ਼੍ਰੋਮਣੀ ਕਮੇਟੀ ਨੂੰ ਇਕ ਅੰਤਰਰਾਜੀ ਸੰਸਥਾ ਬਣਾ ਦਿੱਤਾ, ਜਿਸ ’ਤੇ ਸ਼੍ਰੋਮਣੀ ਅਕਾਲੀ ਦਲ ਦੀ ਸਹਿਮਤੀ ਦੇ ਦਸਤਖ਼ਤ ਵੀ ਹਨ। 1966 ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਸੰਸਥਾ ਦੀਆਂ ਚੋਣਾਂ ਕਰਵਾਉਣ ਆਦਿ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਪੰਜਾਬ ਰਾਜ ਦੀ ਸੀ ਪਰ 1966 ਤੋਂ ਬਾਅਦ ਧਾਰਮਿਕ ਸੰਸਥਾ ਦੀ ਸਥਾਪਨਾ ਅਤੇ ਸੰਚਾਲਨ ਭਾਰਤੀ ਸੰਵਿਧਾਨ ਦੀ 7ਵੀਂ ਸੂਚੀ ਤਹਿਤ ਇਹ ਜ਼ਿੰਮੇਵਾਰੀ ਕੇਂਦਰ ਸਰਕਾਰ ਦੇ ਹੱਥਾਂ ਵਿੱਚ ਚਲੀ ਗਈ। ਪੰਜਾਬ ਪੁਨਰਗਠਨ ਐਕਟ 1966 ਤਹਿਤ ਕੇਂਦਰ ਸਰਕਾਰ ਨੇ ਸ਼੍ਰੋਮਣੀ ਕਮੇਟੀ ਵਿਚ ਔਰਤਾਂ ਦੇ ਰਾਖਵਾਂਕਰਨ ਦੇ ਨਾਲ ਸਹਿਜਧਾਰੀ ਸਿੱਖਾਂ ਨੂੰ ਵੋਟ ਦੇਣ ਦਾ ਅਧਿਕਾਰ ਖ਼ਤਮ ਕਰ ਦਿੱਤਾ ਸੀ। ਬੇਸ਼ੱਕ 1966 ਦੀਆਂ ਚੋਣਾਂ ਦੌਰਾਨ ਔਰਤਾਂ ਵਾਸਤੇ 30 ਸੀਟਾਂ ਰਾਖਵੀਆਂ ਕਰ ਦਿੱਤੀਆਂ ਗਈਆਂ ਸਨ ਤਾਂ ਵੀ ਔਰਤਾਂ ਦੀ ਆਬਾਦੀ ਦੇ ਮੁਤਾਬਕ ਇਹ ਗਿਣਤੀ ਘੱਟ ਹੈ। ਇੱਥੇ ਦੱਸਣਾ ਬਣਦਾ ਹੈ ਕਿ ਆਜ਼ਾਦੀ ਤੋਂ ਪਹਿਲਾਂ ਅਤੇ ਅਜ਼ਾਦੀ ਤੋਂ ਬਾਅਦ 1925 ਤੋਂ ਲੈ ਕੇ 1931 ਤੱਕ ਸਿੱਖ ਗੁਰਦੁਆਰਾ ਐਕਟ ਵਿੱਚ 32 ਸੋਧਾਂ ਹੋ ਚੁੱਕੀਆਂ ਸਨ। ਸ਼੍ਰੋਮਣੀ ਕਮੇਟੀ ਦੀ ਚੋਣ ਪ੍ਰਕਿਰਿਆ ਤਹਿਤ 170 ਮੈਂਬਰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ ਵਿੱਚੋਂ ਸਿੱਖ ਵੋਟਰਾਂ ਦੁਬਾਰਾ ਵੋਟਾਂ ਰਾਹੀਂ ਚੁਣੇ ਜਾਂਦੇ ਹਨ। ਇਸ ਤੋਂ ਇਲਾਵਾ ਦੇਸ਼ ਭਰ ਵਿੱਚੋਂ 15 ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਪੰਜ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਬਿਨਾਂ ਚੋਣ ਤੋਂ ਕਮੇਟੀ ਦੇ ਮੈਂਬਰ ਹੁੰਦੇ ਹਨ। ਮੈਂਬਰਾਂ ਦੀ ਕੁਲ ਗਿਣਤੀ 191 ਹੁੰਦੀ ਹੈ। ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਹਰ ਸਾਲ ਨਵੰਬਰ ਮਹੀਨੇ ਵਿਚ ਕੀਤੀ ਜਾਂਦੀ ਹੈ, ਜਿਸ ਦੌਰਾਨ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ 15 ਮੈਂਬਰੀ ਅੰਤ੍ਰਿੰਗ ਕਮੇਟੀ ਚੁਣੀ ਜਾਂਦੀ ਹੈ। ਇਸ ਤਰਾਂ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਸੰਗਤ ਦੁਆਰਾ ਚੁਣੇ ਹੋਏ ਨੁਮਾਇੰਦੇ ਕਰਦੇ ਹਨ।

ਗੁਰਦੁਆਰਾ ਐਕਟ ਅਨੁਸਾਰ ਇਹ ਚੋਣਾਂ 5 ਸਾਲ ਬਾਅਦ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ ਪਰ 2004 ਵਿੱਚ ਉੱਠੇ ਸਹਿਜਧਾਰੀ ਵੋਟਰਾਂ ਵੱਲੋਂ ਵੋਟ ਪਾਉਣ ਦੇ ਦੁਬਾਰਾ ਹੱਕ ਦਾ ਕੇਸ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹੋਣ ਕਾਰਨ ਇਹ ਚੋਣਾਂ ਪਛੜ ਕੇ 2009 ਦੀ ਬਜਾਏ 2011 ਵਿੱਚ ਹੋਈਆਂ ਸਨ ਅਤੇ ਸੁਪਰੀਮ ਕੋਰਟ ਵਿੱਚ ਕੇਸ ਲੰਬਿਤ ਹੋਣ ਕਾਰਨ ਇਨਾਂ ਚੋਣਾਂ ਵਿੱਚ ਚੁਣੇ ਗਏ ਅਹੁਦੇਦਾਰ ਕੇਵਲ ਕਾਰਜਕਾਰੀ ਹੁੰਦੇ ਹਨ ਅਤੇ ਉਨਾਂ ਕੋਲ ਕਿਸੇ ਐਕਟ ਵਿੱਚ ਤਬਦੀਲੀ ਸਬੰਧੀ ਅਧਿਕਾਰਤ ਫ਼ੈਸਲਾ ਲੈ ਸਕਣ ਕੋਈ ਸੰਵਿਧਾਨਕ ਹੱਕ ਨਹੀਂ ਹੈ।

ਹਾਲ ਦੀ ਘੜੀ 29 ਨਵੰਬਰ, 2021 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਨਵੇਂ ਪ੍ਰਧਾਨ ਦੀ ਚੋਣ ਦੀਆਂ ਚੱਲ ਰਹੀਆਂ ਕਿਆਸ ਅਰਾਈਆਂ ਨੂੰ ਵਿਰਾਮ ਲੱਗ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਅਤੇ ਕਾਰਜਕਾਰਨੀ ਨੂੰ ਸਿਆਸੀ ਗਲਿਆਰਿਆਂ ਵਿਚ ਇਸ ਵਾਰ ਵਧੇਰੇ ਅਹਿਮੀਅਤ ਇਸ ਕਰਕੇ ਦਿੱਤੀ ਜਾ ਰਹੀ ਹੈ, ਕਿਉਂਕਿ ਆਉਣ ਵਾਲੇ ਵਰੇ 2022 ਦੇ ਸ਼ੁਰੂ ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਇਸ ਚੋਣ ਨੂੰ ਅਕਾਲੀ ਦਲ (ਬਾਦਲ) ਆਪਣੇ ਨਫ਼ੇ ਨੁਕਸਾਨ ਨੂੰ ਸਾਹਮਣੇ ਰੱਖ ਕੇ ਹੀ ਤਿਆਰੀ ਕਰ ਰਿਹਾ ਹੈ। ਭਾਵੇਂ ਆਮ ਪ੍ਰਭਾਵ ਦਿੱਤਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਕਾਰਜਕਾਰਨੀ ਦੀ ਚੋਣ ਦੌਰਾਨ ਸੰਬੰਧਿਤ ਮੈਂਬਰਾਂ ਦੀ ਰਾਇ ਲਈ ਜਾਂਦੀ ਹੈ ਪਰ ਇਹ ਵੀ ਸੱਚ ਹੈ ਕਿ ਸ਼੍ਰੋਮਣੀ ਕਮੇਟੀ ਦੀ ਇਹ ਚੋਣ ਅਕਾਲੀ ਦਲ ਦੀ ਹਾਈਕਮਾਂਡ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਪਸੰਦ ਉੱਤੇ ਨਿਰਭਰ ਕਰਦੀ ਹੈ, ਜਿਸ ਨੂੰ ਆਲੋਚਕਾਂ ਵੱਲੋਂ ਲਿਫ਼ਾਫ਼ਾ ਕਲਚਰ ਦਾ ਨਾਮ ਵੀ ਦਿੱਤਾ ਜਾਂਦਾ ਹੈ।ਕੁੱਲ ਮਿਲਾ ਕੇ ਕਹਿ ਸਕਦੇ ਹਾਂ ਕਿ ਇਸ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਕਾਰਜਕਾਰਨੀ ਦੀ ਚੋਣ ਮੌਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਏਜੰਡੇ ਉੱਤੇ ਤਿੰਨ ਮੁੱਦੇ ਸਾਹਮਣੇ ਆਉਂਦੇ ਹਨ; ਇਕ ਸ਼੍ਰੋਮਣੀ ਕਮੇਟੀ ਦੇ ਅੰਦਰਲੇ ਸਿਸਟਮ ਨੂੰ ਦਰੁਸਤ ਕਰਨਾ, ਦੂਜਾ ਸ਼੍ਰੋਮਣੀ ਕਮੇਟੀ ਦੇ ਮਿਆਰ ਨੂੰ ਕਾਇਮ ਰੱਖਣਾ ਅਤੇ ਤੀਜਾ ਪੰਜਾਬ ਦੀਆਂ 2022 ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨਾ ਅਹਿਮ ਹੋਵੇਗਾ। ਇਨਾਂ ਤਿੰਨਾਂ ਮੁੱਦਿਆਂ ਦੀ ਅਹਿਮੀਅਤ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਕਾਰਜਕਾਰਨੀ ਦੇ ਨਾਵਾਂ ਨੂੰ ਤੈਅ ਕਰੇਗਾ।

### ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਜਾਣ ’ਤੇ ਐਡਵੋਕੇਟ ਧਾਮੀ ਨੂੰ ਗਿਆਨੀ ਹਰਨਾਮ ਸਿੰਘ ਧੁੰਮਾ ਨੇ ਦਿੱਤੀ ਵਧਾਈ

ਅੰਮ੍ਰਿਤਸਰ/ਏ.ਟੀ.ਨਿਊਜ਼ : ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਜਾਣ ’ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਉਸ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਹੈ। ਪ੍ਰੋ: ਸਰਚਾਂਦ ਸਿੰਘ ਵੱਲੋਂ ਜਾਰੀ ਬਿਆਨ ਵਿਚ ਸੰਤ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਐਡਵੋਕੇਟ ਧਾਮੀ ਇਕ ਸੁਲਝੇ ਹੋਏ ਇਨਸਾਨ ਹਨ ਅਤੇ ਸ਼੍ਰੋਮਣੀ ਕਮੇਟੀ ਨੂੰ ਦਰਪੇਸ਼ ਚੁਣੌਤੀਆਂ ਨੂੰ ਦੂਰ ਕਰਨ ਵਿਚ ਸਫਲਤਾ ਹਾਸਲ ਕਰੇਗੀ। ਉਨਾਂ ਤੋਂ ਪੰਥ ਵੱਲੋਂ ਸੌਂਪੀ ਗਈ ਵੱਡੀ ਜ਼ਿੰਮੇਵਾਰੀ ਪੂਰੀ ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਨਿਭਾਉਣ ਦੀ ਆਸ ਕੀਤੀ ਹੈ।

# ਗਿੱਲ ਦਾ ਪਾਲਿਆ ਪੋਸਿਆ ਬਾਦਲਾਂ ਦਾ ਚਹੇਤਾ ਸੈਣੀ

## ਸਾਬਕਾ ਪੁਲਿਸ ਅਧਿਕਾਰੀ ਡੀਜੀਪੀ ਸੁਮੇਧ ਸੈਣੀ ਕਾਨੂੰਨ ਦੇ ਕਿਵੇਂ ਅੜਿੱਕੇ ਆਇਆ

### ਕਵਿੰਟ ਵੈਬਸਾਈਟ

ਜਸਵੰਤ ਸਿੰਘ ਖਾਲੜਾ ਦੇ ਅਗਵਾ ਹੋਣ ਤੋਂ ਠੀਕ ੨੫ ਸਾਲ ਬਾਅਦ, ਸਾਬਕਾ ਡੀਜੀਪੀ ਸੁਮੇਧ ਸੈਣੀ, ਜੋ ਇਕ ਵਾਰ ਪੰਜਾਬ ਵਿਚ ਅਜਿੱਤ ਕਿਲਾ ਜਾਪਦਾ ਸੀ, ਕਾਨੂੰਨ ਤੋਂ ਭੱਜ ਰਿਹਾ ਹੈ।ਮੰਗਲਵਾਰ, ੮ ਸਤੰਬਰ ਨੂੰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ੨੯ ਸਾਲ ਪੁਰਾਣੇ ਅਗਵਾ ਅਤੇ ਕਤਲ ਦੇ ਮਾਮਲੇ ਵਿੱਚ ਸੈਣੀ ਦੀ ਅਗਾਊ ਜ਼ਮਾਨਤ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ, ਜਿਸ ਨਾਲ ਉਸ ਦੀ ਜਲਦੀ ਗ੍ਰਿਫਤਾਰੀ ਦਾ ਰਾਹ ਪੱਧਰਾ ਹੋਇਆ ਸੀ। ਸੈਣੀ ਦੇ ਫਰਾਰ ਹੋਣ ਦੇ ਬਾਅਦ, ਦਲ ਖਾਲਸਾ ਕਾਰਕੁਨਾਂ ਨੇ ਸੈਣੀ ਦੇ ਨਾਮ ਭਗੌੜੇ ਹੋਣ ਦੇ ' ਪੋਸਟਰ ਲਗਾਏ ਗਏ।

**ਸੈਣੀ ਦਾ ਸੂਰਜ ਅਸਤ ਹੋਣ ਦੇ ਕਿਨਾਰੇ**

ਸਾਲ ੨੦੧੨ ਵਿੱਚ ਪੰਜਾਬ ਦੇ ਸਭ ਤੋਂ ਛੋਟੀ ਉਮਰ ਪੁਲਿਸ ਡਾਇਰੈਕਟਰ ਜਨਰਲ ਬਣਨ ਤੋਂ ਲੈ ਕੇ ਅੱਠ ਸਾਲ ਬਾਅਦ 'ਵਾਂਟਡ' ਪੋਸਟਰਾਂ ਵਿੱਚ ਉਸ ਦਾ ਨਾਮ ਆਉਣ ਤੱਕ ਸਾਬਕਾ ਚੋਟੀ ਦੇ ਪੁਲਿਸ ਅਫਸਰ ਸੁਮੇਧ ਸੈਣੀ ਦੀ ਨਾਟਕੀ ਢੰਗ ਨਾਲ ਉਸ ਦੀ ਬੇੜੀ ਡੁੱਬ ਰਹੀ ਸੀ।ਸੁਮੇਧ ਸੈਣੀ ੧੯੮੨ ਬੈਚ ਦੇ ਪੰਜਾਬ ਕੇਡਰ ਦਾ ਆਈਪੀਐਸ ਅਧਿਕਾਰੀ ਹੈ। ਖਾਲਿਸਤਾਨ ਖਾੜਕੂਵਾਦ ਦੌਰਾਨ ਖਾੜਕੂਵਾਦ ਵਿਰੋਧੀ ਕਾਰਵਾਈਆਂ ਵਿਚ ਵੱਡੀ ਪੱਧਰ ਤੇ ਸ਼ਾਮਲ ਹੋਣ ਕਰਕੇ ਸੈਣੀ ਸਾਬਕਾ ਡੀਜੀਪੀ ਕੇਪੀਐਸ ਗਿੱਲ ਦਾ ਚਹੇਤਾ ਬਣ ਗਿਆ।ਉਸਨੇ ਬਟਾਲਾ, ਫਿਰੋਜ਼ਪੁਰ, ਲੁਧਿਆਣਾ, ਬਠਿੰਡਾ, ਰੋਪੜ ਅਤੇ ਚੰਡੀਗੜ ਵਿੱਚ ਸੀਨੀਅਰ ਸੁਪਰਡੈਂਟ ਵਜੋਂ ਸੇਵਾ ਨਿਭਾਈ।ਉਹ ੨੦੦੨ ਵਿਚ ਆਈਜੀ (ਇੰਟੈਲੀਜੈਂਸ), ੨੦੦੭ ਵਿਚ ਵਿਜੀਲੈਂਸ ਬਿਓਰੋ ਦੇ ਮੁਖੀ ਅਤੇ ਅੰਤ ਵਿਚ ੨੦੧੨ ਵਿਚ ਡੀਜੀਪੀ ਬਣਿਆ।

ਉਹ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੇ ਸ਼ਾਸਨ ਦੇ ਨਜ਼ਦੀਕੀ ਵਜੋਂ ਜਾਣਿਆ ਜਾਂਦਾ ਸੀ, ਜਿਸ ਦੇ ਤਹਿਤ ਉਸਨੂੰ ਆਪਣੀਆਂ ਬਹੁਤ ਸਾਰੇ ਪ੍ਰਮੁੱਖ ਅਹੁਦੇ ਮਿਲੇ ਹਨ। ਉਦਾਹਰਣ ਵਜੋਂ, ਉਹ ਸਾਲ ੨੦੧੨ ਵਿਚ ਪੰਜਾਬ ਦਾ ਸਭ ਤੋਂ ਘੱਟ ਉਮਰ ਦਾ ਡੀਜੀਪੀ ਬਣਿਆ, ਜਿਸ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨਾਂ ਦੇ ਡਿਪਟੀ ਸੁਖਬੀਰ ਬਾਦਲ ਦੇ ਸਮਰਥਨ ਸਦਕਾ ਚਾਰ ਹੋਰ ਸੀਨੀਅਰ ਅਧਿਕਾਰੀਆਂ ਨੂੰ ਬਾਈਪਾਸ ਕਰਕੇ ਡੀਜੀਪੀ ਬਣਿਆ

ਸੈਣੀ ਨੇ ਬਾਦਲਾਂ ਦੀ ਹਮਾਇਤ ਕਰਕੇ, ਅਤੇ ਆਪਣੀ ਪਸੰਦ ਦੇ ਦੇ ਲੋਕਾਂ ਨੂੰ ਤਾਕਤ ਵਧਾਉਣ ਅਤੇ ਉਨਾਂ ਲੋਕਾਂ ਨੂੰ ਪਿਛਾਂਹ ਧੱਕਣ ਵਿੱਚ ਕਾਮਯਾਬ ਰਿਹਾ ਜਿਨਾਂ ਨੇ ਸੈਣੀ ਦੀ ਲਾਈਨ ਨੂੰ ਫਾਲੋ ਨਹੀਂ ਕੀਤਾ

ਪੱਤਰਕਾਰਾਂ ਪ੍ਰਤੀ ਵੀ ਉਸ ਦਾ ਇਹੋ ਤਰੀਕਾ ਸੀ। ਸੈਣੀ ਦੇ ਜੋ ਦੇ ਮਨਪਸੰਦ ਪੱਤਰਕਾਰ ਸਨ ਉਨਾਂ ਨੂੰ ਆਪਣੇ ਨੇੜੇ ਰੱਖਦਾ ਸੀ ਜਿਨਾਂ ਨੇ ਬਦਲੇ ਵਿਚ ਉਸ ਨੂੰ ਚਮਕਾਉਣ ਲਈ ਕਹਾਣੀਆਂ ਲਿਖੀਆਂ ਅਤੇ ਉਸ ਨੂੰ ਇਕ ਹੀਰੋ ਦੀ ਤਰਾਂ ਪ੍ਰਮੋਟ ਕੀਤਾ।

ਉਸ ਦੀ ਤਰੱਕੀ ਉਸ ਦੇ ਅੱਤਿਆਚਾਰਾਂ ਦੇ ਦੋਸ਼ਾਂ ਨੂੰ ਅਣਦਿੱਖ ਕਰਕੇ ਹੀ ਹੋਈ ਸੀ

ਮਿਸਾਲ ਵਜੋਂ, ੧੯੯੨ ਵਿਚ ਸੈਣੀ ਨੇ ਇਕ ਸੈਨਾ ਅਧਿਕਾਰੀ ਲੈਫਟੀਨੈਂਟ ਕਰਨਲ ਰਵੀ ਵਾਟਸ 'ਤੇ ਹਮਲਾ ਕੀਤਾ ਤੇ ਬਿਨਾਂ ਵਜਾ ਉਸ ਨੂੰ ਨਜ਼ਰਬੰਦ ਕਰ ਦਿੱਤਾ। ਤੇ ਉਸ ਦੀ ਕਹਾਣੀ ਨੂੰ ਕਵਰ ਕਰਨ ਵਾਲੇ ਪੱਤਰਕਾਰ ਨੂੰ ਸੈਣੀ ਨੇ ਡਰਾਇਆ ਧਮਕਾਇਆ

ਇਨਸਾਫ ਸੰਗਠਨ ਜੋ ਪੰਜਾਬ ਵਿੱਚ ਪੁਲਿਸ ਦੀਆ ਬੇਇਨਸਾਫੀ ਵਾਲੀਆਂ ਕਾਰਵਾਈਆਂ ਤੇ ਨਜ਼ਰ ਰੱਖ ਰਿਹਾ ਹੈ ,ਦਾ ਦੋਸ਼ ਹੈ ਕਿ ਸੈਣੀ ਦੀ ਕਮਾਂਡ ਹੇਠ ਇਲਾਕਿਆਂ ਵਿੱਚ ੧੫੦ ਤੋਂ ਵੱਧ ਗੁੰਮਸ਼ੁਦਗੀ ਜਾਂ ਕਤਲ ਹੋਏ ਸਨ।

ਉਨਾਂ ਨੇ ਆਪਣੀ ਪੜਤਾਲ ਵਿੱਚ ਵਿਚ ਦੋਸ਼ ਲਗਾਇਆ ਗਿਆ ਹੈ ਕਿ ਸੈਣੀ ਨਿੱਜੀ ਤੌਰ 'ਤੇ ਅਜਿਹੇ ੨੪ ਮਾਮਲਿਆਂ ਵਿਚ ਨਿੱਜੀ ਤੌਰ' ਤੇ ਸ਼ਾਮਲ ਸੀ।

ਅਜਿਹਾ ਹੀ ਇਕ ਮਾਮਲਾ ਦਸੰਬਰ ੧੯੯੧ ਵਿਚ ਬਲਵੰਤ ਸਿੰਘ ਮੁਲਤਾਨੀ ਦਾ ਹੈ।ਇਹ ੧੯੯੧ ਦੀ ਗੱਲ ਹੈ, ਜਦੋਂ ਸੈਣੀ ਐਸ ਐਸ ਪੀ ਚੰਡੀਗੜ ਸੀ। ਉਸੇ ਸਾਲ ਅਗਸਤ ਵਿੱਚ, ਸੈਣੀ ਉਪਰ ਇੱਕ ਕਾਰ ਬੰਬ ਹਮਲਾ ਹੋਇਆ ਸੀ ਜਦੋਂ ਉਹ ਘਰ ਵਾਪਸ ਜਾ ਰਿਹਾ ਸੀ. ਸੈਣੀ ਦੇ ਡਰਾਈਵਰ ਅਤੇ ਇਕ ਏਐਸਆਈ ਸਣੇ ਤਿੰਨ ਲੋਕ ਮਾਰੇ ਗਏ ਜਦਕਿ ਸੈਣੀ ਜ਼ਖਮੀ ਹੋ ਗਏ।

ਕਤਲ ਦੀ ਕੋਸ਼ਿਸ਼ ਦੇ ਪਿੱਛੇ ਪੰਜਾਬ ਪੁਲਿਸ ਦਾ ਇਕ ਵਿਅਕਤੀ ਸ਼ਾਮਲ ਹੋਣ ਦਾ ਇਲਜ਼ਾਮ ਲਾਉਣ ਵਾਲੇ ਵਿਅਕਤੀਆਂ ਵਿਚੋਂ ਇਕ ਬਲਵੰਤ ਸਿੰਘ ਮੁਲਤਾਨੀ ਸੀ ਜੋ ਕਿ ਚੰਡੀਗੜ ਵਿਚ ਸਰਕਾਰ ਦੇ ਇਕ ਜੂਨੀਅਰ ਇੰਜੀਨੀਅਰ ਤੇ ਆਈਏਐਸ ਅਧਿਕਾਰੀ ਦਰਸ਼ਨ ਸਿੰਘ ਮੁਲਤਾਨੀ ਦਾ ਬੇਟਾ ਸੀ

ਦਸੰਬਰ ੧੯੯੧ ਵਿਚ, ਬਲਵੰਤ ਨੂੰ ਪੁਲਿਸ ਨੇ ਚੁੱਕ ਲਿਆ। ਬਾਅਦ ਵਿੱਚ ਪੁਲਿਸ ਨੇ ਅਦਾਲਤ ਵਿੱਚ ਬਲਵੰਤ ਸਿੰਘ ਦੀ ੧੩ ਦਸੰਬਰ ਗ੍ਰਿਫਤਾਰੀ ਵਿਖਾ ਦਿੱਤੀ ਸੀ ਅਤੇ ੧੮ ਦਸੰਬਰ ਨੂੰ ਗੁਰਦਾਸਪੁਰ ਜ਼ਿਲੇ ਦੇ ਕਾਦੀਆਂ ਥਾਣੇ ਲਿਜਾਇਆ ਗਿਆ ਸੀ।

ਪੁਲਿਸ ਦਾ ਦਾਅਵਾ ਹੈ ਕਿ ਉਹ ੧੯ ਤਰੀਕ ਨੂੰ ਫਰਾਰ ਹੋ ਗਿਆ ਸੀ ਤੇ ਉਸ ਤੋਂ ਬਾਅਦ ਕਦੇ ਨਹੀਂ ਵੇਖਿਆ ਗਿਆ ਸੀ. ਬਾਅਦ ਵਿਚ ਉਸ ਨੂੰ ਭਗੌੜਾ ਕਰਾਰ ਦਿੱਤਾ ਗਿਆ। ਮਹੀਨੇ ਦੇ ਅਖੀਰ ਵਿਚ, ਬਲਵੰਤ ਦੇ ਪਿਤਾ ਨੇ ਇਕ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕਰਕੇ ਕਿਹਾ ਕਿ ਉਸ ਦੇ ਬੇਟੇ ਨੂੰ ਪੇਸ਼ ਕੀਤਾ ਜਾਵੇ ਪਰ ਇਸ ਨੂੰ ਖਾਰਜ ਕਰ ਦਿੱਤਾ ਗਿਆ।

**ਕੇਸ ਦੁਬਾਰਾ ਖੁੱਲਿਆ**

ਹਾਲਾਂਕਿ, ਜਦੋਂ ੨੦੦੭ ਵਿੱਚ ਧਮਾਕੇ ਦੇ ਤਿੰਨ ਹੋਰ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਸੀ, ਰਾਜ ਸਰਕਾਰ ਨੇ ਅਪੀਲ ਦਾਇਰ ਕੀਤੀ ਸੀ। ਹਾਈ ਕੋਰਟ ਨੇ ਅਪੀਲ ਖਾਰਜ ਕਰ ਦਿੱਤੀ ਤੇ ਬਲਵੰਤ ਸਮੇਤ ਭਗੌੜੇ ਅਪਰਾਧੀਆਂ ਦੀ ਸਥਿਤੀ ਬਾਰੇ ਸੀਬੀਆਈ ਦੀ ਮਦਦ ਮੰਗੀ।ਉਦੋਂ ਹੀ ਦਰਸ਼ਨ ਸਿੰਘ ਮੁਲਤਾਨੀ ਨੇ ਇਕ ਹੋਰ ਹਲਫਨਾਮਾ ਦਾਇਰ ਕੀਤਾ ਸੀ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ੧੯੯੧ ਵਿੱਚ ਹੀ ਉਸਦਾ ਲੜਕਾ ਇੱਕ ਮੁਕਾਬਲੇ ਵਿੱਚ ਮਾਰਿਆ ਗਿਆ ਸੀ। ਉਸਨੇ ਇੱਥੋਂ ਤਕ ਕਿ ਕੁਝ ਗਵਾਹ ਸਨ ਜੋ ਇਸ ਦੀ ਗਵਾਹੀ ਦੇ ਸਕਦੇ ਸਨ।

ਹਾਈ ਕੋਰਟ ਨੇ ਫਿਰ ਸੀਬੀਆਈ ਨੂੰ ਇਹਨਾਂ ਤੋਂ ਪੁੱਛਗਿੱਛ ਕਰਨ ਲਈ ਕਿਹਾ ਕਿ ਕੀ ਬਲਵੰਤ ਅਤੇ ਦੋ ਹੋਰ ਮੁਲਜ਼ਮ ਨਵਨੀਤ ਤੇ ਮਨਜੀਤ ਨੂੰ ਐਨਕਾਉਂਟਰਾਂ ਵਿੱਚ ਮਾਰੇ ਗਏ ਸਨ।

ਇਕ ਹੋਰ ਸਾਬਕਾ ਪੁਲੀਸ ਗੁਰਸ਼ਰਨ ਕੌਰ ਨੇ ਸੈਣੀ ਨੂੰ ਬਲਵੰਤ ਦੇ ਲਾਪਤਾ ਹੋਣ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਇਕ ਬਿਆਨ ਦਿੱਤਾ। ਉਸਨੇ ਬਲਵੰਤ ਨੂੰ ਥਾਣੇ ਵਿੱਚ ਜ਼ਖਮੀ ਹਾਲਤ ਵਿੱਚ ਵੇਖਿਆ ਸੀ।

.ਇੱਕ ਰਿਪੋਰਟ ਵਿੱਚ ਗੁਰਸ਼ਰਨ ਦੇ ਹਵਾਲੇ ਨਾਲ ਦਾਅਵਾ ਕੀਤਾ ਗਿਆ ਹੈ ਕਿ ਸੈਣੀ ਨੇ ਉਸਦੇ ਪਤੀ ਨੂੰ ਧਮਕੀ ਦਿੱਤੀ ਅਤੇ ਉਸ ਨੂੰ ਕਿਹਾ, "ਮੈਂ ਉਸਦੇ (ਬਲਵੰਤ) ਨੂੰ ਉਸ ਦੇ ਪਿਤਾ ਤੇ ਚਾਚੇ ਦੇ ਆਈਏਐਸ ਅਧਿਕਾਰੀ ਹੋਣ ਦੇ ਬਾਵਜੂਦ ਮਾਰ ਦਿੱਤਾ। ਕੀ ਤੂੰ ਵੀ ਮਰਨਾ ਚਾਹੁੰਦਾ ? "

ਸੀ ਬੀ ਆਈ ਜਾਂਚ ਨੇ ਇਹ ਵੀ ਕਿਹਾ ਕਿ ਉਸਨੂੰ ਤਸੀਹੇ ਦਿੱਤੇ ਗਏ ਸਨ ਅਤੇ ਪੁਲਿਸ ਦੇ ਦਾਅਵਿਆਂ ਤੇ ਸ਼ੱਕ ਜ਼ਾਹਰ ਕੀਤਾ ਗਿਆ ਸੀ ਕਿ ਉਹ ਫਰਾਰ ਹੋ ਗਿਆ ਸੀ।

ਅਕਾਲੀ-ਭਾਜਪਾ ਸਰਕਾਰ ਨੇ ਸੁਮੇਧ ਸੈਣੀ ਦਾ ਬਚਾਅ ਕਰਦਿਆਂ ਉਸ ਨੂੰ 'ਉੱਚ ਕੋਟੀ ਦਾ ਅਧਿਕਾਰੀ' ਕਿਹਾ ਤੇ ਕਿਹਾ ਕਿ ਉਸ ਨੇ 'ਅੱਤਵਾਦ ਵਿਰੁੱਧ ਯੁੱਧ' ਵਿਚ ਮੋਹਰੀ ਭੂਮਿਕਾ ਨਿਭਾਈ।

੨ ਜੁਲਾਈ ੨੦੦੮ ਨੂੰ ਸੀਬੀਆਈ ਨੇ ਸੈਣੀ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਸੀ ਪਰ ਅਕਾਲੀ-ਭਾਜਪਾ ਸਰਕਾਰ ਵੱਲੋਂ ਕੀਤੀ ਗਈ ਅਪੀਲ ਕਾਰਨ ਇਸ ਨੂੰ ਰੱਦ ਕਰ ਦਿੱਤਾ ਗਿਆ ਸੀ। ਅਪੀਲ ਵਿੱਚ ਕਿਹਾ ਗਿਆ ਕਿ ਸੈਣੀ ਇੱਕ ਉਚ ਕੋਟੀ ਵਾਲਾ ਅਧਿਕਾਰੀ" ਹੈ ਜਿਸਨੇ "ਅੱਤਵਾਦ ਵਿਰੁੱਧ ਯੁੱਧ" ਵਿੱਚ ਮੋਹਰੀ ਭੂਮਿਕਾ ਨਿਭਾਈ ਸੀ।

ਹਾਲਾਂਕਿ, ਅਦਾਲਤ ਨੇ ਤਾਜ਼ਾ ਐਫਆਈਆਰ ਦਰਜ ਕਰਨ ਦੀ ਇਜਾਜ਼ਤ ਦੇ ਦਿੱਤੀ ਅਤੇ ਬਲਵੰਤ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਨੇ ਸੈਣੀ ਅਤੇ ਹੋਰਾਂ ਵਿਰੁੱਧ ਐਫਆਈਆਰ ਦਰਜ ਕਰਵਾਈ।

**ਪਿੰਕੀ ਨੇ ਸੈਣੀ ਦੀ ਬੀਨ ਬਜਾਈ**

ਇਸ ਕੇਸ ਵਿਚ ਇਕ ਹੋਰ ਅਹਿਮ ਮੋੜ ੨੦੧੫ ਵਿਚ ਆਈ, ਜਦੋਂ ਸਾਬਕਾ ਪੁਲਿਸ ਅਧਿਕਾਰੀ ਗੁਰਮੀਤ ਸਿੰਘ 'ਪਿੰਕੀ' ਨੇ ਆਉਟਲੁੱਕ ਨੂੰ ਇਕ ਇੰਟਰਵਿਊ ਦਿੱਤੀ ਜਿਸ ਵਿਚ ਉਸਨੇ ਸੈਣੀ ਨੂੰ ਕਈ ਵਾਧੂ-ਨਿਆਂਇਕ ਕਤਲੇਆਮ ਵਿਚ ਫਸਾਇਆ ਜੋ ਬਲਵੰਤ ਸਿੰਘ ਮੁਲਤਾਨੀ ਸਮੇਤ ਗਾਇਬ ਕੀਤੇ ਗਏ। ਪਿੰਕੀ ਨੇ ਦਾਅਵਾ ਕੀਤਾ ਕਿ ਮੁਲਤਾਨੀ ਨੂੰ ਪੁਲਿਸ ਹਿਰਾਸਤ ਵਿੱਚ ਤਸੀਹੇ ਦਿੱਤੇ ਗਏ ਅਤੇ ਕਤਲ ਕੀਤਾ ਗਿਆ।

ਇਸ ਸਾਲ ਮਈ ਵਿੱਚ, ਸੈਣੀ ਅਤੇ ਛੇ ਹੋਰ ਪੁਲਿਸ ਮੁਲਾਜ਼ਮਾਂ ਉੱਤੇ ਮੁਹਾਲੀ ਪੁਲਿਸ ਨੇ ਅਗਵਾ ਕਰਨ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਸੀ, ਜਿਸ ਵਿੱਚ ਉਸ ਦੇ ਜੁਰਮ ਅਤੇ ਅਪਰਾਧਿਕ ਸਾਜਿਸ਼ ਦੇ ਸਬੂਤ ਗਾਇਬ ਹੋ ਗਏ ਸਨ ਅਤੇ ਇੱਕ ਐਸਆਈਟੀ ਬਣਾਈ ਗਈ ਸੀ।

ਇਸ ਸਾਲ ਅਗਸਤ ਵਿੱਚ, ਦੋ ਸਹਿ ਮੁਲਜ਼ਮ, ਸਾਬਕਾ ਇੰਸਪੈਕਟਰ ਜਗੀਰ ਸਿੰਘ ਅਤੇ ਏਐਸਆਈ ਕੁਲਦੀਪ ਸਿੰਘ, ਮੁਲਤਾਨੀ ਕੇਸ ਵਿੱਚ ਸੈਣੀ ਦੇ ਖ਼ਿਲਾਫ਼ ਗਵਾਹੀ ਦੇਣ ਲਈ ਸਹਿਮਤ ਹੋਏ, ਨੇ ਦਾਅਵਾ ਕੀਤਾ ਕਿ ਉਨਾਂ ਨੇ ਤਸ਼ੱਦਦ ਦੇਖਿਆ ਹੈ। ਇਸ ਨਾਲ ਸਿਟ ਨੂੰ ਸੈਣੀ ਖਿਲਾਫ ਕਤਲ ਦੇ ਦੋਸ਼ਾਂ ਨੂੰ ਜੋੜਨ ਦਾ ਮੌਕਾ ਮਿਲਿਆ।



**ਰਾਜਨੀਤੀਵਾਨ ਤੇ ਨਿਆਂ ਪਾਲਿਕਾ ਨਾਲ ਸੈਣੀ ਦੀ ਟਸਲ**

ਪੰਜਾਬ ਵਿੱਚ, ਜਿੱਥੇ ਪੁਲਿਸ ਨੂੰ ਅਕਸਰ ਛੋਟ ਮਿਲੀ ਰਹਿੰਦੀ ਹੈ, ਸੈਣੀ ਦੀ ਗਿਰਾਵਟ ਨੂੰ ਵੇਖਣ ਲਈ ਇੱਕ ਬਹੁਤ ਉੱਚ ਕੋਟੀ ਦਾ ਸਾਬਕਾ ਅਧਿਕਾਰੀ ਹੈ। ਇਹ ਅੰਸ਼ਕ ਤੌਰ 'ਤੇ ਉਸ ਰਾਜਨੀਤੀਵਾਨ , ਨਿਆਂਪਾਲਿਕਾ ਅਤੇ ਇੱਥੋਂ ਤਕ ਕਿ ਪੁਲਿਸ ਦੇ ਅੰਦਰਲੇ ਆਪਣੇ ਵਿਰੋਧੀਆਂ ਨੂੰ ਟਿੱਚ ਸਮਝਦਾ ਸੀ ।

**ਕੈਪਟਨ ਅਮਰਿੰਦਰ ਸਿੰਘ ਨਾਲ ਟਸਲ**

ਕੌਣ ਸੱਤਾ ਵਿੱਚ ਹੈ, ਇਸ ਦੇ ਉਲਟ, ਰਾਜਨੀਤਿਕ ਮਾਲਕਾਂ ਦੁਆਰਾ ਪੰਜਾਬ ਪੁਲਿਸ ਦੇ ਦਬਦਬੇ ਨੂੰ ਘੱਟ ਹੀ ਚੁਣੌਤੀ ਦਿੱਤੀ ਗਈ ਹੈ। ੧੯੮੦ ਦੇ ਦਹਾਕੇ ਅਤੇ ੧੯੯੦ ਦੇ ਦਹਾਕੇ ਦੇ ਸ਼ਾਸਨਕਾਲ ਦੌਰਾਨ ਮੁੱਠਭੇੜ ਅਤੇ ਗੁੰਮਸ਼ੁਦਗੀ ਲਈ ਬਦਨਾਮ ਕਰਨ ਵਾਲੇ ਅਧਿਕਾਰੀ ਤਰੱਕੀਆਂ ਪਾਉਂਦੇ ਗਏ ਜਦੋਂ ੧੯੯੭ ਵਿੱਚ ਅਕਾਲੀ-ਭਾਜਪਾ ਨੇ ਸੱਤਾ ਸੰਭਾਲ ਲਈ।

ਸੈਣੀ ਦਾ ਕੇਸ ਵੀ ਅਜਿਹਾ ਹੀ ਸੀ ਪਰੰਤੂ ਕੈਪਟਨ ਅਮਰਿੰਦਰ ਸਿੰਘ ਦੇ ਪਹਿਲੇ ਕਾਰਜਕਾਲ (੨੦੦੨-੦੭) ਦੇ ਅੰਤ ਤੱਕ, ਉਸ ਦਾ ਕਾਂਗਰਸੀ ਨੇਤਾ ਨਾਲ ਸਮੀਕਰਨ ਵਿਗੜ ਗਿਆ। ਉਹ ੨੦੦੭ ਤੋਂ ੨੦੧੨ ਦਰਮਿਆਨ ਅਕਾਲੀਆਂ ਦੇ ਨਜ਼ਦੀਕੀ ਬਣੇ ਅਤੇ ਵਿਜੀਲੈਂਸ ਬਿਓਰੋ ਵਿੱਚ ਉਨਾਂ ਦੇ ਕਾਰਜਕਾਲ ਨੇ ਕਾਂਗਰਸ ਨਾਲ ਉਸ ਦੇ ਸਮੀਕਰਨ ਨੂੰ ਹੋਰ ਵੀ ਵਿਗਾੜ ਦਿੱਤੇ । ਖ਼ਾਸਕਰ ਰਾਜ ਲੋਕ ਸੇਵਾ ਕਮਿਸ਼ਨ ਵਿੱਚ ਕਥਿਤ ਬੇਨਿਯਮੀਆਂ ਦੀ ਜਾਂਚ ਦੀ ਕਰਕੇ

ਸੈਣੀ ਦਾ ਪਤਨ ੨੦੧੫ ਬਰਗਾੜੀ ਵਿਖੇ ਹੋਏ ਕਤਲੇਆਮ ਦੇ ਕੇਸਾਂ ਅਤੇ ਬਹਿਬਲ ਕਲਾਂ ਵਿਖੇ ਹੋਏ ਕਤਲੇਆਮ ਦਾ ਵਿਰੋਧ ਕਰ ਰਹੇ ਸਿੱਖਾਂ 'ਤੇ ਪੁਲਿਸ ਫਾਇਰਿੰਗ ਨਾਲ ਸ਼ੁਰੂ ਹੋਇਆ ਸੀ ਜਿਸ ਵਿੱਚ ਦੋ ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਸੀ।

ਪੁਲਿਸ ਦੀ ਗੋਲੀਬਾਰੀ ਵਿਚ ੨ ਪ੍ਰਦਰਸ਼ਨਕਾਰੀਆਂ ਦੀ ਹੱਤਿਆ ਨਾਲ ਸਿੱਖਾਂ ਵਿਚ ਗੁੱਸੇ ਦੀ ਲਹਿਰ ਅੱਗ ਦੀ ਤਰਾਂ ਫੈਲ ਗਈ ਅਤੇ ਸੈਣੀ ਨੂੰ ਇਸ ਘਟਨਾ ਦਾ ਖਲਨਾਇਕ ਮੰਨਿਆ ਗਿਆ।

ਝਟਕੇ ਦਾ ਸਾਹਮਣਾ ਕਰਦਿਆਂ, ਬਾਦਲਾਂ ਨੂੰ ਉਸਦੀ ਜਗਾ ਸੁਰੇਸ਼ ਅਰੋੜਾ ਲਗਾਉਣਾ ਪੈ ਗਿਆ । ਮਾਮਲੇ ਉਸ ਲਈ ਬਦਤਰ ਹੋ ਗਏ ਜਦੋਂ ੨੦੧੭ ਵਿਚ ਅਕਾਲੀ-ਭਾਜਪਾ ਚੋਣਾਂ ਵਿੱਚ ਹਾਰ ਗਈ ਅਤੇ ਕੈਪਟਨ ਅਮਰਿੰਦਰ ਸਿੰਘ ਭਾਰੀ ਬਹੁਮਤ ਨਾਲ ਮੁੱਖ ਮੰਤਰੀ ਬਣੇ।

ਕਪਤਾਨ ਨੇ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਦੀ ਅਗਵਾਈ ਹੇਠ ਫਾਇਰਿੰਗ ਕੇਸਾਂ ਦੀ ਜਾਂਚ ਦਾ ਗਠਨ ਕੀਤਾ। ਜਾਂਚ ਕਮਿਸ਼ਨ ਨੇ ਸੁਮੇਧ ਸੈਣੀ ਨੂੰ ਇਸ ਕਾਰਵਾਈ ਲਈ ਜ਼ਿੰਮੇਵਾਰ ਪਾਇਆ, ਜਿਸਦੀ ਰਿਪੋਰਟ ਇਸ ਨੇ ੨੦੧੮ ਵਿਚ ਸੌਂਪੀ ਸੀ।

**ਨਿਆਂਪਾਲਿਕਾ ਨੇ ਸੈਣੀ ਦੀ ਵਿਜੀਲੈਂਸ ਰਿਪੋਰਟ ਨੂੰ 'ਸ਼ੱਕੀ' ਪਾਇਆ।**

ਸੈਣੀ ਨੂੰ ਨੁਕਸਾਨ ਪਹੁੰਚਾਉਣਾ ਦੇ ਕਾਰਨ ਵਿੱਚੋਂ ਨਿਆਂਪਾਲਿਕਾ ਨਾਲ ਉਸਦੀ ਟਸਲ ਸੀ, ਖ਼ਾਸਕਰ ਵਿਜੀਲੈਂਸ ਮੁਖੀ ਦੇ ਕਾਰਜਕਾਲ ਦੌਰਾਨ।

ਸਾਲ ੨੦੦੯ ਵਿੱਚ, ਇੱਕ ਕਹਾਣੀ ਹਿੰਦੁਸਤਾਨ ਟਾਈਮਜ਼ ਵਿੱਚ ਵਿਜੀਲੈਂਸ ਬਿਊਰੋ ਦੀ ਰਿਪੋਰਟ ਦੇ ਆਧਾਰ ਤੇ ਸਾਹਮਣੇ ਆਈ ਸੀ, ਜਿਸ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਗਲਤੀਆਂ ਹੋਣ ਦਾ ਦਾਅਵਾ ਕੀਤਾ ਗਿਆ ਸੀ। ਇਹ ਰਿਪੋਰਟ ਦੋ ਵਿਅਕਤੀਆਂ ਦੇ ਟੈਪ ਕੀਤੇ ਫੋਨ ਗੱਲਬਾਤ 'ਤੇ ਆਧਾਰਿਤ ਸੀ ਜਿਨਾਂ ਨੇ ਨਿਆਂਇਕ ਨਿਯੁਕਤੀਆਂ ਤੈਅ ਕਰਨ ਦਾ ਦਾਅਵਾ ਕੀਤਾ ਸੀ।

ਅਦਾਲਤ ਨੇ "ਵਿਜੀਲੈਂਸ ਰਿਪੋਰਟ" ਦੇ ਨਾਲ ਨਾਲ ਖ਼ਬਰਾਂ ਦੀ ਕਹਾਣੀ ਖਿਲਾਫ ਸਖਤ ਸਟੈਂਡ ਲਿਆ। ਸਾਬਕਾ ਜਸਟਿਸ ਟੀ ਐਸ ਠਾਕੁਰ, ਜੋ ਉਸ ਸਮੇਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸਨ, ਨੇ ਵਿਜੀਲੈਂਸ ਰਿਪੋਰਟ ਨੂੰ 'ਸ਼ੱਕੀ ਸਮੱਗਰੀ' ਕਰਾਰ ਦਿੰਦਿਆਂ ਸੰਕੇਤ ਦਿੱਤਾ ਕਿ ਇਹ ਜਾਣਕਾਰੀ "ਇੰਨੇ ਕਾਨੂੰਨੀ ਮਾਇਨੇ ਨਹੀਂ ਰੱਖਦੀ ਇਸ ਨੂੰ ਸੈਣੀ ਦੀ ਸਿੱਧੀ ਝਾੜ ਦੇ ਰੂਪ ਵਿਚ ਦੇਖਿਆ ਗਿਆ

**ਵਿਨੋਦ ਕੁਮਾਰ ਕੇਸ- ਜੱਜ ਨੂੰ ਵੀ ਧਮਕੀਆਂ ਮਿਲੀਆਂ।**

ਇਕ ਹੋਰ ਕੇਸ ਜਿਸ ਵਿਚ ਸੈਣੀ ਫਸ ਕੇਸ ਨਿਆਂਪਾਲਿਕਾ ਦੇ ਕੌਣ ਸੀ , ਦਾ ਖੁਲਾਸਾ ਸਾਬਕਾ ਹਾਈ ਕੋਰਟ ਦੇ ਸਾਬਕਾ ਜੱਜ ਵੀ ਕੇ ਝਾਂਜੀ ਨੇ ਕੀਤਾ, ਜਿਸ ਨੇ ਦੋਸ਼ ਲਗਾਇਆ ਕਿ ੧੯੯੫ ਵਿਚ ਜਦੋਂ ਉਸ ਨੇ ਇਕ ਕੇਸ ਦੀ ਸੁਣਵਾਈ ਕੀਤੀ ਸੀ, ਉਦੋਂ ਉਸ ਨੂੰ ਧਮਕੀ ਭਰਿਆ ਫੋਨ ਆਇਆ ਸੀ, ਜਿਸ ਵਿਚ ਸੈਣੀ ਦਾ ਨਾਮ ਸਾਹਮਣੇ ਆਇਆ ਸੀ। ਅਗਿਆਤ ਫੋਨ ਕਰਨ ਵਾਲੇ ਨੇ ਕਥਿਤ ਤੌਰ 'ਤੇ ਝਾਂਜੀ ਨੂੰ ਕਿਹਾ ਕਿ ਉਹ ਉਸਨੂੰ ਚੁੱਕ ਕੇ ਭੱਠੀ ਵਿੱਚ ਸੁੱਟ ਦੇਵੇਗਾ।

ਇਹ ਕੇਸ ਕਾਰੋਬਾਰੀ ਵਿਨੋਦ ਕੁਮਾਰ, ਉਸਦੇ ਜੀਜਾ ਅਸ਼ੋਕ ਕੁਮਾਰ ਅਤੇ ਡਰਾਈਵਰ ਮੁਖਤਿਆਰ ਸਿੰਘ ਦੇ ਕਥਿਤ ਅਗਵਾ ਦੇ ਸੰਬੰਧ ਵਿੱਚ ਸੀ। ਸੈਣੀ ਨੂੰ ਇਸ ਕੇਸ ਵਿੱਚ ਇੱਕ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਸੀ ਅਤੇ ਇਲਜ਼ਾਮ ਇਹ ਸੀ ਕਿ ਉਹ ਆਪਣੇ ਰਿਸ਼ਤੇਦਾਰਾਂ ਨਾਲ ਕੁਝ ਨਿੱਜੀ ਰੰਜਿਸ਼ ਕਾਰਨ ਜੋ ਇਸ ਦੇ ਵਪਾਰਕ ਭਾਈਵਾਲ ਸਨ,

"ਇਹ ਅਦਾਲਤ ਨੂੰ ਜਾਹਰ ਹੋਇਆ ਕਿ ਸ੍ਰੀ ਸੁਮੇਧ ਸਿੰਘ ਸੈਣੀ, ਐਸ ਐਸ ਪੀ, ਲੁਧਿਆਣਾ ਅਤੇ ਉਨਾਂ ਦੇ ਅਧੀਨ ਲੁਧਿਆਣਾ ਵਿਖੇ ਕੰਮ ਕਰ ਰਹੇ ਅਧਿਕਾਰੀਆਂ ਨੂੰ ਇਸ ਅਦਾਲਤ ਦੇ ਆਦੇਸ਼ਾਂ ਦਾ ਕੋਈ ਸਤਿਕਾਰ ਨਹੀਂ ਸੀ। "

22 ਦਸੰਬਰ 1995 ਨੂੰ ਜਸਟਿਸ ਵੀ ਕੇ ਝਾਂਜੀ.

ਇਹ ਕੇਸ ਅੱਜ ਵੀ ਚੱਲ ਰਿਹਾ ਹੈ। ਵਿਨੋਦ ਕੁਮਾਰ ਦੀ ਮਾਂ ਅਮਰ ਕੌਰ ੨੦੧੭ ਵਿੱਚ ੧੦੨ ਸਾਲ ਦੀ ਉਮਰ ਵਿੱਚ ਆਪਣੀ ਮੌਤ ਹੋਣ ਤੱਕ ੨੩ ਸਾਲਾਂ ਤੱਕ ਕਾਨੂੰਨੀ ਲੜਾਈ ਲੜਦੀ ਰਹੀ।

ਵਿਨੋਦ ਕੁਮਾਰ ਦੁਆਰਾ ਦਾਇਰ ਕੀਤੇ ਗਏ ਹਲਫਨਾਮੇ ਅਤੇ ਵਿਨੋਦ ਕੁਮਾਰ ਦੁਆਰਾ ਦਾਇਰ ਕੀਤੇ ਹਲਫ਼ਨਾਮੇ ਇੰਨੇ ਗੰਭੀਰ ਸਨ ਕਿ ਇਹ ਅਦਾਲਤ ਵਿਚ ਪੇਸ਼ ਹੋਇਆ ਕਿ ਇਸ ਅਦਾਲਤ ਦਾ ਸ੍ਰੀ ਸੁਮੇਧ ਸਿੰਘ ਸੈਣੀ, ਐਸਐਸਪੀ, ਲੁਧਿਆਣਾ ਅਤੇ ਉਸਦੇ ਅਧੀਨ ਕੰਮ ਕਰ ਰਹੇ ਅਧਿਕਾਰੀਆਂ ਨੂੰ ਲੁਧਿਆਣਾ ਵਿਖੇ ਆਦੇਸ਼ਾਂ ਦਾ ਕੋਈ ਸਤਿਕਾਰ ਨਹੀਂ ਸੀ। "ਜਸਟਿਸ ਝਾਂਜੀ ਨੇ ੨੨ ਦਸੰਬਰ ੧੯੯੫ ਨੂੰ ਅਦਾਲਤ ਵਿੱਚ ਵਿਚਾਰ ਦਿੱਤਾ ਸੀ।

ਅੱਗੇ ਕੀ ਹੁੰਦਾ ਹੈ ?

ਹੁਣ ਅਦਾਲਤ ਨੇ ਸੈਣੀ ਨੂੰ ਅਗਾਓ ਜ਼ਮਾਨਤ ਤੋਂ ਇਨਕਾਰ ਕਰਦਿਆਂ ਉਸਨੂੰ ਸੁਪਰੀਮ ਕੋਰਟ ਵਿੱਚ ਅਪੀਲ ਕਰਨੀ ਹੋਵੇਗੀ। ਐਸਆਈਟੀ ਸੈਣੀ ਨੂੰ ਫੜਨ ਲਈ ਪਹਿਲਾਂ ਹੀ ਚੰਡੀਗੜ ਅਤੇ ਹੁਸ਼ਿਆਰਪੁਰ ਵਿੱਚ ਛਾਪੇਮਾਰੀ ਕਰ ਰਹੀ ਹੈ। ਜੇ ਸੁਪਰੀਮ ਕੋਰਟ ਵਿਚ ਉਸ ਦੀ ਅਪੀਲ ਅਸਫਲ ਹੋ ਜਾਂਦੀ ਹੈ, ਤਾਂ ਸੈਣੀ ਕੋਲ ਬਲਵੰਤ ਮੁਲਤਾਨੀ ਮਾਮਲੇ ਵਿਚ ਆਤਮ ਸਮਰਪਣ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਹੋਵੇਗਾ।

ਇਕ ਵਾਰ ਜਦੋਂ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ, ਤਾਂ ਇਹ ਵੀ ਸੰਭਾਵਨਾ ਹੈ ਕਿ ਸੈਣੀ ਨੂੰ ਬਹਿਬਲ ਕਲਾਂ ਗੋਲੀਬਾਰੀ ਮਾਮਲੇ ਵਿਚ ਵੀ ਵਧੇਰੇ ਗਰਮੀ ਦਾ ਸਾਹਮਣਾ ਕਰਨਾ ਸ਼ੁਰੂ ਹੋ ਜਾਵੇ.

ਇਸ ਕੇਸ ਵਿਚ ਬਾਦਲਾਂ ਨੂੰ ਰਾਜਨੀਤਿਕ ਤੌਰ 'ਤੇ ਨੁਕਸਾਨ ਪਚੁਉਣ ਦੀ ਸੰਭਾਵਨਾ ਵੀ ਹੈ ਕਿਉਂਕਿ ਇਲਜ਼ਾਮ ਇਹ ਹੈ ਕਿ ਗੋਲੀਬਾਰੀ ਲਈ ਸਿਰਫ ਸੈਣੀ ਹੀ ਨਹੀਂ, ਬਲਕਿ ਸੁਖਬੀਰ ਬਾਦਲ ਵੀ ਜ਼ਿੰਮੇਵਾਰ ਸੀ ਕਿਉਂਕਿ ਸਾਰੇ ਸੰਕਟ ਦੌਰਾਨ ਇਹ ਦੋਵੇਂ ਨਜ਼ਦੀਕੀ ਸੰਪਰਕ ਵਿਚ ਸਨ।

ਪਰ ਸੈਣੀ ਦੇ ਕੇਸ ਦੀ ਮਹੱਤਤਾ ਰਾਜਨੀਤੀ ਤੋਂ ਪਰੇ ਹੈ. ਸੈਣੀ ਅਗਵਾ ਕਰਨ ਅਤੇ ਕਤਲ ਦਾ ਕੇਸ ਦਰਜ ਹੋਣ ਵਾਲਾ ਪਹਿਲਾ ਚੋਟੀ ਦਾ ਅਧਿਕਾਰੀ ਹੋਵੇਗਾ,ਏਹ ਉਨਾਂ ਲਈ ਵੱਡੀ ਜਿੱਤ ਹੈ ਜੋ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਜਾਂ ਨਿਆਂ ਲਈ ਲੜ ਰਹੇ ਹਨ ਜਾਂ ੧੯੮੦ ਅਤੇ ੧੯੯੦ ਦੇ ਦਹਾਕੇ ਵਿਚ ਪੰਜਾਬ ਵਿਚ ਜਬਰੀ ਗਾਇਬ ਹੋਏ ਸਨ।

# ਸਿੱਧੂ ਨੇ ਘੇਰੀ ਚੰਨੀ ਸਰਕਾਰ

## ਸੁਖਬੀਰ ਨੇ ਕੀਤਾ ਦਾਅਵਾ ਅਸੀਂ ਬੇਅਦਬੀ ਦਾ ਕੇਸ ਹੱਲ ਕਰਨ ਦੇ ਨੇੜੇ ਸੀ

**ਸਿੱਖਾਂ ਦੇ ਦਬਾਅ ਹੇਠ ਸੀ.ਬੀ.ਆਈ. ਨੂੰ ਜਾਂਚ ਸੌਂਪਣੀ ਪਈ**

ਨਵਜੋਤ ਸਿੱਧੂ ਨੇ ਹੁਣ ਲਗਾਤਾਰ ਮੁਖ ਮੰਤਰੀ ਚਰਨਜੀਤ ਚੰਨੀ ਨੂੰ ਬੇਅਦਬੀ ਦੇ ਮੁੱਦੇ, ਡਰੱਗ ਮਾਫ਼ੀਆ ਦੇ ਮੁੱਦੇ ਨੂੰ ਲੈ ਕੇ ਘੇਰਿਆ ਹੋਇਆ ਹੈ। ਸਿਧੂ ਨੇ ਕਿਹਾ ਕਿ ਨਸ਼ਿਆਂ ਬਾਰੇ ਹਾਈਕੋਰਟ ਕੋਲ ਅਪੀਲ ਕਰਨ ਦੀ ਲੋੜ ਹੀ ਨਹੀਂ ਜਦ ਕਿ ਉਹ ਰਿਪੋਰਟ ਖੋਲਣ ਦੇ ਆਦੇਸ਼ ਚੁੱਕੀ ਹੈ। ਸਿੱਧੂ ਨੇ ਤਾਂ ਹੁਣ ਇਥੋਂ ਤੱਕ ਕਹਿ ਦਿੱਤਾ ਹੈ ਕਿ ਜੇਕਰ ਪੰਜਾਬ ਵਾਸੀਆਂ ਨੂੰ ਇਨਾਂ ਮੁੱਦਿਆਂ ਨੂੰ ਲੈ ਕੇ ਇਨਸਾਫ਼ ਨਾ ਮਿਲਿਆ ਤਾਂ ਉਹ ਮਰਨ ਵਰਤ 'ਤੇ ਬੈਠਣਗੇ। ਨਵਜੋਤ ਸਿੰਘ ਸਿੱਧੂ ਨੇ ਤਾਂ ਹੁਣ ਇਕ ਤੀਰ ਸੂਬਾ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਵੱਲ ਵੀ ਛੱਡ ਦਿੱਤਾ ਹੈ ਕਿ ਜਿਹੜਾ ਪਹਿਲਾ ਪ੍ਰਧਾਨ ਬੇਅਦਬੀ ਤੇ ਨਸ਼ਿਆਂ ਦੇ ਜ਼ੋਰ ਸ਼ੋਰ ਨਾਲ ਮੁੱਦੇ ਉਠਾਉਂਦਾ ਸੀ ਹੁਣ ਚੁੱਪ ਕਿਉਂ ਹੈ? ਐੱਸਟੀਐੱਮ ਦੀ ਰਿਪੋਰਟ ਜਨਤਕ ਨਾ ਕਰਨ 'ਤੇ ਮਰਨ ਵਰਤ 'ਤੇ ਬੈਠਣ ਦਾ ਐਲਾਨ ਕਰ ਚੁੱਕੇ ਨਵਜੋਤ ਸਿੰਘ ਸਿੱਧੂ ਨੇ ਹੁਣ ਉਪ ਮੁੱਖ ਮੰਤਰੀ ਤੇ ਗ੍ਰਹਿ ਵਿਭਾਗ ਦੇਖ ਰਹੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਆੜੇ ਹੱਥੀਂ ਲਿਆ ਹੈ। ਰੰਧਾਵਾ ਵੱਲੋਂ ਐੱਸਟੀਐੱਫ ਦੀ ਰਿਪੋਰਟ ਨੂੰ ਲੈ ਕੇ ਮੁੱਖ ਸਕੱਤਰ ਦੀ ਅਗਵਾਈ ਵਿਚ ਬਣਾਈ ਗਈ। ਸਿੱਧੂ ਦਾ ਕਹਿਣਾ ਹੈ ਕਿ ਕੋਰਟ ਨੇ ਪੰਜਾਬ ਸਰਕਾਰ ਨੂੰ ਇਸ ਰਿਪੋਰਟ ਦੀ ਕਾਪੀ ਸੌਂਪੀ ਹੈ। ਹਾਈਕੋਰਟ ਨੇ ਕਿਤੇ ਵੀ ਇਸ ਰਿਪੋਰਟ ਨੂੰ ਜਨਤਕ ਕਰਨ ਤੋਂ ਨਹੀਂ ਰੋਕਿਆ। ਇਸੇ ਪੜਾਅ ਵਿਚ ਪਿਛਲੇ ਦਿਨੀਂ ਸਿੱਧੂ ਨੇ ਐਲਾਨ ਕੀਤਾ ਸੀ ਕਿ ਜੇ ਸਰਕਾਰ ਇਸ ਰਿਪੋਰਟ ਨੂੰ ਜਨਤਕ ਨਹੀਂ ਕਰਦੀ ਹੈ ਤਾਂ ਉਹ ਮਰਨ ਵਰਤ 'ਤੇ ਬੈਠਣਗੇ। 'ਲੱਗਦਾ ਕਿ ਆਉਣ ਵਾਲੇ ਦਿਨਾਂ ਵਿਚ ਨਵਜੋਤ ਸਿੱਧੂ ਦਾ ਤੀਰ ਅੰਦਾਜ਼ੀ ਹੋਰ ਤਿੱਖੀ ਹੋਵੇਗੀ ਜੋ ਚੰਨੀ ਸਰਕਾਰ ਹੀ ਨਹੀਂ ਬਲਕਿ ਕਾਂਗਰਸ ਹਾਈਕਮਾਨ ਲਈ ਵੀ ਵੱਡੀਆਂ ਪ੍ਰੇਸ਼ਾਨੀਆਂ ਖੜੀ ਕਰ ਸਕਦੀ ਹੈ। ਗੱਲ ਪਾਰਟੀ ਹਾਈਕਮਾਨ ਦੀ ਕਰੀਏ ਤਾਂ ਉਸ ਦੀ ਪੰਜਾਬ 'ਤੇ ਪੂਰੀ ਨਜ਼ਰ ਹੈ।

ਪਾਰਟੀ ਦੇ ਅੰਦਰੂਨੀ ਜਾਣਕਾਰਾਂ ਦੀ ਮੰਨੀਏ ਤਾਂ ਅਰਾਜਕਤਾ ਦੀ ਸ਼ਿਕਾਰ ਪੰਜਾਬ ਕਾਂਗਰਸ ਵਿਚ ਆਉਣ ਵਾਲੇ ਦਿਨਾਂ ਵਿਚ ਕਲੇਸ਼ ਵੱਧ ਸਕਦਾ ਹੈ ਕਿਉਂ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਦੀ ਵੰਡ ਹੋਣੀ ਹੈ। ਰਾਜਨੀਤਕ ਮਾਹਿਰ ਤਾਂ ਇਹ ਵੀ ਕਹਿ ਰਹੇ ਹਨ ਕਿ ਜੇਕਰ ਪੰਜਾਬ ਕਾਂਗਰਸ ਦਾ ਇਹ ਕਲੇਸ਼ ਜਲਦ ਨਾ ਨਿਬੜਿਆ ਤਾਂ ਸੂਬਾ ਪ੍ਰਧਾਨ ਦੀ ਤਿੱਖੀ ਤੀਰ ਅੰਦਾਜ਼ੀ ਪੰਜਾਬ ਕਾਂਗਰਸ ਦੀ 2022 ਵਿਧਾਨ ਸਭਾ ਚੋਣਾਂ ਦੀ ਬੇੜੀ ਨੂੰ ਡੁਬੋ ਕੇ ਰੱਖ ਦੇਵੇਗੀ।

ਸੁਖਜਿੰਦਰ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਐੱਸਆਈਟੀ ਦੀ ਰਿਪੋਰਟ ਨੂੰ ਜਨਤਕ ਕਰਨ 'ਤੇ ਹਾਈ ਕੋਰਟ ਨੇ ਕੋਈ ਰੋਕ ਨਹੀਂ ਲਾਈ ਹੈ, ਇਸ ਦਾ ਜਵਾਬ ਤਾਂ ਸਿੱਧੂ ਹੀ ਦੇ ਸਕਦੇ ਹਨ। ਮੈਂ ਕਮੇਟੀ ਬਣਾਈ ਹੈ, ਇਕ ਹਫ਼ਤੇ ਵਿਚ ਇਸ ਦੀ ਰਿਪੋਰਟ ਆ ਜਾਵੇਗੀ। ਇਸ ਰਿਪੋਰਟ ਦੇ ਆਉਣ ਤੋਂ ਬਾਅਦ ਕਾਫੀ ਹੱਦ ਤਕ ਤਸਵੀਰ ਸਪੱਸ਼ਟ ਹੋ ਜਾਵੇਗੀ।

**ਬੇਅਦਬੀ ਬਾਰੇ ਸੁਖਬੀਰ ਬਾਦਲ ਦਾ ਵਿਚਾਰ**



ਸੂਬੇ ਵਿਚ ਬੇਅਦਬੀ ਦੇ ਗੰਭੀਰ ਮਸਲੇ ਨੂੰ ਲੈ ਕੇ ਪਿਛਲੇ ਕਈ ਸਾਲਾਂ ਤੋਂ ਸਿਆਸਤ ਜਾਰੀ ਹੈ ਪਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹੁਣ ਇਸ ਮਾਮਲੇ ਨੂੰ ਲੈ ਕੇ ਕਿਹਾ ਕਿ ਉਨਾਂ ਦੀ ਸਰਕਾਰ ਬੇਅਦਬੀ ਮਾਮਲੇ ਨੂੰ ਹੱਲ ਕਰਨ ਦੇ ਬਹੁਤ ਨੇੜੇ ਸੀ ਪਰ ਉਸ ਦੌਰਾਨ ਪੰਜਾਬ ਦੇ ਸਿੱਖਾਂ ਦੇ ਰੋਸ ਅਤੇ ਦਬਾਅ ਵਧਣ ਕਾਰਨ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣੀ ਪਈ ਸੀ।



ਉਨਾਂ ਕਿਹਾ ਕਿ ਇਸ ਮਾਮਲੇ ਵਿਚ ਵਿਰੋਧੀ ਸਿਆਸੀ ਪਾਰਟੀਆਂ ਵਲੋਂ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਹੇਠਲੇ ਪੱਧਰ ਦੀ ਸਿਆਸਤ ਕੀਤੀ ਗਈ, ਪਰ ਅਕਾਲੀ ਦਲ ਵਲੋਂ ਹਮੇਸ਼ਾ ਇਹੀ ਕਿਹਾ ਗਿਆ ਕਿ ਜੋ ਸਿਆਸੀ ਆਗੂ ਇਸ ਮਾਮਲੇ 'ਤੇ ਸਿਆਸਤ ਕਰ ਰਹੇ ਹਨ ਤੇ ਜਿਨਾਂ ਗੁਟਕਾ ਸਾਹਿਬ ਦੀ ਝੂਠੀ ਸਹੁੰ ਚੁੱਕੀ ਹੈ ਉਨਾਂ ਦਾ ਕੱਖ ਨਾ ਰਹੇ ਤੇ ਅੱਜ ਕੈਪਟਨ ਅਮਰਿੰਦਰ ਸਿੰਘ ਇਸ ਸਬੰਧ ਵਿਚ ਵੱਡੀ ਉਦਾਹਰਨ ਹਨ, ਜਿਨਾਂ ਹੇਠੋਂ ਮੁੱਖ ਮੰਤਰੀ ਦੀ ਕੁਰਸੀ ਖਿੱਚ ਲਈ ਗਈ। ਉਨਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਆਪਣੇ ਖ਼ਿਲਾਫ਼ ਸੱਤਾ ਵਿਰੋਧੀ ਮਾਹੌਲ ਤੋਂ ਧਿਆਨ ਭਟਕਾਉਣ ਲਈ ਕਾਂਗਰਸ ਹਾਈਕਮਾਨ ਨੇ ਕੈਪਟਨ ਦੀ ਬਲੀ ਦੇ ਦਿੱਤੀ ਪਰ ਚਿਹਰਾ ਬਦਲਣ ਨਾਲ ਕੁਝ ਹੋਣ ਵਾਲਾ ਨਹੀਂ ਹੈ, ਪੰਜਾਬ ਦੇ ਲੋਕ ਸਭ ਯਾਦ ਰੱਖਦੇ ਹਨ।

**ਮੋਦੀ ਦੀ ਤਾਨਾਸ਼ਾਹੀ ਤੇ ਪੁਲਸੀਆ ਰਾਜ**

ਮੋਦੀ ਦੇ ਹੱਥ ਸੱਤਾ ਆਉਣ ਤੋਂ ਬਾਅਦ ਕੇਂਦਰ ਸਰਕਾਰ ਕਦਮ-ਦਰ-ਕਦਮ ਪੁਲਸੀਆ ਰਾਜ ਦੀ ਸਥਾਪਤੀ ਵੱਲ ਵਧ ਰਹੀ ਹੈ। ਇਹ ਉਸ ਵੇਲੇ ਸ਼ੁਰੂ ਹੋ ਗਿਆ ਸੀ ਜਦੋਂ ਕੌਮੀ ਜਾਂਚ ਏਜੰਸੀ ਨੂੰ ਇਹ ਵੀ ਅਧਿਕਾਰ ਦੇ ਦਿੱਤਾ ਗਿਆ ਸੀ ਕਿ ਉਹ ਕਿਸੇ ਵੀ ਨਾਗਰਿਕ ਨੂੰ ਗ੍ਰਿਫ਼ਤਾਰ ਕਰਕੇ ਉਸ 'ਤੇ ਮਨਚਾਹੇ ਕੇਸ ਮੜ ਸਕਦੀ ਹੈ। ਇਸ ਦੀ ਮਾਰ ਹੇਠ ਪਹਿਲਾਂ ਭੀਮਾ-ਕੋਰੇਗਾਂਵ ਕੇਸ ਵਿੱਚ ਭਾਰਤ ਭਰ ਦੇ ਦੋ ਦਰਜਨ ਦੇ ਕਰੀਬ ਬੁੱਧੀਜੀਵੀ, ਸਿੱਖਿਆ ਸ਼ਾਸਤਰੀ, ਵਕੀਲ ਤੇ ਸਮਾਜਿਕ ਕਾਰਕੁੰਨ ਆਏ, ਜਿਨਾਂ ਵਿੱਚੋਂ ਬਹੁਤ ਸਾਰੇ ਹਾਲੇ ਵੀ ਜੇਲਾਂ ਵਿੱਚ ਸੜ ਰਹੇ ਹਨ ਤੇ ਇਸ ਉਪਰੰਤ ਦਿੱਲੀ ਦੰਗਿਆਂ ਦੇ ਕੇਸਾਂ ਵਿੱਚ ਲਪੇਟ ਕੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾ ਕੇ ਜੇਲ ਵਿੱਚ ਡੱਕ ਦਿੱਤਾ ਗਿਆ। ਯੂ ਪੀ ਵਰਗੇ ਭਾਜਪਾ ਸ਼ਾਸਤ ਰਾਜਾਂ ਵਿੱਚ ਵੀ ਵਿਰੋਧ ਦੀਆਂ ਆਵਾਜ਼ਾਂ ਨੂੰ ਕੁਚਲਣ ਲਈ ਪੁਲਿਸ ਦੀ ਅੰਨੀ ਵਰਤੋਂ ਕੀਤੀ ਗਈ। ਹੁਣ ਕੇਂਦਰ ਸਰਕਾਰ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਤੇ ਸੁਰੱਖਿਆ ਸਟਾਫ਼ ਦੇ ਮੁਖੀ ਜਨਰਲ ਰਾਵਤ ਨੇ ਕੇਂਦਰ ਸਰਕਾਰ ਦੀ ਜਾਗਰੂਕ ਨਾਗਰਿਕਾਂ ਵਿਰੁੱਧ ਛੇੜੀ ਜਾਣ ਵਾਲੀ 'ਜੰਗ' ਦਾ ਖੁਲਾਸਾ ਕਰ ਦਿੱਤਾ ਹੈ।

ਪਿਛਲੇ ਦਿਨੀਂ ਡੋਭਾਲ ਨੇ ਰੰਗਰੂਟ ਪੁਲਸ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਲਈ 'ਯੁੱਧ ਦਾ ਚੌਥਾ ਮੋਰਚਾ' ਨਾਗਰਿਕ ਸਮਾਜ ਹੈ। ਉਨਾਂ ਪੁਲਿਸ ਰੰਗਰੂਟਾਂ ਨੂੰ ਕਿਹਾ ਕਿ ਤੁਹਾਡਾ ਫਰਜ਼ ਬਣਦਾ ਹੈ ਕਿ ਨਾਗਰਿਕ ਸਮਾਜ ਵਿੱਚ ਛੁਪੇ ਦੁਸ਼ਮਣ ਦੇਸ਼ਾਂ ਦੇ ਗੱਦਾਰਾਂ ਦੀ ਪਛਾਣ ਕਰਕੇ ਉਨਾਂ ਵਿਰੁੱਧ ਕਾਰਵਾਈ ਕੀਤੀ ਜਾਵੇ।

**ਸੱਚੋ ਸੱਚ ਦਸ ਵੇ ਜੋਗੀਆ**

ਇਸ ਮੌਕੇ ਉੱਤੇ ਡੋਭਾਲ ਨੇ ਲੋਕਤੰਤਰ ਦੀ ਇੱਕ ਨਵੀਂ ਪਰਿਭਾਸ਼ਾ ਪੇਸ਼ ਕਰ ਦਿੱਤੀ। ਉਨਾਂ ਕਿਹਾ, 'ਲੋਕਤੰਤਰ ਦਾ ਅਰਥ ਮਤਪੇਟੀਆਂ ਵਿੱਚ ਨਹੀਂ, ਬਲਕਿ ਚੁਣੇ ਗਏ ਲੋਕਾਂ ਵੱਲੋਂ ਬਣਾਏ ਗਏ ਕਾਨੂੰਨਾਂ ਵਿੱਚ ਹੁੰਦਾ ਹੈ ਤੇ ਇਸ ਦੇ ਨਾਲ ਹੀ ਪੁਲਿਸ ਵੱਲੋਂ ਉਨਾਂ ਨੂੰ ਲਾਗੂ ਕਰਨ ਦੀ ਇੱਛਾ ਸ਼ਕਤੀ ਵਿੱਚ ਹੁੰਦਾ ਹੈ। ਕਾਨੂੰਨ ਓਨੇ ਚੰਗੇ ਨਹੀਂ ਹੁੰਦੇ, ਜਿੰਨੇ ਚੰਗੇ ਬਣਾਏ ਜਾਂਦੇ ਹਨ, ਬਲਕਿ ਓਨੇ ਚੰਗੇ ਹੁੰਦੇ ਹਨ, ਜਿੰਨੀ ਚੰਗੀ ਤਰਾਂ ਉਹ ਲਾਗੂ ਕੀਤੇ ਜਾਂਦੇ ਹਨ।'

ਅਜੀਤ ਡੋਭਾਲ ਨੇ ਨਾਗਰਿਕ ਸਮਾਜ ਨੂੰ ਚਿਤਾਵਨੀ ਦੇ ਨਾਲ-ਨਾਲ ਲੋਕਤੰਤਰ ਦੀ ਜਿਹੜੀ ਪਰਿਭਾਸ਼ਾ ਪੇਸ਼ ਕੀਤੀ ਹੈ, ਅਸਲ ਵਿਚ ਇਹ ਇੱਕ ਪੁਲਸੀਏ ਵੱਲੋਂ ਪੇਸ਼ ਕੀਤਾ ਗਿਆ ਪੁਲਸੀ ਰਾਜ ਦਾ ਖਾਕਾ ਹੈ। ਇਸ ਮੁਤਾਬਕ ਚੁਣੇ ਹੋਏ ਨੁਮਾਇੰਦਿਆਂ ਯਾਨੀ ਸਰਕਾਰ ਨੂੰ ਚੁਣੌਤੀ ਦੇਣ ਵਾਲਿਆਂ ਨਾਲ 'ਯੁੱਧ ਦੇ ਚੌਥੇ ਮੋਰਚੇ' ਮੁਤਾਬਕ ਦੁਸ਼ਮਣਾਂ ਵਾਲਾ ਵਿਹਾਰ ਕੀਤਾ ਜਾਵੇਗਾ।

ਇਹ ਸਭ ਕੁਝ ਕਹਿੰਦਿਆਂ ਡੋਭਾਲ ਇਸ ਗੱਲ ਨੂੰ ਪੂਰੀ ਤਰਾਂ ਨਜ਼ਰ-ਅੰਦਾਜ਼ ਕਰ ਗਏ ਕਿ ਕੋਈ ਕਾਨੂੰਨ ਗਲਤ ਵੀ ਹੋ ਸਕਦਾ, ਉਸ ਦੀ ਦੁਰਵਰਤੋਂ ਵੀ ਹੋ ਸਕਦੀ ਹੈ, ਇਸ ਦਾ ਫ਼ੈਸਲਾ ਨਿਆਂਪਾਲਿਕਾ ਨੇ ਕਰਨਾ ਹੁੰਦਾ ਹੈ, ਨਾ ਕਿ ਪੁਲਸ ਨੇ। ਡੋਭਾਲ ਦੇ ਇਸ ਪੁਲਸੀ ਰਾਜ ਦੇ ਚੈਪਟਰ ਤੋਂ ਇੱਕ ਦਿਨ ਪਹਿਲਾਂ ਜਨਰਲ ਰਾਵਤ ਨੇ ਇੱਕ ਚੈਨਲ ਉਤੇ ਬੋਲਦਿਆਂ ਇਹ ਕਹਿ ਦਿੱਤਾ ਸੀ ਕਿ, 'ਇੱਕ ਚੰਗੀ ਗੱਲ ਹੋਈ ਹੈ ਕਿ ਜੰਮੂ-ਕਸ਼ਮੀਰ ਦੀ ਇੱਕ ਵੱਡੀ ਅਬਾਦੀ ਅੱਤਵਾਦੀਆਂ ਨੂੰ ਲਿੰਚ ਕਰਨ ਲਈ ਤਿਆਰ ਹੈ।' ਆਪਣੀ ਗੱਲ ਦੀ ਪੁਸ਼ਟੀ ਲਈ ਜਨਰਲ ਰਾਵਤ ਕੋਲ ਕੋਈ ਸਬੂਤ ਨਹੀਂ ਸਨ, ਸਿਰਫ਼ ਸੋਸ਼ਲ ਮੀਡੀਆ ਉੱਤੇ ਪਾਈਆਂ ਕੁਝ ਅਗਿਆਤ ਪੋਸਟਾਂ ਤੋਂ ਇਲਾਵਾ। ਉਨਾਂ ਤਾਂ ਦੇਸ਼ ਭਰ ਵਿੱਚ ਵਾਪਰੀਆਂ ਭੀੜਤੰਤਰੀ ਹੱਤਿਆਵਾਂ ਨੂੰ ਵੀ ਇਹ ਕਹਿ ਕੇ ਠੀਕ ਠਹਿਰਾਅ ਦਿੱਤਾ ਕਿ ਪਸ਼ੂ ਚੋਰਾਂ ਵਰਗੇ ਘੁਸਪੈਠੀਆਂ ਵਿਰੁੱਧ ਪੇਂਡੂਆਂ ਵੱਲੋਂ ਕੀਤੀਆਂ ਜਾਂਦੀਆਂ ਆਤਮ ਰੱਖਿਆ ਦੀਆਂ ਕਾਰਵਾਈਆਂ ਪੂਰੇ ਭਾਰਤ ਦੇ ਜੀਵਨ ਦੀ ਹਕੀਕਤ ਹੈ।

ਅਸਲ ਵਿੱਚ ਡੋਭਾਲ ਤੇ ਰਾਵਤ ਉਹੀ ਕਹਿ ਰਹੇ ਸਨ, ਜੋ ਮਨੁੱਖੀ ਅਧਿਕਾਰਾਂ ਬਾਰੇ ਕੇਂਦਰ ਸਰਕਾਰ ਦੀ ਪਹੁੰਚ ਹੈ। ਪਿਛਲੇ ਮਹੀਨੇ ਹੀ ਪ੍ਰਧਾਨ ਮੰਤਰੀ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕਿਹਾ ਸੀ, 'ਕੁਝ ਲੋਕ ਮਨੁੱਖੀ ਅਧਿਕਾਰਾਂ ਦੇ ਨਾਂ ਉੱਤੇ ਦੇਸ਼ ਦੀ ਛਵੀ ਨੂੰ ਖਰਾਬ ਕਰਨਾ ਚਾਹੁੰਦੇ ਹਨ। ਸਿਆਸੀ ਲਾਭ ਨੂੰ ਸਾਹਮਣੇ ਰੱਖ ਕੇ ਮਨੁੱਖੀ ਅਧਿਕਾਰਾਂ ਦੇ ਸਵਾਲ ਨੂੰ ਦੇਖਣਾ ਲੋਕਤੰਤਰ ਨੂੰ ਨੁਕਸਾਨ ਪੁਚਾਉਂਦਾ ਹੈ।' ਉਪਰੋਕਤ ਸਮੁੱਚੇ ਵਿਚਾਰਾਂ ਦਾ ਤੱਤ ਨਿਚੋੜ ਇਹ ਹੈ ਕਿ ਸਰਕਾਰ, ਇਸ ਦੀਆਂ ਸੁਰੱਖਿਆ ਏਜੰਸੀਆਂ ਉੱਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਦੋਸ਼ ਲਾਉਣਾ ਕੌਮੀ ਸੁਰੱਖਿਆ ਲਈ ਖ਼ਤਰਾ ਹੈ ਤੇ ਅਜਿਹਾ ਕਰਨਾ ਦੇਸ਼ਧ੍ਰੋਹ ਹੈ।

**ਮੋਦੀ ਲਈ ਮੁੱਖ ਚੁਣੌਤੀ ਮਮਤਾ ਬੈਨਰਜੀ**

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਬੈਠਕ ਵਿਚ ਮੰਗ ਕੀਤੀ ਕਿ ਸੂਬੇ ਵਿਚ ਬੀ.ਐਸ.ਐੱਫ਼. ਦੇ ਅਧਿਕਾਰ ਖੇਤਰ ਨੂੰ ਵਧਾਉਣ ਦਾ ਫ਼ੈਸਲਾ ਵਾਪਸ ਲਿਆ ਜਾਵੇ, ਪਰ ਮਮਤਾ ਦੀ ਅਸਲ ਯੋਜਨਾ ਵਿਰੋਧੀ ਦਲਾਂ ਨੂੰ ਇਕਜੁੱਟ ਕਰਨ ਅਤੇ ਕਾਂਗਰਸ ਨੂੰ ਅਲੱਗ-ਥਲੱਗ ਕਰਨ ਦੀ ਹੈ ਤਾਂ ਜੋ ਭਾਜਪਾ ਖ਼ਿਲਾਫ਼ ਲੜਾਈ ਮਜ਼ਬੂਤ ਕਰਕੇ ਮੋਦੀ-ਸ਼ਾਹ ਦੀ ਜੋੜੀ ਨੂੰ ਕੇਂਦਰ ਦੀ ਸੱਤਾ ਤੋਂ ਲਾਂਭੇ ਕੀਤਾ ਜਾ ਸਕੇ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਮਿਲਣ ਬਾਰੇ ਪੁੱਛੇ ਜਾਣ 'ਤੇ ਮਮਤਾ ਨੇ ਕਿਹਾ ਸਾਨੂੰ ਹਰ ਵਾਰ ਸੋਨੀਆ ਨੂੰ ਕਿਉਂ ਮਿਲਣਾ ਚਾਹੀਦਾ ਹੈ? ਇਹ ਸੰਵਿਧਾਨਕ ਤੌਰ 'ਤੇ ਜ਼ਰੂਰੀ ਨਹੀਂ ਹੈ। ਮਮਤਾ ਬੈਨਰਜੀ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਯੂ.ਪੀ. ਵਿਚ ਭਾਜਪਾ ਖ਼ਿਲਾਫ਼ ਲੜਨ ਲਈ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਕਰਨ ਦਾ ਸੁਝਾਅ ਦਿੱਤਾ ਹੈ। ਰਾਜ ਸਭਾ ਸੰਸਦ ਮੈਂਬਰ ਸੰਜੈ ਸਿੰਘ ਨੇ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨਾਲ ਮੁਲਾਕਾਤ ਕੀਤੀ ਹੈ। ਸੰਜੈ ਸਿੰਘ ਨੇ ਦੱਸਿਆ ਕਿ ਦੋਵਾਂ ਨੇਤਾਵਾਂ ਨੇ ਭਾਜਪਾ ਸਰਕਾਰ ਤੋਂ ਮੁਕਤੀ ਹਾਸਲ ਕਰਨ ਲਈ ਉੱਤਰ ਪ੍ਰਦੇਸ਼ ਦੇ ਸਾਂਝੇ ਮੁੱਦਿਆਂ 'ਤੇ ਰਣਨੀਤਕ ਚਰਚਾ ਕੀਤੀ ਹੈ। ਉਨਾਂ



ਸੰਕੇਤ ਦਿੱਤਾ ਕਿ ਦੋਵੇਂ ਦਲ ਗੱਠਜੋੜ ਵੱਲ ਵਧ ਰਹੇ ਹਨ। ਦੂਜੇ ਪਾਸੇ ਮਮਤਾ ਬੈਨਰਜੀ ਨੇ ਕਿਹਾ ਕਿ ਜੇਕਰ ਜ਼ਰੂਰੀ ਹੋਵੇ ਤਾਂ ਉਹ ਉੱਤਰ ਪ੍ਰਦੇਸ਼ ਵਿਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੂੰ ਮਦਦ ਦੇਣ ਲਈ ਤਿਆਰ ਹੈ। ਤ੍ਰਿਣਮੂਲ ਕਾਂਗਰਸ ਨੇ ਪਾਰਟੀ ਵਿਸਥਾਰ ਲਈ ਮੇਘਾਲਿਆ, ਤ੍ਰਿਪੁਰਾ, ਆਸਾਮ, ਉੱਤਰ ਪ੍ਰਦੇਸ਼ ਅਤੇ ਗੋਆ ਦੀ ਪਛਾਣ ਕੀਤੀ ਹੈ ਅਤੇ ਮੇਘਾਲਿਆ ਵਿਚ ਕਾਂਗਰਸ ਦੇ 12 ਵਿਧਾਇਕਾਂ, ਕਾਂਗਰਸ ਨੇਤਾ ਕੀਰਤੀ ਆਜ਼ਾਦ, ਹਰਿਆਣਾ ਕਾਂਗਰਸ ਦੇ ਸਾਬਕਾ ਪ੍ਰਧਾਨ ਅਸ਼ੋਕ ਤੰਵਰ ਅਤੇ ਜੇ.ਡੀ. (ਯੂ.) ਦੇ ਸਾਬਕਾ ਸੰਸਦ ਮੈਂਬਰ ਪਵਨ ਵਰਮਾ ਨੂੰ ਇਸ ਮੁਹਿੰਮ ਦੇ ਰੂਪ ਵਿਚ ਪਾਰਟੀ ਵਿਚ ਸ਼ਾਮਿਲ ਕੀਤਾ ਹੈ। ਕੌਮੀ ਪੱਧਰ 'ਤੇ ਤੀਜੇ ਮੋਰਚੇ ਦੇ ਗਠਨ ਨੂੰ ਲੈ ਕੇ ਰਾਜਨੀਤਕ ਚਰਚਾ ਫਿਰ ਤੋਂ ਸ਼ੁਰੂ ਹੋ ਗਈ ਹੈ, ਜਦਕਿ ਇਸ ਤੋਂ ਪਹਿਲਾਂ ਵੀ ਵਾਰ-ਵਾਰ ਤੀਜੇ ਮੋਰਚੇ ਦੀ ਗੱਲ ਹੁੰਦੀ ਰਹੀ ਹੈ। ਇਸ ਵਾਰ ਮੁੱਖ ਫ਼ਰਕ ਇਹ ਹੈ ਕਿ ਇਸ ਵਿਚ ਭਾਰਤੀ ਸਿਆਸਤ ਦੇ ਤਜਰਬੇਕਾਰ ਨੇਤਾਵਾਂ ਵਿਚੋਂ ਇਕ ਮਮਤਾ ਬੈਨਰਜੀ ਨੂੰ ਇਕ ਵੱਡੀ ਭੂਮਿਕਾ ਨਿਭਾਉਂਦਿਆਂ ਦੇਖਿਆ ਜਾ ਰਿਹਾ ਹੈ। ਮਮਤਾ ਬੈਨਰਜੀ ਅਗਲੇ ਮਹੀਨੇ ਇਕ ਦਸੰਬਰ ਨੂੰ ਮਹਾਰਾਸ਼ਟਰ ਦਾ ਦੌਰਾ ਕਰੇਗੀ, ਜਿੱਥੇ ਉਹ ਵਿਰੋਧੀ ਦਲਾਂ ਵਿਚਾਲੇ ਸੰਭਾਵਿਤ ਗੱਠਜੋੜ 'ਤੇ ਚਰਚਾ ਕਰਨ ਲਈ ਐਨ.ਸੀ.ਪੀ. ਮੁਖੀ ਸ਼ਰਦ ਪਵਾਰ ਅਤੇ ਮੁੱਖ ਮੰਤਰੀ ਊਧਵ ਠਾਕਰੇ ਨਾਲ ਮੁਲਾਕਾਤ ਕਰੇਗੀ।

# ਜਨਤਾ ਨੂੰ ਮੁਫ਼ਤਖੋਰੇ ਨਾ ਬਣਾਓ ਸਿਆਸੀ ਲੀਡਰੋ

**ਅੰਮ੍ਰਿਤਪਾਲ ਸਮਰਾਲਾ**

1947 ਵਿੱਚ ਦੇਸ਼ ਅਜ਼ਾਦ ਹੋਣ ਮਗਰੋਂ ਹੁਣ ਤਕ ਪੰਜਾਬ ਵਿੱਚ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਨੇ ਹੀ ਰਾਜ ਕੀਤਾ ਹੈ, ਜਿਸ ਵਿੱਚੋਂ ਕਰੀਬ 45 ਕੁ ਸਾਲ ਕਾਂਗਰਸ ਨੇ ਅਤੇ ਕਰੀਬ 25 ਕੁ ਸਾਲ ਅਕਾਲੀਆਂ ਨੇ ਸੂਬੇ ਦੀ ਸੱਤਾ ਸੰਭਾਲੀ ਹੈ। ਪਰ ਜੇਕਰ ਸੂਬੇ ਦੀ ਜ਼ਮੀਨੀ ਹਕੀਕਤ ਦੀ ਗੱਲ ਕਰੀਏ ਤਾਂ ਹਾਲਾਤ ਇਹ ਨੇ ਕਿ ਅੱਜ ਵੀ ਸਾਡੇ ਲੋਕ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਦਰ-ਬ-ਦਰ ਭਟਕ ਰਹੇ ਹਨ। ਸਿਆਸੀ ਪਾਰਟੀਆਂ ਵੋਟਾਂ ਦੇ ਨਜ਼ਦੀਕ ਆ ਕੇ ਤਰਾਂ-ਤਰਾਂ ਦੀ ਸਕੀਮਾਂ ਘੜ ਕੇ ਲੋਕਾਂ ਨੂੰ ਗੁਮਰਾਹ ਕਰ ਲੈਂਦੀਆਂ ਹਨ ਪਰ ਵੋਟਾਂ ਨਿਕਲਦਿਆਂ ਹੀ ਇਹ ਸਾਰੇ ਲੀਡਰ ਰੂਪੋਸ਼ ਹੋ ਜਾਂਦੇ ਹਨ। ਜਿਹੜੇ ਲੀਡਰ ਵੋਟਾਂ ਨੇੜੇ ਆ ਕੇ ਗਰੀਬ ਵੋਟਰਾਂ ਦੇ ਬੱਚਿਆਂ ਨੂੰ ਗੋਦੀ ਚੁੱਕ ਕੇ ਉਨਾਂ ਦੇ ਵਗਦੇ ਨੱਕਾਂ ਦੀਆਂ ਨਲ਼ੀਆਂ ਤਕ ਸਾਫ਼ ਕਰਦੇ ਹਨ, ਉਨਾਂ ਦੇ ਘਰਾਂ ਵਿੱਚ ਜਾ ਕੇ ਰੋਟੀਆਂ ਖਾਣ ਦਾ ਡਰਾਮਾ ਕਰਦੇ ਹਨ, ਵੋਟਾਂ ਮਗਰੋਂ ਉਨਾਂ ਗਰੀਬਾਂ ਨੂੰ ਮਿਲਣਾ ਤਾਂ ਦੂਰ ਦੀ ਗੱਲ, ਉਨਾਂ ਨਾਲ ਕੀਤੇ ਵਾਅਦਿਆਂ ਨੂੰ ਵੀ ਵਫ਼ਾ ਨਹੀਂ ਕਰਦੇ।

ਹਰ ਵਾਰ ਵਿਧਾਨ ਸਭਾ ਚੋਣਾਂ ਦੌਰਾਨ ਸਾਰੀਆਂ ਸਿਆਸੀ ਪਾਰਟੀਆਂ ਆਪੋ-ਆਪਣੇ ਚੋਣ ਮੈਨੀਫੈਸਟੋ ਜਾਰੀ ਕਰਕੇ ਵੋਟਰਾਂ ਨੂੰ ਆਪਣੀ ਤਰਫ਼ ਆਕਰਸ਼ਿਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੀਆਂ, ਪਰ ਚੋਣਾਂ ਜਿੱਤਣ ਉਪਰੰਤ ਸਰਕਾਰ ਬਣਦਿਆਂ ਹੀ ਸਾਰੇ ਚੋਣ ਵਾਅਦੇ ਹਵਾ ਵਿੱਚ ਗਾਇਬ ਹੋ ਜਾਂਦੇ ਹਨ। ਅਗਲੇ ਸਾਲ 2022 ਵਿੱਚ ਵਿਧਾਨ ਸਭਾ ਚੋਣਾਂ ਸਬੰਧੀ ਤਕਰੀਬਨ ਸਾਰੀਆਂ ਹੀ ਪਾਰਟੀਆਂ ਨੇ ਆਪਣੇ ਕਮਰਕੱਸੇ ਕਸ ਲਏ ਹਨ ਤੇ ਐਲਾਨਾਂ ਦੀ ਝੜੀ ਵੀ ਲਗਾ ਦਿੱਤੀ ਹੈ। ਇੱਕ 300 ਯੂਨਿਟ ਮਾਫ਼ ਕਰ ਰਿਹਾ ਹੈ ਤਾਂ ਦੂਜਾ 400 ਯੂਨਿਟ ਕਰਦਾ ਹੈ, ਤੀਜਾ ਕਹਿੰਦਾ ਹੈ ਕਿ ਮੈਂ ਬਿਜਲੀ ਦੇ ਹੁਣ ਤੱਕ ਦੇ ਬਕਾਏ ਮੁਆਫ਼ ਕਰੂੰ। ਕੋਈ ਔਰਤਾਂ ਲਈ ਇੱਕ ਹਜ਼ਾਰ ਰੁਪਇਆ ਪ੍ਰਤੀ ਮਹੀਨਾ ਦੇਣ ਦੀ ਗੱਲ ਕਰਦਾ ਹੈ, ਕੋਈ ਔਰਤਾਂ ਲਈ ਬੱਸ ਦੇ ਸਫ਼ਰ ਮੁਆਫ਼ ਕਰਦਾ ਹੈ, ਕੋਈ ਤੀਰਥ ਯਾਤਰਾ ਦੇ ਦਰਸ਼ਨ ਕਰਵਾ ਰਿਹਾ ਹੈ, ਕੋਈ ਕੁੜੀਆਂ ਦੇ ਵਿਆਹਾਂ ਮੌਕੇ ਵੱਡਾ ਸ਼ਗਨ ਦੇਣ ਨੂੰ ਕਹਿ ਰਿਹਾ ਹੈ। ਕੋਈ 5-5 ਮਰਲੇ ਦੇ ਪਲਾਟ ਵੰਡਦੈ, ਕੋਈ ਵਪਾਰੀਆਂ ਤੇ ਉਦਯੋਗਪਤੀਆਂ ਨੂੰ ਬਚਾਉਣ ਦੀ ਗੱਲ ਕਰਦਾ ਹੈ। ਮਤਲਬ ਚਾਰੇ ਪਾਸੇ 'ਮੁਫ਼ਤ ਮੁਫ਼ਤ ਮੁਫ਼ਤ' ਦੇ ਦਮਗਜ਼ੇ ਮਾਰੇ ਜਾ ਰਹੇ ਹਨ। ਚੋਣਾਂ ਲੰਘਦਿਆਂ ਹੀ ਕਿਸੇ ਨੇ ਸਾਰ ਨਹੀਂ ਲੈਣੀ ਗਰੀਬਾਂ ਦੀ ਕਿ ਤੁਸੀਂ ਕਿੱਦਾਂ ਜ਼ਿੰਦਗੀ ਬਤੀਤ ਕਰਦੇ ਹੋ, ਤੁਹਾਡੀਆਂ ਕੀ ਸਮੱਸਿਆਵਾਂ ਹਨ। ਇਸ ਬਾਰੇ ਕਿਸੇ ਸਿਆਸੀ ਪਾਰਟੀ ਦਾ ਕੋਈ ਏਜੰਡਾ ਨਹੀਂ ਹੈ।

ਅਚੰਭੇ ਵਾਲੀ ਗੱਲ ਇਹ ਵੀ ਹੈ ਕਿ ਜੋ ਮੁਫ਼ਤ ਸਹੂਲਤਾਂ ਦੇਣ ਦੇ ਐਲਾਨ ਹੋ ਰਹੇ ਹਨ, ਉਹਦੇ ਲਈ ਗਰੀਬਾਂ ਦੀ ਭਟਕਣਾ ਐਨੀ ਹੁੰਦੀ ਹੈ ਕਿ ਉਹ ਆਪਣੀਆਂ ਦਿਹਾੜੀਆਂ ਭੰਨ ਕੇ ਇਹ ਸਹੂਲਤਾਂ ਲੈਣ ਲਈ ਦਫਤਰਾਂ ਦੇ ਗੇੜੇ ਮਾਰ-ਮਾਰ ਥੱਕ ਜਾਂਦੇ ਹਨ, ਪਰ ਉਨਾਂ ਦੇ ਪੱਲੇ ਕੁਝ ਵੀ ਨੀ ਪੈਂਦਾ। ਕਿਉਂਕਿ ਦਫਤਰਾਂ ਅੰਦਰ ਵੀ ਉਨਾਂ ਲੋਕਾਂ ਦੇ ਹੀ ਕੰਮ ਹੁੰਦੇ ਹਨ ਜੋ ਇਨਾਂ ਸਿਆਸੀ ਲੀਡਰਾਂ ਦੀ 'ਜੀ ਹਜ਼ੂਰੀ' ਕਰ ਰਹੇ ਹੁੰਦੇ ਹਨ।

ਹਾਲੇ ਤੱਕ ਕਿਸੇ ਵੀ ਸਿਆਸੀ ਲੀਡਰ ਵੱਲੋਂ ਨਾ ਤਾਂ ਨੌਜਵਾਨਾਂ ਲਈ ਮੁਫ਼ਤ ਸਕਿੱਲ ਐਜੂਕੇਸ਼ਨ ਦੇਣ ਦੀ ਗੱਲ ਕੀਤੀ ਗਈ ਹੈ ਅਤੇ ਨਾ ਹੀ ਉਨਾਂ ਨੂੰ ਰੋਜ਼ਗਾਰ ਮੁਹਈਆ ਕਰਵਾਉਣ ਦੀ ਗੱਲ ਕੀਤੀ ਗਈ ਹੈ। ਜੇਕਰ ਹਰੇਕ ਘਰ ਦੇ ਨੌਜਵਾਨ ਨੂੰ ਰੋਜ਼ਗਾਰ ਮਿਲਿਆ ਹੋਵੇ ਤਾਂ ਉਹ ਸਿਆਸੀ ਲੀਡਰਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਮੁਫ਼ਤ ਸਹੂਲਤਾਂ ਨੂੰ ਪੈਸੇ ਖਰਚ ਕੇ ਖੁਦ ਆਪਣੇ ਦਮ 'ਤੇ ਖਰੀਦ ਸਕਦਾ ਹੈ। ਪਰ ਸ਼ਾਇਦ ਸਾਡੇ ਲੀਡਰ ਚਾਹੁੰਦੇ ਹੀ ਨਹੀਂ ਕਿ ਸਾਡੇ ਨੌਜਵਾਨ ਆਪਣੇ ਦਮ 'ਤੇ ਆਪਣੇ ਪਰਿਵਾਰ ਪਾਲਣ ਦੇ ਯੋਗ ਬਣਨ, ਉਹ ਤਾਂ ਇਹੀ ਚਾਹੁੰਦੇ ਹੋਣਗੇ ਕਿ ਇਹ ਹਮੇਸ਼ਾ ਸਾਡੇ ਅਧੀਨ ਹੀ ਰਹਿਣ, ਸਾਡੇ ਟੁੱਕੜਬੋਚ ਬਣ ਕੇ ਰਹਿਣ।

ਸਾਲ 2017 ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਵੱਲੋਂ ਕੀਤੇ ਗਏ ਕਿੰਨੇ ਕੁ ਵਾਅਦੇ ਪੂਰੇ ਹੋਏ ? ਕੁੜੀਆਂ ਲਈ 51 ਹਜ਼ਾਰ ਸ਼ਗਨ, ਬੁਢਾਪਾ ਪੈਨਸ਼ਨ 2000 ਪ੍ਰਤੀ ਮਹੀਨਾ, 50 ਲੱਖ ਨੌਕਰੀਆਂ, ਬੇਰੋਜ਼ਗਾਰੀ ਭੱਤਾ, ਸਕੂਲੀ ਬੱਚਿਆਂ ਨੂੰ ਸਮਾਰਟ ਫੋਨ, ਆਟਾ-ਦਾਲ ਸਮੇਤ ਚੀਨੀ-ਚਾਹਪੱਤੀ-ਘਿਓ, ਮੁੰਡਾ ਵਿਆਹੁਣ ਜਾਣ ਲਈ ਇਨੋਵਾ ਕਾਰਾਂ ਸਮੇਤ ਗੁਟਕਾ ਸਾਹਿਬ ਹੱਥ ਵਿੱਚ ਫੜ ਕੇ 4 ਹਫ਼ਤਿਆਂ ਵਿੱਚ ਪੰਜਾਬ ਵਿੱਚੋਂ ਨਸ਼ਾ ਮੁਕੰਮਲ ਤੌਰ 'ਤੇ ਖਤਮ ਕਰਨ ਅਤੇ ਨਸ਼ਾ ਤਸਕਰਾਂ ਨੂੰ ਜੇਲਾਂ ਵਿੱਚ ਡੱਕਣ ਦੇ ਵਾਅਦੇ ਕੀਤੇ ਗਏ ਸਨ। ਅੰਕੜੇ ਕੱਢ ਕੇ ਦੱਸੋ ਕਿ ਇਨਾਂ ਵਾਅਦਿਆਂ ਵਿੱਚੋਂ ਹੁਣ ਤਕ ਕਿੰਨੇ ਪੂਰੇ ਹੋਏ ਹਨ ? ਵਿਰੋਧੀ ਧਿਰਾਂ ਵੀ ਬਰਾਬਰ ਦੀਆਂ ਜ਼ਿੰਮੇਵਾਰ ਹਨ, ਜਿਨਾਂ ਵੱਲੋਂ ਕਦੇ ਸਰਕਾਰ ਨੂੰ ਚੱਜ ਨਾਲ ਘੇਰਿਆ ਹੀ ਨਹੀਂ ਗਿਆ। ਅਸਲ ਵਿੱਚ ਵਿਰੋਧੀ ਧਿਰਾਂ ਆਪਸ ਵਿੱਚ ਹੀ ਖੇਰੂੰ-ਖੇਰੂੰ ਹੋਈਆਂ ਰਹੀਆਂ, ਸ਼ਾਇਦ ਉਨਾਂ ਨੂੰ ਲੋਕ ਹਿਤਾਂ ਦੀ ਗੱਲ ਕਰਨ ਦਾ ਸਮਾਂ ਹੀ ਨਹੀਂ ਮਿਲਿਆ। ਪਰ ਹਾਂ ਆਹ ਆਖਰੀ ਕੁਝ ਕੁ ਮਹੀਨਿਆਂ ਤੋਂ ਸਾਰੇ ਆਪੋ-ਆਪਣੇ ਘੁਰਨਿਆਂ ਵਿੱਚੋਂ ਬਾਹਰ ਆ ਕੇ ਲੋਕ ਹਿਤਾਂ ਦੇ ਪਹਿਰੇਦਾਰ ਬਣ ਮੈਦਾਨ ਵਿੱਚ ਆ ਗਏ ਹਨ।

ਪੰਜਾਬ ਦੇ ਲੋਕ ਇਨਾਂ ਗੱਲਾਂ ਤੋਂ ਕੁਝ ਸਿੱਖਣ, ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜਾਉਣ ਅਤੇ ਇਸ ਕਾਬਿਲ ਬਣਾਉਣ ਕਿ ਉਹ ਇਨਾਂ ਲੀਡਰਾਂ ਨੂੰ ਸਵਾਲ ਕਰਨ ਦੇ ਯੋਗ ਬਣ ਸਕਣ। ਵਿੱਦਿਆ ਹੀ ਇੱਕ ਅਜਿਹਾ ਜ਼ਰੀਆ ਹੈ ਜੋ ਲੋਕਤੰਤਰ ਦੀ ਪ੍ਰੀਭਾਸ਼ਾ ਨੂੰ ਚੰਗੀ ਤਰਾਂ ਸਮਝ ਸਕਦਾ ਹੈ। ਇਸ ਢੰਗ ਨਾਲ ਹੀ ਆਪਣੀ ਖੁਦ ਦੀ ਆਜ਼ਾਦੀ ਮਾਣੀ ਜਾ ਸਕਦੀ ਹੈ। ਜੇ ਅਜਿਹਾ ਨਹੀਂ ਕਰ ਸਕਦੇ ਤਾਂ ਫੇਰ 1947 ਤੋਂ ਬਾਅਦ ਆਜ਼ਾਦ ਹੋਣ ਦਾ ਆਪਣਾ ਭੁਲੇਖਾ ਮਨਾਂ ਵਿੱਚੋਂ ਕੱਢ ਦਿਓ। ਸਿਆਸੀ ਲੀਡਰੋ, ਸਾਡੇ ਲੋਕਾਂ ਨੂੰ ਮੁਫ਼ਤਖੋਰੇ ਬਣਾਉਣਾ ਬੰਦ ਕਰ ਦਿਓ। ਇਨਾਂ ਲਈ ਮੁਫ਼ਤ ਸਿੱਖਿਆ ਅਤੇ ਇਨਾਂ ਦੇ ਰੋਜ਼ਗਾਰਾਂ ਦਾ ਪ੍ਰਬੰਧ ਕਰੋ। ਇਹ ਆਪਣੀਆਂ ਜ਼ਰੂਰਤਾਂ ਆਪਣੇ ਦਮ 'ਤੇ ਪੂਰੀਆਂ ਕਰ ਲੈਣਗੇ। ਕਿਸੇ ਵਿਦਵਾਨ ਨੇ ਖੂਬ ਕਿਹਾ ਹੈ ਕਿ ਕੋਈ ਵੀ ਦੇਸ਼ ਆਪਣੇ ਨੌਜਵਾਨ ਨੂੰ ਅਪਾਹਜ ਨਹੀਂ ਸਗੋਂ ਉਡਾਰ ਬਣਾਵੇ ਤਾਂ ਕਿ ਉਹ ਆਪਣੀਆਂ ਸੇਵਾਵਾਂ ਪ੍ਰਦਾਨ ਕਰਕੇ ਦੇਸ਼ ਦੀ ਅਰਥ ਵਿਵਸਥਾ ਨੂੰ ਮਜ਼ਬੂਤ ਕਰ ਸਕੇ।

## 36 ਸਾਲਾਂ ਤੋਂ ਪ੍ਰਦੂਸ਼ਿਤ ਗੰਗਾ ਦੀ ਤੈਅ ਹੋਵੇ ਜਵਾਬਦੇਹੀ

### ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਕੀਤੀ ਤਿੱਖੀ ਟਿੱਪਣੀ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨਜੀਟੀ) ਨੇ ਕਿਹਾ ਹੈ ਕਿ ਪਿਛਲੇ 36 ਸਾਲਾਂ ਤੋਂ ਨਿਗਰਾਨੀ ਦੇ ਬਾਵਜੂਦ ਗੰਗਾ ਦੀ ਸਫਾਈ ਚੁਣੌਤੀ ਬਣੀ ਹੋਈ ਹੈ। ਟ੍ਰਿਬਿਊਨਲ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਨਦੀ ਦੀ ਸਫਾਈ ਲਈ ਅਲਾਟ ਫੰਡ ਦੇ ਸਹੀ ਤੇ ਸਮਾਂਬੱਧ ਇਸਤੇਮਾਲ ਦੀ ਜਵਾਬਦੇਹੀ ਤੈਅ ਕਰਨ ਦੀ ਲੋੜ ਹੈ। ਨਾਲ ਹੀ ਪ੍ਰਦੂਸ਼ਣ ਘੱਟ ਕਰਨ ਦਾ ਟੀਚਾ ਹਾਸਲ ਕਰਨ ਲਈ ਅਲਾਟ ਫੰਡ ਤੇ ਇਸਦੇ ਇਸਤੇਮਾਲ ਦੇ ਸਬੰਧ 'ਚ ਸਹੀ ਜਾਂਚ ਦੀ ਲੋੜ ਹੈ।

ਐੱਨਜੀਟੀ ਦੇ ਚੇਅਰਮੈਨ ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ, ਹਾਲਾਂਕਿ ਗੰਗਾ ਐਕਸ਼ਨ ਪਲਾਨ ਇਕ ਤੇ ਦੋ ਦੇ ਜ਼ਰੀਏ ਕੇਂਦਰ ਸਰਕਾਰ ਦੇ ਪੱਧਰ 'ਤੇ ਪਹਿਲ ਕੀਤੀਆਂ ਗਈਆਂ ਹਨ ਤੇ ਉਸਦੇ ਬਾਅਦ ਨੈਸ਼ਨਲ ਮਿਸ਼ਨ ਫਾਰ ਕਲੀਨ ਗੰਗਾ (ਐੱਨਐੱਮਸੀਜੀ) ਦੀ ਸਥਾਪਨਾ ਹੋਈ, ਪਰ ਗੰਗਾ ਦਾ ਪ੍ਰਦੂਸ਼ਣ ਬਿਨਾ ਰੋਕਟੋਕ ਜਾਰੀ ਹੈ। ਐੱਨਜੀਟੀ ਨੇ ਕਿਹਾ ਕਿ ਜਵਾਬਦੇਹੀ ਤੇ ਮਾੜੇ ਨਤੀਜਿਆਂ ਦੇ ਬਗੈਰ ਹੀ ਸਮਾਂ ਸੀਮਾ ਦੀ ਉਲੰਘਣਾ ਕੀਤੀ ਜਾਂਦੀ ਹੈ।

ਬੈਂਚ ਨੇ ਕਿਹਾ ਕਿ ਨਿਗਰਾਨੀ ਤੇ ਜਵਾਬਦੇਹੀ ਤੈਅ ਕਰਨ ਵਿਚ ਨਾਕਾਮੀ ਨਾਲ ਸਿਰਫ਼ ਜਨਤਕ ਪੈਸੇ ਦੀ ਬਰਬਾਦੀ, ਨਿਰੰਤਰ ਪ੍ਰਦੂਸ਼ਣ ਤੇ ਇਸਦੇ ਨਤੀਜੇ ਵਜੋਂ ਮੌਤਾਂ ਤੇ ਬਿਮਾਰੀਆਂ ਹੁੰਦੀਆਂ ਹਨ। ਇਸ ਤਰਾਂ ਲੱਗਦਾ ਹੈ ਕਿ ਸਬੰਧਤ ਪ੍ਰਸ਼ਾਸਨ ਦੇ ਸਿਖਰਲੇ ਪੱਧਰ ਨੂੰ ਰਾਸ਼ਟਰੀ ਸਵੱਛ ਗੰਗਾ ਮਿਸ਼ਨ ਦੇ ਕੰਮਕਾਜ 'ਚ ਰਚਨਾਤਕ ਬਦਲਾਵਾਂ 'ਤੇ ਵਿਚਾਰ ਕਰਨ ਦੀ ਲੋੜ ਹੈ, ਤਾਂ ਜੋ ਸਮਾਂ ਸੀਮਾ ਬਣਾ ਕੇ ਰੱਖਣ ਲਈ ਜਵਾਬਦੇਹੀ ਤੈਅ ਕੀਤੀ ਜਾ ਸਕੇ ਤੇ ਭਵਿੱਖ ਵਿਚ ਟੀਚਿਆਂ ਨੂੰ ਹਾਸਲ ਕਰਨ ਲਈ ਮੈਨੇਜਮੈਂਟ ਰਣਨੀਤੀ ਦਾ ਪਤਾ ਲਗਾਇਆ ਜਾਵੇ। ਬੈਂਚ ਨੇ ਕਿਹਾ ਕਿ ਨਾਕਾਮੀ ਕਾਰਨਾਂ ਤੇ ਜ਼ਿੰਮੇਵਾਰ ਵਿਅਕਤੀਆਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਤੇ ਉਨਾਂ ਨੂੰ ਸਹੀ ਰੂਪ ਨਾਲ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ।



# ਸ਼੍ਰੋਮਣੀ ਵਿੱਦਿਅਕ ਅਦਾਰੇ ਸੰਕਟ ਵਿਚ



**ਮਾਸਟਰ ਮਿੱਠੂ ਸਿੰਘ ਕਾਹਨਕੇ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਹੈ ਜੋ ਲਗਭਗ 101 ਵਰੇ ਪਹਿਲਾਂ ਵੱਡੇ ਸੰਘਰਸ਼ ਤੇ ਸ਼ਹਾਦਤਾਂ ਸਦਕਾ ਹੋਂਦ ਵਿਚ ਆਈ ਸੀ। ਸੰਘਰਸ਼ ਦੌਰਾਨ ਹਜ਼ਾਰਾਂ ਸਿੰਘਾਂ ਵੱਲੋਂ ਗ੍ਰਿਫ਼ਤਾਰੀਆਂ ਅਤੇ 400 ਤੋਂ ਵੱਧ ਸ਼ਹਾਦਤਾਂ ਦੇਣੀਆਂ ਪਈਆਂ ਸਨ। ਪਹਿਲੀ ਨਵੰਬਰ 1925 ਨੂੰ ਬਣੇ ਪਹਿਲੇ ਬੋਰਡ ਨੂੰ ਗੁਰਦੁਆਰਿਆਂ ਅੰਦਰ ਸੁਚੱਜਾ ਪ੍ਰਬੰਧ ਕਰਨ, ਮਨਮਤੀ ਰੀਤਾਂ ਨੂੰ ਬੰਦ ਕਰਨ, ਧਰਮ ਤੇ ਵਿੱਦਿਆ ਦਾ ਪ੍ਰਚਾਰ-ਪ੍ਰਸਾਰ ਕਰਨ ਅਤੇ ਲੰਗਰਾਂ ਦਾ ਉੱਚਿਤ ਪ੍ਰਬੰਧ ਕਰਨ ਦੀਆਂ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ। ਵਿੱਦਿਅਕ ਖੇਤਰ ਅੰਦਰ ਉਪਰਾਲੇ ਵਜੋਂ ਸ੍ਰੀ ਗੁਰੂ ਨਾਨਕ ਖਾਲਸਾ ਕਾਲਜ ਮੁੰਬਈ ਵਿਖੇ 1935 ਵਿਚ ਸਥਾਪਤ ਕੀਤਾ ਗਿਆ।

ਪੰਜਾਬ, ਹਰਿਆਣਾ, ਹਿਮਾਚਲ ਅੰਦਰ ਪਿਛਲੇ ਲਗਭਗ 3 ਦਹਾਕਿਆਂ ਤੋਂ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸਵ: ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਹੇਠ ਉਪਰਾਲੇ ਆਰੰਭੇ ਗਏ ਸਨ। ਮੌਜੂਦਾ ਸਮੇਂ ਇਨਾਂ ਸੂਬਿਆਂ ਅੰਦਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ 33 ਕਾਲਜ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਸਿੱਖ ਯੂਨੀਵਰਸਿਟੀ ਅਤੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਵਾਲੇ 52 ਸਕੂਲ ਚੱਲ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਕਾਲਜਾਂ/ਯੂਨੀਵਰਸਿਟੀਆਂ/ਸਕੂਲਾਂ ਕੋਲ ਸ਼ਾਨਦਾਰ ਇਮਾਰਤਾਂ, ਖੇਡ ਮੈਦਾਨ, ਲੋੜੀਂਦਾ ਸਟਾਫ ਤੇ ਹੋਰ ਜ਼ਰੂਰੀ ਸਹੂਲਤਾਂ ਹਨ। ਇਨਾਂ ਵਿੱਦਿਅਕ ਅਦਾਰਿਆਂ ਦੇ ਪ੍ਰਬੰਧ ਦੀ ਦੇਖ-ਰੇਖ ਲਈ 2007 ਵਿਚ ਡਾਇਰੈਕਟੋਰੇਟ ਆਫ ਐਜੂਕੇਸ਼ਨ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਬਹਾਦਰਗੜ ਵਿਖੇ ਸਥਾਪਤ ਕੀਤਾ ਗਿਆ। ਇਨਾਂ ਅਦਾਰਿਆਂ ਤੋਂ ਇਲਾਵਾ ਪਿਛਲੇ ਸਮੇਂ ਆਪਣੀਆਂ ਕੀਮਤੀ ਜ਼ਮੀਨਾਂ ’ਤੇ ਕਰੋੜਾਂ/ਅਰਬਾਂ ਰੁਪਏ ਖ਼ਰਚ ਕੇ ਇਮਾਰਤ ਬਣਾ ਕੇ ਇੰਜੀਨੀਅਰਿੰਗ ਕਾਲਜ, ਗੁਰੂ ਰਾਮਦਾਸ ਮੈਡੀਕਲ ਸਾਇੰਸ ਯੂਨੀਵਰਸਿਟੀ ਆਦਿ ਵਿੱਦਿਅਕ ਅਦਾਰੇ ਆਰੰਭੇ ਪਰ ਹੁਣ ਇਨਾਂ ਅਦਾਰਿਆਂ ਦਾ ਪ੍ਰਬੰਧ ਵੱਖ-ਵੱਖ ਟਰੱਸਟਾਂ ਅਧੀਨ ਚੱਲ ਰਿਹਾ ਹੈ। ਪਿਛਲੇ 15 ਸਾਲ ਤੋਂ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਬਜਟ ਇਜਲਾਸ ਵਿਚ ਨਾ ਹੀ ਇਨਾਂ ਦਾ ਬਜਟ ਆਉਂਦਾ ਹੈ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦੀ ਦੇਖ-ਰੇਖ ਹੇਠ ਇਹ ਸੰਸਥਾਵਾਂ ਚੱਲਦੀਆਂ ਹਨ। ਪੰਦਰਾਂ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੀਆਂ ਵਿਦਿਅਕ ਸੰਸਥਾਵਾਂ ਦੇ ਢਾਂਚੇ ਦਾ ਜੇਕਰ ਲੇਖਾ-ਜੋਖਾ ਕੀਤਾ ਜਾਵੇ ਤਾਂ ਨਤੀਜੇ ਨਿਰਾਸ਼ਾਜਨਕ ਹਨ। ਇਹ ਨਤੀਜੇ ਸਿੱਖ ਕੌਮ ਦੀਆਂ ਕੌਮੀ ਸੰਸਥਾਵਾਂ ਅੰਦਰ ਆਏ ਵੱਡੇ ਨਿਘਾਰ ਦਾ ਹੀ ਹਿੱਸਾ ਹਨ। ਸਿੱਖ ਕੌਮ ਨੂੰ ਆਧੁਨਿਕ ਮਿਆਰੀ ਸਿੱਖਿਆ ਤੇ ਮਿਆਰੀ ਖੋਜ ਦੀ ਵੱਡੀ ਲੋੜ ਹੈ। ਸ਼੍ਰੋਮਣੀ ਕਮੇਟੀ ਅਧੀਨ ਚੱਲ ਰਹੇ 52 ਸਕੂਲਾਂ ਵਿਚ ਸਾਲ 2019-20 ਵਿਚ ਵਿਦਿਆਰਥੀਆਂ ਦੀ ਗਿਣਤੀ 25021 ਸੀ ਪਰ ਸਾਲ 2020-21 ’ਚ ਇਹ 20579 ਰਹਿ ਗਈ।

ਇਹ ਇੱਕੀ ਪ੍ਰਤੀਸ਼ਤ ਸਾਲਾਨਾ ਦੀ ਦਰ ਨਾਲ ਘਟੀ ਹੈ। ਪੰਦਰਾਂ ਸਾਲਾਂ ਤੋਂ ਹੀ ਸਕੂਲਾਂ ਅੰਦਰ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਬਾਰਾਂ-ਪੰਦਰਾਂ ਸਾਲ ਪਹਿਲਾਂ 47 ਸਕੂਲਾਂ ਵਿਚ ਹਰੇਕ ਵਿਚ ਵਿਦਿਆਰਥੀਆਂ ਦੀ ਗਿਣਤੀ ਲਗਭਗ 900 ਤੋਂ 1000 ਤੱਕ ਸੀ ਜਦਕਿ ਹੁਣ ਇਹ 200 ਤੋਂ 300 ਵਿਚਕਾਰ ਹੀ ਰਹਿ ਗਈ ਹੈ। ਸਿਰਫ਼ 5 ਸੁਕਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਦਾ ਅੰਕੜਾ ਇਕ ਹਜ਼ਾਰ/ਪ੍ਰਤੀ ਸਕੂਲ ਦੇ ਨੇੜੇ ਪੁੱਜਦਾ ਹੈ। ਜੇ ਪ੍ਰਬੰਧ ਅਧੀਨ ਚੱਲ ਰਹੇ 33 ਕਾਲਜਾਂ ਦੀ ਕਾਰਗੁਜ਼ਾਰੀ ’ਤੇ ਝਾਤ ਮਾਰੀ ਜਾਵੇ ਤਾਂ ਕੇਵਲ 4 ਕਾਲਜ ਹੀ ਆਤਮ-ਨਿਰਭਰ ਹਨ ਜਿਨਾਂ ’ਚ ਸੰਤੋਸ਼ਜਨਕ ਵਿਦਿਆਰਥੀ ਦਾਖ਼ਲਾ ਗਿਣਤੀ ਹੈ। ਬੀਤੇ ਸਾਲ 2019-20 ’ਚ 33 ਕਾਲਜਾਂ ਵਿਚ ਵਿਦਿਆਰਥੀ ਗਿਣਤੀ 35144 ਸੀ ਜੋ ਹੁਣ ਚਾਲੂ ਸਾਲ 2020-21 ਵਿਚ ਘਟ ਕੇ 31392 ਰਹਿ ਗਈ ਹੈ ਭਾਵ ਵਿਦਿਆਰਥੀ ਦਾਖ਼ਲਾ ਘਟਣ ਦੀ ਸਾਲਾਨਾ ਦਰ 11% ਤੋਂ ਵੱਧ ਹੈ। ਛੇ ਨਵੰਬਰ 2021 ਨੂੰ ਸ਼੍ਰੋਮਣੀ ਕਮੇਟੀ ਦੀ ਐਗਜ਼ੀਕਿਊਟਿਵ ਕਮੇਟੀ ਦੀ ਹੋਈ ਮੀਟਿੰਗ ਵਿਚ ਸਕੱਤਰ ਨੇ ਲਿਖਤੀ ਰਿਪੋਰਟ ਪੇਸ਼ ਕੀਤੀ ਕਿ ਸਕੂਲ/ਕਾਲਜ ਭਾਰੀ ਆਰਥਿਕ ਸੰਕਟ ਦਾ ਸ਼ਿਕਾਰ ਹਨ। ਵਿਦਿਆਰਥੀਆਂ ਦੀ ਗਿਣਤੀ ਸਕੂਲਾਂ/ਕਾਲਜਾਂ ਵਿਚ ਬਹੁਤ ਘਟ ਗਈ ਹੈ। ਲੰਬੇ ਸਮੇਂ ਤੋਂ ਇਨਾਂ ਵਿੱਦਿਅਕ ਅਦਾਰਿਆਂ ਦੇ ਸਟਾਫ ਦੀਆਂ ਤਨਖ਼ਾਹਾਂ ਬਕਾਇਆ ਹਨ। ਉਨਾਂ ਨੇ ਅੰਕੜਿਆਂ ਸਮੇਤ ਆਰਥਿਕ ਸਥਿਤੀ ਬਿਆਨ ਕੀਤੀ। ਬਜਟ 2021-22 ਅਨੁਸਾਰ ਵਿੱਦਿਅਕ ਅਦਾਰਿਆਂ ਦੀ ਕੁੱਲ ਆਮਦਨ 1,89,17,14537 ਦਰਸਾਈ ਗਈ ਅਤੇ ਖ਼ਰਚਾ 2,23,18,80,000 ਦਰਸਾਇਆ ਗਿਆ ਹੈ। ਸੋ ਵਿੱਦਿਅਕ ਬਜਟ ਸਾਲਾਨਾ ਇਜਲਾਸ ਵਿਚ 233 ਕਰੋੜ 18 ਲੱਖ ਦਾ ਪਾਸ ਕੀਤਾ ਗਿਆ।

ਪਿਛਲੇ ਦੋ ਸਾਲਾਂ ਅੰਦਰ ਸ਼੍ਰੋਮਣੀ ਕਮੇਟੀ ਨੇ ਵਿੱਦਿਅਕ ਅਦਾਰਿਆਂ ਨੂੰ 57 ਕਰੋੜ 58 ਲੱਖ ਰੁਪਏ ਦੀ ਸਹਾਇਤਾ ਦਿੱਤੀ ਪਰ ਫਿਰ ਵੀ ਹੁਣ ਇਹ ਘਾਟਾ 97 ਕਰੋੜ 58 ਲੱਖ ਰੁਪਏ ਤੋਂ ਵੱਧ ਹੈ। ਸਤੰਬਰ 2020 ਤੋਂ ਵਿੱਦਿਅਕ ਅਦਾਰਿਆਂ ਅੰਦਰ ਤਨਖ਼ਾਹ ਦੇ ਕੱਟ ਲਾਉਣੇ ਆਰੰਭੇ ਗਏ। ਸਤੰਬਰ 2020 ਤੋਂ ਅੱਧੀ ਤਨਖ਼ਾਹ ਦੇਣੀ ਆਰੰਭ ਕੀਤੀ ਗਈ। ਇਹ ਕੱਟ 15000 ਤੋਂ ਉੱਪਰ ਦੀ ਤਨਖ਼ਾਹ ਵਾਲੇ ਮੁਲਾਜ਼ਮਾਂ ਨੂੰ 50% ਕੱਟ ਕੇ ਤਨਖ਼ਾਹ ਦੇਣ, 1 ਲੱਖ ਤੋਂ ਉਪਰ ਤਨਖ਼ਾਹ ਲੈਣ ਵਾਲੇ ਮੁਲਾਜ਼ਮਾਂ ਨੂੰ ਕੇਵਲ 70,000 ਰੁਪਏ ਮਾਸਿਕ ਤਨਖ਼ਾਹ ਦੇਣ ਦਾ ਫ਼ੈਸਲਾ ਹੋਇਆ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ 47 ਸਕੂਲ ਤੇ 29 ਕਾਲਜ ਭਾਰੀ ਆਰਥਿਕ ਘਾਟੇ ਵਿਚ ਚੱਲ ਰਹੇ ਹਨ ਇਨਾਂ ਦੀਆਂ ਕਈ ਮਹੀਨਿਆਂ ਤੋਂ ਤਨਖਾਹਾਂ ਵੀ ਬਕਾਇਆ ਹਨ।

30 ਸਤੰਬਰ 2021 ਤੱਕ ਸਕੂਲਾਂ-ਕਾਲਜਾਂ ਦੀ 65 ਕੁ ਕਰੋੜ ਸੈਲਰੀ ਦੇਣ ਯੋਗ ਹੈ। ਅੱਧੀ ਤਨਖ਼ਾਹ ਕੱਟ ਲਾਉਣ ’ਤੇ ਵੀ 27 ਕਰੋੜ 80 ਲੱਖ ਰੁਪਏ ਦੇ ਲਗਭਗ ਤਨਖ਼ਾਹਾਂ ਵੀ ਪੈਂਡਿੰਗ ਹੋ ਗਈਆਂ ਹਨ। ਤਨਖ਼ਾਹ ਦੇਣ ਤੋਂ ਸਕੱਤਰ ਵਿੱਦਿਆ ਨੇ ਅਸਮਰੱਥਾ ਪ੍ਰਗਟਾਈ ਹੈ। ਇਕੱਤੀ ਮਾਰਚ 2022 ਤਕ ਤਨਖ਼ਾਹ ਨਾ ਦੇਣ ਦੀ ਬੇਵੱਸੀ ਜ਼ਾਹਰ ਕੀਤੀ ਗਈ। ਦੂਜੇ ਪਾਸੇ ਬੜੀ ਚਲਾਕੀ ਨਾਲ ਸਰਕਾਰ ਤੋਂ ਡਿਫਾਲਟਰ ਹੋਣ ਤੋਂ ਬਚਿਆ ਜਾ ਰਿਹਾ ਹੈ। ਇੰਟਰਨਲ ਆਡੀਟਰ ਤੋਂ ਤਨਖ਼ਾਹਾਂ ਹਰ ਮਹੀਨੇ ਪਾਸ ਕਰਵਾ ਕੇ ਹਰ ਮਹੀਨੇ ਮੁਲਾਜ਼ਮਾਂ ਦਾ ਬਣਦਾ ਵੇਤਨ ਹਰੇਕ ਮਹੀਨੇ ਦੀ 10 ਤਰੀਕ ਤੋਂ ਪਹਿਲਾਂ ਜਮਾ ਕਰਵਾਇਆ ਜਾ ਰਿਹਾ ਹੈ। ਹਰ ਸਾਲ ਸ਼੍ਰੋਮਣੀ ਕਮੇਟੀ ਕਰੋੜਾਂ ਰੁਪਏ ਵਿੱਦਿਅਕ ਫੰਡ ਅਤੇ ਵਿੱਦਿਅਕ ਸਹਾਇਤਾ ਫੰਡ ਦੇ ਰੂਪ ਵਿਚ ਵਿੱਦਿਅਕ ਅਦਾਰਿਆਂ ਨੂੰ ਦੇ ਰਹੀ ਹੈ। ਫਿਰ ਵੀ ਇਹ ਅਦਾਰੇ ਕਰੋੜਾਂ ਰੁਪਏ ਦੇ ਘਾਟੇ ਵਿਚ ਕਿਉਂ ਹਨ ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਿਹਗੜ ਸਾਹਿਬ 107 ਏਕੜ ਜ਼ਮੀਨ ਵਿਚ ਅਰਬ ਰੁਪਏ ਤੋਂ ਵੱਧ ਦੀ ਲਾਗਤ ਨਾਲ ਉਸਾਰੀ ਹੈ। ਉੱਥਧੇ ਪਿਛਲੇ ਸਾਲਾਂ ਦੌਰਾਨ ਵਿਦਿਆਰਥੀਆਂ ਦੀ ਸਾਲਾਨਾ ਦਾਖ਼ਲਾ ਗਿਣਤੀ ੩ ਹਜ਼ਾਰ ਵਿਦਿਆਰਥੀ ਨਹੀਂ ਹੋ ਸਕੀ। ਚਾਰ ਸੌ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਹੈ ਜਿਸ ਦੀ ਸਾਲਾਨਾ ਸੈਲਰੀ 18 ਕੁ ਕਰੋੜ ਹੈ ਅਤੇ ਯੂਨੀਵਰਸਿਟੀ ਵੱਲੋਂ 30 ਕਰੋੜ ਦੇ ਚੁੱਕੇ ਕਰਜ਼ੇ ਦੀ ਸਾਲਾਨਾ ਕਿਸ਼ਤ 6 ਕਰੋੜ ਰੁਪੈ ਤੋਂ ਵੱਧ ਆਉਂਦੀ ਹੈ। ਯੂਨੀਵਰਸਿਟੀ ਦੀਆਂ ਦੇਣਦਾਰੀਆਂ ਵੀ ਪੈਂਡਿਗ ਹਨ ਤੇ ਇਹ ਘਾਟੇ ਵਿਚ ਚੱਲ ਰਹੀ ਹੈ। ਮੀਰੀ-ਪੀਰੀ ਇੰਸਟੀਚਿਊਟ ਮੈਡੀਕਲ ਕਾਲਜ ਸ਼ਹਾਬਾਦ ਮਾਰਕੰਡਾ (ਹਰਿਆਣਾ) ਜਿਸ ਉੱਤੇ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਫੰਡਾਂ ਵਿਚੋਂ 16 ਸਾਲਾਂ ਤੋਂ 85-87 ਕਰੋੜ ਦੇ ਲਗਭਗ ਰਕਮ ਬਿਲਡਿੰਗ ਉਸਾਰਨ ਅਤੇ ਕਾਲਜ ਸ਼ੁਰੂ ਕਰਨ ’ਤੇ ਹੁਣ ਤੱਕ ਖ਼ਰਚੀ ਜਾ ਚੁੱਕੀ ਹੈ। ਅਫਸੋਸ, ਬਗੈਰ ਨਕਸ਼ਾ ਪ੍ਰਵਾਨਗੀ ਤੋਂ ਉਸਾਰੀ ਕੀਤੀ ਗਈ ਬਿਲਡਿੰਗ ਲਾਵਾਰਸ ਖੜੀ ਹੈ। ਉੱਥੇ ਕੋਈ ਮੈਡੀਕਲ ਕਾਲਜ ਦੀਆਂ ਕਲਾਸਾਂ/ਪੜਾਈ ਨਹੀਂ ਹੋ ਰਹੀ। ਵਿੱਦਿਅਕ ਅਦਾਰਿਆਂ ਦੀ ਅਜਿਹੀ ਦਸ਼ਾ ਕਿਉਂ ਹੋ ਗਈ, ਕੌਣ ਇਸ ਦਾ ਜ਼ਿੰਮੇਵਾਰ ਹੈ ?

ਆਧੁਨਿਕ ਟੈਕਨਾਲੋਜੀ ਨਾਲ ਮਿਆਰੀ ਗੁਣਵੱਤੀ ਸਿੱਖਿਆ, ਵਿੱਦਿਅਕ ਏਡਜ਼ ਦੀ ਜਿੱਥੇ ਘਾਟ ਹੈ ਉੱਥੇ ਸਕੂਲਾਂ/ਕਾਲਜਾਂ ਅੰਦਰ ਭਰਤੀ ਕੀਤੇ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਆਨ ਮੈਰਿਟ ਨਹੀਂ ਸਗੋਂ ਸਿਫ਼ਾਰਸ਼ੀ ਹੈ। ਮੁਲਾਜ਼ਮਾਂ ਦੀਆਂ ਡਿਗਰੀਆਂ ਨੂੰ ਵੀ ਕਦੇ ਚੈੱਕ ਨਹੀਂ ਕੀਤਾ ਗਿਆ। ਬੀਲਿਬ, ਐੱਮਏ, ਐੱਮਐੱਸਸੀ, ਐੱਮਫਿਲ, ਪੀਐੱਚਡੀ ਡਿਗਰੀਆਂ ਕਈ ਮਲਾਜ਼ਮਾਂ ਨੇ ਦੱਖਣੀ, ਮੱਧ ਭਾਰਤ ਅਤੇ ਪੂਰਬੀ ਭਾਰਤ ਦੀਆਂ ਯੂਨੀਵਰਸਿਟੀਆਂ ਤੋਂ ਕੀਤੀਆਂ ਹੋਈਆਂ ਹਨ। ਉਨਾਂ ਨੂੰ ਪੜਤਾਲਣ ਦੀ ਲੋੜ ਹੈ ਭਾਵ ਫ਼ਰਜ਼ੀ ਡਿਗਰੀਆਂ ਰਾਹੀਂ ਨਿਯੁਕਤੀ ਲੈਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਲੋੜ ਹੈ। ਐਜੂਕੇਸ਼ਨ ਡਾਇਰੈਕਟੋਰੇਟ ਚਿੱਟਾ ਹਾਥੀ ਸਾਬਿਤ ਹੋ ਰਿਹਾ ਹੈ। ਸੁਕਲਾਂ ਅੰਦਰ ਚੱਲ ਰਹੀ ਪੜਾਈ ਦੀ ਕਦੇ ਪੜਤਾਲ ਹੀ ਨਹੀਂ ਕੀਤੀ ਜਾਂਦੀ। ਬਹੁਤੇ ਮੁਲਾਜ਼ਮ ਮੈਂਬਰਾਂ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂਆਂ ਨਾਲ ਨੇੜਤਾ ਰੱਖਣ ਵਾਲੇ ਹਨ। ਸਕੂਲਾਂ ਅੰਦਰ ਧੜੇਬੰਦੀਆਂ ਬਣ ਚੁੱਕੀਆਂ ਹਨ। ਵਿੱਦਿਅਕ ਮਾਹੌਲ ਖ਼ਰਾਬ ਹੈ। ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰੇ ਦਿਨੋ-ਦਿਨ ਖੜੋਤ ਦਾ ਸ਼ਿਕਾਰ ਬਣਦੇ ਜਾ ਰਹੇ ਹਨ। ਵਿੱਦਿਅਕ ਮਾਹੌਲ ਸੁਧਾਰਨ ਲਈ ਕੋਈ ਉਪਾਅ ਨਹੀਂ ਹੋ ਰਿਹਾ। ਇਨਾਂ ਸੰਸਥਾਵਾਂ ਨੂੰ ਬਚਾਉਣ ਲਈ ਸਖ਼ਤ ਕਦਮ ਚੁੱਕੇ ਜਾਣ।

# ਫਿਰਕੂ ਹਿੰਸਾ ਨੂੰ ਚੁਣੌਤੀ ਦੇਣ ਲਈ ਲੋਕ ਲਹਿਰ ਦੀ ਜ਼ਰੂਰਤ

**ਡਾਕਟਰ ਅਰੁਣ ਮਿਤਰਾ**

ਅਤੀਤ ਵਿਚ, ਰਾਜੇ ਉਨਾਂ ਲੋਕਾਂ ਖ਼ਿਲਾਫ਼ ਬਲ ਦੀ ਵਰਤੋਂ ਕਰਦੇ ਸਨ, ਜੋ ਉਨਾਂ ਤੋਂ ਕਿਸੇ ਵੀ ਮੁੱਦੇ ’ਤੇ ਸਵਾਲ ਕਰਦੇ ਸਨ। ਚੰਦਰਗੁਪਤ ਮੌਰਿਆ ਦੇ ਕਾਲ ਵਿਚ ਤਤਕਾਲੀਨ ਰਾਜਾ ਧਨਾਨੰਦ ਨੇ ਵੀ ਅਜਿਹਾ ਹੀ ਕੀਤਾ ਸੀ, ਉਨਾਂ ਨੇ ਉਸ ਸਮੇਂ ਦੇ ਬੁੱਧੀਮਾਨ ਚਾਣਕਿਆ ਨੂੰ ਮਾਰਨ ਦੀ ਵੀ ਕੋਸ਼ਿਸ਼ ਕੀਤੀ ਸੀ।

ਅਜਿਹਾ ਕਿਹਾ ਜਾਂਦਾ ਹੈ ਕਿ ਰਾਜਾ ਅਸ਼ੋਕ ਨੇ ਕਾਲਿੰਗਾ ਦੀ ਲੜਾਈ ਦੌਰਾਨ ਇਕ ਲੱਖ ਲੋਕਾਂ ਨੂੰ ਮਾਰ ਦਿੱਤਾ ਸੀ। ਜਦੋਂ ਵਿਦੇਸ਼ੀ ਹਮਲਾਵਰ ਭਾਰਤ ਆਏ ਤਾਂ ਉਨਾਂ ਨੇ ਲੋਕਾਂ ’ਤੇ ਕੋਈ ਦਇਆ ਨਹੀਂ ਕੀਤੀ। ਮੁਗ਼ਲਾਂ ਨੇ ਇਸ ਖੇਤਰ ’ਤੇ ਕੰਟਰੋਲ ਕਰਨ ਲਈ ਬਲ ਅਤੇ ਕੂਟਨੀਤੀ ਦੀ ਵਰਤੋਂ ਕੀਤੀ। ਬਾਅਦ ’ਚ ਉਨਾਂ ਨੇ ਖ਼ੁਦ ਨੂੰ ਭਾਰਤੀ ਐਲਾਨ ਦਿੱਤਾ ਅਤੇ ਇੱਥੇ ਹੀ ਰਹਿ ਗਏ ਅਤੇ ਭਾਰਤੀ ਸਮਾਜ ਤੇ ਭਾਰਤੀ ਸੱਭਿਆਚਾਰ ਵਿਚ ਵਲੀਨ ਹੋ ਗਏ। ਪਰ ਬਰਤਾਨਵੀ ਸਾਮਰਾਜਵਾਦੀ ਵੱਖ ਸਨ। ਉਨਾਂ ਨੇ ਕੂਟਨੀਤੀ ਅਤੇ ਬਲ ਰਾਹੀਂ ਭਾਰਤ ’ਤੇ ਜਿੱਤ ਪ੍ਰਾਪਤ ਕੀਤੀ। ਉਨਾਂ ਨੇ ਸਾਡੀ ਸੰਪਤੀ ਲੁੱਟੀ ਅਤੇ ਸਭ ਕੁਝ ਇੰਗਲੈਂਡ ਲੈ ਗਏ ਅਤੇ ਸਾਡੇ ਲੋਕਾਂ ਦੀ ਕੀਮਤ ’ਤੇ ਖ਼ੁਦ ਨੂੰ ਖ਼ੁਸ਼ਹਾਲ ਬਣਾਇਆ। ਸਾਡੇ ਸੁਤੰਤਰਤਾ ਸੈਨਾਨੀਆਂ ’ਤੇ ਉਨਾਂ ਦੇ ਹਿੰਸਕ ਅੱਤਿਆਚਾਰਾਂ ਦੀ ਸੂਚੀ ਬਹੁਤ ਲੰਬੀ ਹੈ।

ਸੁਤੰਤਰਤਾ ਤੋਂ ਬਾਅਦ ਲੋਕਤੰਤਰਿਕ ਸਿਧਾਂਤਾਂ ’ਤੇ ਆਧਾਰਿਤ ਰਾਸ਼ਟਰ ਦਾ ਨਿਰਮਾਣ ਇਕ ਵੱਡੀ ਚੁਣੌਤੀ ਸੀ, ਜਿਸ ਦਾ ਸਫਲਤਾਪੂਰਵਕ ਸਾਹਮਣਾ ਕੀਤਾ ਗਿਆ। ਸੰਵਿਧਾਨ ਵਿਚ ਕਿਸੇ ਵੀ ਧਰਮ, ਜਾਤੀ ਜਾਂ ਲਿੰਗ ਨਾਲ ਸਬੰਧਤ ਦੇਸ਼ ਦੇ ਹਰੇਕ ਨਾਗਰਿਕ ਨੂੰ ਸਮਾਨ ਅਧਿਕਾਰ ਦਿੱਤੇ ਗਏ ਸਨ। ਏਨਾ ਹੀ ਨਹੀਂ, ਜੋ ਸਦੀਆਂ ਤੋਂ ਪੀੜਤ ਸਨ, ਉਨਾਂ ਨੂੰ ਖ਼ਾਸ ਸਹੂਲਤਾਂ ਦੇਣ ਦੀ ਵਿਵਸਥਾ ਕੀਤੀ ਗਈ ਸੀ। ਨਤੀਜੇ ਵਜੋਂ, ਕਮੀਆਂ ਦੇ ਬਾਵਜੂਦ ਉਨਾਂ ਵਿਚੋਂ ਕਈਆਂ ਨੂੰ ਇਕ ਹੱਦ ਤੱਕ ਉੱਪਰ ਉਠਾਇਆ ਜਾ ਸਕਿਆ। ਇਸ ਨਾਲ ਸਮਾਜ ‘ਚ ਭੇਦਭਾਵ ’ਚ ਕਮੀ ਆਈ ਅਤੇ ਸਦਭਾਵਨਾ ਵਿਚ ਵਾਧਾ ਹੋਇਆ। ਪਰ ਸਥਿਤੀ ਫਿਰ ਤੋਂ ਬਦਤਰ ਹੁੰਦੀ ਜਾ ਰਹੀ ਹੈ ਅਤੇ ਇਨਾਂ ਉਪਲਬਧੀਆਂ ਨੂੰ ਘੱਟ ਕਰਨ ਅਤੇ ਤਬਾਹ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਕ ਤੰਗ ਸੋਚ ਥੋਪੀ ਜਾ ਰਹੀ ਹੈ ਅਤੇ ਰਾਸ਼ਟਰਵਾਦ ਦੇ ਨਾਂ ’ਤੇ ਇਕ ਅਖੰਡ ਸਮਾਜ ਦੇ ਨਿਰਮਾਣ ਦੀ ਅਟੁੱਟ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਜਿਹੀ ਕੋਸ਼ਿਸ਼ ਕਰਨ ਵਾਲੇ ਇਹ ਭੁੱਲ ਜਾਂਦੇ ਹਨ ਕਿ ਉਹ ਸਾਰੇ ਦੇਸ਼ ਜਿਨਾਂ ਨੇ ਆਪਣੇ ਸਾਰੇ ਲੋਕਾਂ ਨੂੰ ਨਾਲ ਲਿਆ ਹੈ, ਉਨਾਂ ਨੇ ਉੱਨਤੀ ਕੀਤੀ ਹੈ ਜਦਕਿ ਜੋ ਸੰਪਰਦਾਇਕ ਸਿਧਾਂਤਾਂ ’ਤੇ ਬਣੇ ਹਨ, ਉਹ ਪਛੜ ਗਏ ਹਨ।

ਵਰਤਮਾਨ ਵਿਚ ਅਸੀਂ ਦੇਖਦੇ ਹਾਂ ਕਿ ਆਪਣੇ ਨਾਪਾਕ ਮਨਸੂਬਿਆਂ ਨੂੰ ਪੂਰਾ ਕਰਨ ਲਈ ਅਜਿਹੀਆਂ ਤਾਕਤਾਂ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ ਅਤੇ ਧਰਮ ਬਦਲਣ ਬਾਰੇ ਭਰਮ ਫੈਲਾਉਣ ਵਾਲੀ ਜਾਣਕਾਰੀ ਫੈਲਾਈ ਜਾ ਰਹੀ ਹੈ। ਪਿਆਰ ਅਤੇ ਸਨੇਹ ਦੇ ਇੱਛੁਕ ਨੌਜਵਾਨਾਂ ਤੋਂ ਪ੍ਰਹੇਜ਼ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਉਲਟ ‘ਲਵ ਜਿਹਾਦ’ ਵਰਗੇ ਮੁੱਦੇ ਉਛਾਲੇ ਜਾ ਰਹੇ ਹਨ। ਅਜਿਹੇ ਕੰਮਾਂ ਲਈ ਗਰੋਹਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਜੋ ਹਿੰਸਾ ਕਰਦੇ ਹਨ। ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮੁਸਲਮਾਨ ਦੇਸ਼ ਧ੍ਰੋਹੀ ਹਨ ਅਤੇ ਉਨਾਂ ਨੂੰ ਬਾਹਰ ਕੱਢ ਕੇ ਪਾਕਿਸਤਾਨ ਭੇਜ ਦੇਣਾ ਚਾਹੀਦਾ ਹੈ। ਉਨਾਂ ਵਿਚੋਂ ਕਈਆਂ ਨੂੰ ਤਾਂ ਘਿਨੌਣੇ ਦੋਸ਼ਾਂ ’ਚ ਗ੍ਰਿਫ਼ਤਾਰ ਵੀ ਕੀਤਾ ਗਿਆ ਹੈ ਅਤੇ ਲੰਬੇ ਸਮੇਂ ਤੱਕ ਜੇਲਾਂ ’ਚ ਰੱਖਿਆ ਗਿਆ ਹੈ। ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਨੂੰ ਖ਼ਾਲਿਸਤਾਨੀਆਂ ਦੀ ਅਗਵਾਈ ਵਿਚ ਚਲਾਇਆ ਜਾ ਰਿਹਾ ਦੱਸਿਆ ਜਾ ਰਿਹਾ ਹੈ। ਇਸ ਅੰਦੋਲਨ ਖ਼ਿਲਾਫ਼ ਕਈ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ। ਹਾਲ ਹੀ ਵਿਚ ਜਦੋਂ ਗ੍ਰਹਿ ਰਾਜ ਮੰਤਰੀ ਦੇ ਬੇਟੇ ਅਜੈ ਮਿਸ਼ਰਾ ਨੇ ਲਖੀਮਪੁਰ ਖੀਰੀ ’ਚ ਆਪਣੀ ਗੱਡੀ ਹੇਠ ਕਿਸਾਨਾਂ ਦੀ ਕਥਿਤ ਤੌਰ ’ਤੇ ਹੱਤਿਆ ਕਰ ਦਿੱਤੀ, ਤਾਂ ਉਸ ਦੇ ਪਿਤਾ ਨੇ ਇਹ ਕਹਿ ਕੇ ਅਪਰਾਧ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਕਿਸਾਨ ਬੱਬਰ ਖ਼ਾਲਸਾ ਨਾਲ ਸਬੰਧਤ ਹਨ। ਇਸ ਦੇਸ਼ ਵਿਚ ਹੁਣ ਤੱਕ ਅਣਜਾਣੀ ਭੀੜ ਹਿੰਸਕ (ਮਾਬ ਲਿੰਚਿੰਗ) ਕਿਸੇ ਨਾ ਕਿਸੇ ਬਹਾਨੇ ਨਾਲ ਹੋ ਰਹੀ ਹੈ। ਕਈ ਵਾਰ ਇਸ ਤਰਾਂ ਦੀਆਂ ਘਟਨਾਵਾਂ ’ਤੇ ਪੁਲਿਸ ਦੇ ਨਾਲ-ਨਾਲ ਨਿਆਂਪਾਲਿਕਾ ਵੀ ਧਿਆਨ ਨਹੀਂ ਦਿੰਦੀ। ਕਈ ਵਾਰ ਪੀੜਤਾਂ ਨੂੰ ਹੀ ਦੋਸ਼ੀ ਬਣਾਇਆ ਜਾ ਚੁੱਕਾ ਹੈ। ਰਾਜ ਦੇ ਸਮਰਥਨ ਵਿਚ ਅਜਿਹੀਆਂ ਤਾਕਤਾਂ ਦਾ ਹੌਸਲਾ ਵਧਿਆ ਹੈ, ਜੋ ਜਨ ਅੰਦੋਲਨਾਂ ਨੂੰ ਦਬਾਉਣ ਲਈ ਪੂਰੀ ਤਰਾਂ ਤਿਆਰ ਰਹਿੰਦੇ ਹਨ। ‘ਟਾਈਮਜ਼ ਨਾਓ’ ਨੂੰ ਦਿੱਤੇ ਇਕ ਇੰਟਰਵਿਊ ਵਿਚ ਰੱਖਿਆ ਸਟਾਫ਼ ਦੇ ਮੁਖੀ ਜਨਰਲ ਬਿਪਿਨ ਰਾਵਤ ਦੇ ਹਾਲ ਹੀ ਦਿੱਤੇ ਬਿਆਨ ਵਿਚ ਨਾਜ਼ੀ ਮਾਨਸਿਕਤਾ ਸਪੱਸ਼ਟ ਹੁੰਦੀ ਹੈ, ਜੋ ਭੀੜਤੰਤਰ ਨੂੰ ਸਹੀ ਠਹਿਰਾਉਂਦਾ ਹੈ ਅਤੇ ਉਤਸ਼ਾਹਿਤ ਕਰਦਾ ਹੈ।

ਹੁਣ ਹਿੰਦੂਆਂ ਵਿਚ ਬਹੁਗਿਣਤੀ ਸੰਪਰਦਾਇਕ ਜ਼ਹਿਰ ਫੈਲਾਉਣ ਦੇ ਬਹੁਤ ਸੂਖਮ ਯਤਨ ਹੋ ਰਹੇ ਹਨ। ਪਰ ਇਹ ਸਾਫ਼ ਹੁੰਦਾ ਜਾ ਰਿਹਾ ਹੈ ਕਿ ਇਨਾਂ ਦੇ ਨਿਸ਼ਾਨੇ ’ਤੇ ਹਿੰਦੂ ਵੀ ਹਨ। ਉਨਾਂ ਵਿਚੋਂ ਵੀ ਸਵਾਲ ਕਰਨ ਵਾਲਿਆਂ ਨੂੰ ਦੇਸ਼ਧ੍ਰੋਹੀ ਕਰਾਰ ਦਿੱਤਾ ਜਾਂਦਾ ਹੈ ਅਤੇ ਉਨਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਕਈ ਲੋਕਾਂ ਨੂੰ ਅਰਬਨ ਨਕਸਲੀ ਦੱਸ ਕੇ ਜੇਲ ਵਿਚ ਪਾ ਦਿੱਤਾ ਗਿਆ ਹੈ। ਕਲਬੁਰਗੀ, ਦਾਭੋਲਕਰ, ਗੌਰੀ ਲੰਕੇਸ਼ ਅਤੇ ਗੋਵਿੰਦ ਪਾਨਸਰੇ ਸਾਰੇ ਹਿੰਦੂ ਸਨ, ਪਰ ਹਿੰਦੂਤਵ ਦੀਆਂ ਤਾਕਤਾਂ ਨੇ ਉਨਾਂ ਦਾ ਸਫ਼ਾਇਆ ਕਰ ਦਿੱਤਾ। ਬੁਲੰਦ ਸ਼ਹਿਰ ਵਿਚ ਭੀੜ ਵਲੋਂ ਮਾਰੇ ਗਏ ਪੁਲਿਸ ਇੰਸਪੈਕਟਰ ਸੁਬੋਧ ਕੁਮਾਰ ਵੀ ਇਕ ਹਿੰਦੂ ਹੀ ਸਨ। ਕਾਨਪੁਰ ਦੇ ਇਕ ਵਪਾਰੀ ਮਨੀਸ਼ ਕੁਮਾਰ ਨੂੰ ਗੋਰਖਪੁਰ ਵਿਚ ਪੁਲਿਸ ਨੇ ਮਾਰ ਦਿੱਤਾ ਸੀ, ਉਹ ਵੀ ਇਕ ਹਿੰਦੂ ਸਨ। ਹਾਲ ਹੀ ਵਿਚ ਮੱਧ ਪ੍ਰਦੇਸ਼ ਵਿਚ ਫ਼ਿਲਮ ਨਿਰਮਾਤਾ ਪ੍ਰਕਾਸ਼ ਝਾਅ ਅਤੇ ਉਨਾਂ ਦੀ ਟੀਮ ਦੇ ਮੈਂਬਰਾਂ (ਸਾਰੇ ਹਿੰਦੂ) ਖ਼ਿਲਾਫ਼ ਹਿੰਸਾ ਹੋਈ। ਜੋ ਕੋਈ ਵੀ ਉਨਾਂ ਤੋਂ ਸਵਾਲ ਕਰਦਾ ਹੈ, ਉਨਾਂ ਖ਼ਿਲਾਫ਼ ਉਨਾਂ ਦੀ ਨਫ਼ਰਤ ਭੜਕ ਉੱਠਦੀ ਹੈ। ਇਹ ਸਭ ਇਕ ਹੀ ਭਾਈਚਾਰੇ ਦੇ ਲੋਕਾਂ ਦੇ ਵਿਚਾਲੇ ਸਮਾਜ ਵਿਚ ਸ਼ਾਂਤੀ, ਪ੍ਰੇਮ, ਅਤੇ ਸਦਭਾਵਨਾ ਦੀ ਭਾਵਨਾ ਨੂੰ ਦਬਾਉਣ ਲਈ ਕੀਤਾ ਜਾ ਰਿਹਾ ਹੈ। ਅਜਿਹਾ ਹੀ ਪੰਜਾਬ ਵਿਚ ਅੱਤਵਾਦੀ ਹਿੰਸਾ ਦੇ ਦੌਰ ’ਚ ਹੋਇਆ ਸੀ ਜਾਂ ਫਿਰ ਜੰਮੂ-ਕਸ਼ਮੀਰ ਵਿਚ ਹੋ ਰਿਹਾ ਹੈ।

ਹਿੰਸਕ ਮਾਨਸਿਕਤਾ ਗੰਭੀਰ ਨਤੀਜੇ ਪੈਦਾ ਕਰ ਸਕਦੀ ਹੈ। ਅਜਿਹੇ ਦਿਮਾਗ਼ ਵਾਲੇ ਲੋਕ ਜਾਂ ਸੰਗਠਨ ਸਭ ਤੋਂ ਪਹਿਲਾਂ ਆਪਣੇ ਹੀ ਭਾਈਚਾਰੇ ਦੇ ਲੋਕਾਂ ਨੂੰ ਮਾਰਦੇ ਅਤੇ ਧਮਕਾਉਂਦੇ ਹਨ। ਇਹ ਸੋਮਾਲੀਆ ਵਿਚ ਦੇਖਿਆ ਗਿਆ ਹੈ, ਜਿੱਥੇ ਤੁਤਸੀ ਅਤੇ ਹੁਤੂ ਜਨਜਾਤੀਆਂ ਵਿਚਾਲੇ ਜਨਜਾਤੀ ਲੜਾਈ ਦੌਰਾਨ ਲਗਭਗ 8 ਲੱਖ ਲੋਕ ਮਾਰੇ ਗਏ ਹਨ। ਗੁਆਂਢੀਆਂ ਨੇ ਗੁਆਂਢੀਆਂ ਨੂੰ ਮਾਰ ਦਿੱਤਾ, ਦੋਸਤਾਂ ਨੇ ਦੋਸਤਾਂ ਨੂੰ ਮਾਰ ਦਿੱਤਾ, ਇੱਥੋਂ ਤੱਕ ਕਿ ਪਤੀਆਂ ਨੇ ਵੀ ਆਪਣੀਆਂ ਪਤਨੀਆਂ ਨੂੰ ਇਹ ਕਹਿ ਕੇ ਮਾਰ ਦਿੱਤਾ ਕਿ ਨਹੀਂ ਤਾਂ ਉਨਾਂ ਨੂੰ ਆਪਣੇ ਹੀ ਕਬੀਲੇ ਦੀ ਭੀੜ ਵਲੋਂ ਖ਼ਤਮ ਕਰ ਦਿੱਤਾ ਜਾਵੇਗਾ। ਅਜਿਹਾ ਹੀ ਜੰਮੂ-ਕਸ਼ਮੀਰ ਜਾਂ ਪੰਜਾਬ ਵਿਚ 1980 ਦੇ ਦਹਾਕੇ ’ਚ ਗੜਬੜ ਵਾਲੇ ਦੌਰ ’ਚ ਹੋਇਆ ਸੀ। 1947 ਵਿਚ ਵੰਡ ਦੇ ਸਮੇਂ ਲੱਖਾਂ ਹਿੰਦੂ, ਮੁਸਲਿਮ ਅਤੇ ਸਿੱਖ ਸਾਰੇ ਮਾਰੇ ਗਏ ਸਨ। ਦੂਜੀ ਵਿਸ਼ਵ ਜੰਗ ਦੌਰਾਨ ਅਪਰਾਧੀ ਤੇ ਜੰਗ ਦੇ ਸ਼ਿਕਾਰ ਦੋਵੇਂ ਮਾਰੇ ਗਏ। ਹਕੀਕਤ ਵਿਚ ਹਿੰਸਾ ਨਾਲ ਕੁਝ ਵੀ ਹਾਸਲ ਨਹੀਂ ਹੁੰਦਾ। ਰਾਜਾ ਅਸ਼ੋਕ ਨੇ ਇਸ ਨੂੰ ਮਹਿਸੂਸ ਕੀਤਾ ਸੀ। ਉਨਾਂ ਨੇ ਬੋਧ ਧਰਮ ਨੂੰ ਸ਼ਾਂਤੀ ਦਾ ਧਰਮ ਸਮਝ ਕੇ ਅਪਣਾਇਆ ਅਤੇ ਫੈਲਾਇਆ। ਹਿੰਸਾ ਦੀ ਧਾਰਨਾ ਖ਼ਿਲਾਫ਼ ਜਨ ਅੰਦੋਲਨਾਂ ਨੂੰ ਉਤਸ਼ਾਹਿਤ ਕੀਤੇ ਜਾਣ ਦੀ ਜ਼ਰੂਰਤ ਹੈ। ਭਾਰਤ ਦਾ ਸੁਤੰਤਰਤਾ ਸੰਗਰਾਮ ਵੱਡੀ ਪੱਧਰ ’ਤੇ ਅਹਿੰਸਕ ਰਿਹਾ। ਸਿਹਤ, ਸਿੱਖਿਆ, ਰੁਜ਼ਗਾਰ ਜਿਹੇ ਕਈ ਮੁੱਦੇ ਹਨ, ਜਿਨਾਂ ਨੂੰ ਇਨਾਂ ਫਿਰਕੂਆਂ ਦਾ ਮੁਕਾਬਲਾ ਕਰਨ ਲਈ ਪ੍ਰਭਾਵੀ ਢੰਗ ਨਾਲ ਚੁੱਕਿਆ ਜਾਣਾ ਚਾਹੀਦਾ ਹੈ। **ਬਾਕੀ ਸਫ਼ਾ 29 ’ਤੇ**

ਅੰਮ੍ਰਿਤਸਰ ਟਾਈਮਜ਼ AMRITSAR TIMES

03 ਦਸੰਬਰ 2021 ਤੋਂ 09 ਦਸੰਬਰ 2021

# ਨਿਰਾਸ਼ਾ ਅਤੇ ਆਸ

ਪੰਜਾਬ ਪਿਛਲਾ ਪੂਰਾ ਸਾਲ ਕਿਸਾਨ ਸੰਘਰਸ਼ ਦਾ ਕੇਂਦਰ ਰਿਹਾ ਹੈ, ਪਹਿਲਾਂ ਪੰਜਾਬ ਦੀਆਂ ਸੜਕਾਂ ਉੱਤੇ ਅਤੇ ਫਿਰ ਲਗਾਤਾਰ ਦਿੱਲੀ ਦੀਆਂ ਬਰੂਹਾਂ ਉੱਤੇ ਸਬਰ ਸਬਰ ਸਿਦਕ ਅਤੇ ਚੜਦੀਕਲਾ ਨਾਲ ਇਹ ਸੰਘਰਸ਼ ਜਾਰੀ ਰਿਹਾ। ਕਿਸਾਨ ਸੰਘਰਸ਼ ਲੋਕਾਂ ਦੀਆਂ ਆਸਾਂ ਅਤੇ ਉਮੰਗਾਂ ਨੂੰ ਅਵਾਜ ਦੇਣ ਵਿੱਚ ਪੂਰੀ ਤਰਾਂ ਸਫਲ ਵੀ ਰਿਹਾ। ਏਨੀ ਵੱਡ-ਪਸਾਰੀ ਲਹਿਰ ਤੋਂ ਰਾਜਨੀਤਕ ਚਿੰਤਕਾਂ ਅਤੇ ਪੰਜਾਬ ਪੱਖੀ ਲੋਕਾਂ ਦੇ ਵੱਡੇ ਹਿੱਸੇ ਨੂੰ ਬਹੁਤ ਆਸਾਂ ਸਨ ਕਿ ਮੋਰਚੇ ਵਿੱਚੋਂ ਜਰੂਰ ਕੋਈ ਅਜਿਹੀ ਲੀਡਰਸ਼ਿਪ ਨਿਕਲੇਗੀ ਜਿਹੜੀ ਪੰਜਾਬ ਦੀ ਤਾਰੂ ਹੋ ਨਿੱਬੜੇਗੀ। ਹਾਲਾਂਕਿ ਮੋਰਚੇ ਦਾ ਅਸਰ ਮੌਜੂਦਾ ਸਿਆਸਤ ਉੱਤੇ ਬਹੁਤ ਵੱਡੇ ਪੱਧਰ ‘ਤੇ ਪਿਆ ਹੈ ਅਤੇ ਇਸ ਨੇ ਬਦਲਾਅ ਦੀ ਸਿਆਸਤ ਨੂੰ ਨਵੇਂ ਬੋਲ, ਮੁਹਾਵਰੇ ਦਿੱਤੇ ਹਨ ਪਰ ਲੀਡਰਸ਼ਿਪ ਦੇ ਪੱਖੋਂ ਜਿਹੜੀ ਆਸ ਉਜਾਗਰ ਹੋਈ ਸੀ ਉਹ ਹੁਣ ਕਿਤੇ ਨਾ ਕਿਤੇ ਨਿਰਾਸ਼ਾ ਵਿੱਚ ਤਬਦੀਲ ਹੋ ਚੁੱਕੀ ਹੈ।

ਕਈ ਕਿਸਾਨ ਜਥੇਬੰਦੀਆਂ ਵਿੱਚ ਇਸ ਗੱਲ ਦੀ ਨਿਰਾਸ਼ਾ ਹੈ ਕਿ ਪ੍ਰਧਾਨਮੰਤਰੀ ਵੱਲੋਂ ਕੀਤੇ ਗਏ ਕਨੂੰਨ ਵਾਪਸੀ ਦੇ ਐਲਾਨ ਨਾਲ ਉਹਨਾਂ ਹੱਥ ਆਪਣੇ ਆਪ ਨੂੰ ਪੰਜਾਬ ਵਿੱਚ ਇੱਕ ਰਾਜਸੀ ਆਗੂ ਵਜੋਂ ਸਥਾਪਤ ਕਰਨ ਦਾ ਮੌਕਾ ਖੁੱਸ ਗਿਆ ਹੈ, ਜਿਸ ਨਾਲ ਉਹ ਵਿਧਾਨ ਸਭਾ ਚੋਣਾਂ ਵਿੱਚ ਕੋਈ ਮਾਰਕਾ ਮਾਰ ਸਕਦੇ ਸਨ। ਇਸ ਨਿਰਾਸ਼ਾ ਦਾ ਦੂਜਾ ਪੱਖ ਇਹ ਹੈ ਕਿ ਜਿਉਂ-ਜਿਉਂ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਤਿਉਂ-ਤਿਉਂ ਪੰਜਾਬ ਵਿੱਚ ਰਾਜਨੀਤਕ ਗਤੀਵਿਧੀਆਂ ਅਤੇ ਆਗੂਆਂ ਦੇ ਰਾਜਨੀਤਕ ਫੇਰਬਦਲ ਤੇਜ਼ ਹੋ ਰਹੇ ਹਨ।

ਪਿਛਲੇ ਦਿਨਾਂ ਵਿੱਚ ਬਹੁਤ ਚਿਹਰਿਆਂ ਨੇ ਪਾਰਟੀਆਂ ਬਦਲੀਆਂ ਹਨ, ਹਾਲ ਹੀ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਦਿੱਲੀ ਤੋਂ ਵਾਹਿਦ ਆਗੂ ਸ.ਮਨਜਿੰਦਰ ਸਿੰਘ ਸਿਰਸਾ ਦੇ ਭਾਜਪਾ ਵਿੱਚ ਸ਼ਾਮਲ ਹੋਣ ਮਗਰੋਂ ਇਹ ਚਰਚਾ ਮੁੜ ਤੇਜ਼ ਹੋ ਗਈ ਹੈ ਅਤੇ ਸ.ਮਨਜਿੰਦਰ ਸਿੰਘ ਸਿਰਸਾ ਦੇ ਭਾਜਪਾ ਵਿੱਚ ਜਾਣ ਨਾਲ ਕਈ ਇਤਿਹਾਸਕ ਤੱਥ ਅਤੇ ਸੰਭਾਵਨਾਵਾਂ ਉੱਤੇ ਸਹੀ ਪਈ ਹੈ। ਪਹਿਲੀ ਇਹ ਕਿ ਕੇਂਦਰੀ ਰਾਜਨੀਤਕ ਜਮਾਤਾਂ ਅਤੇ ਸਰਕਾਰਾਂ ਦੀ ਖੇਤਰੀ ਸਿਆਸਤ ਵਿੱਚ ਦਖਲਅੰਦਾਜੀ ਅਤੇ ਪ੍ਰਭਾਵ ਕਿੰਨਾ ਭਾਰੂ ਹੈ ਅਤੇ ਦੂਜਾ ਇਹ ਕਿ ਪਿਛਲੀਆਂ ਘਟਨਾਵਾਂ ਜਿਵੇਂ ਕੈਪਟਨ ਅਮਰਿੰਦਰ ਸਿੰਘ ਦਾ ਭਾਜਪਾ ਦੇ ਨੇੜੇ ਜਾਣਾ ਅਤੇ ਭਾਜਪਾ ਵੱਲੋਂ ਬਾਦਲ ਦਲ ਤੋਂ ਵੱਖਰੇ ਹੋਏ ਅਕਾਲੀ ਧੜਿਆਂ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਭਾਜਪਾ ਦੇ ਸਿੱਖ ਸਿਆਸਤ ਪ੍ਰਤੀ ਰਵਈਏ ਦੇ ਬਾਰੇ ਵੀ ਦੱਸ ਪਾਉਂਦੀਆਂ ਹਨ। ਇਸ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਭਾਜਪਾ ਬਦਲ ਰਹੇ ਅੰਤਰਾਸ਼ਟਰੀ ਸਮੀਕਰਣਾਂ ਅਤੇ ਪੰਜਾਬ ਅਤੇ ਬਾਕੀ ਦੇ ਮੁਲਕ ਵਿਚਲੇ ਹਾਲਾਤਾਂ ਨੂੰ ਵੇਖਦਿਆਂ ਸਿੱਖਾਂ ਨਾਲ ਸਿੱਧੇ ਰੂਪ ਵਿੱਚ ਟਕਰਾਅ ਦੀ ਸਥਿਤੀ ਵਿੱਚ ਨਹੀਂ ਆਉਣਾ ਚਾਹੁੰਦੀ। ਸਿੱਖ ਸਿਆਸਤ ਬਾਰੇ ਭਾਜਪਾ ਦੀ ਪਹੁੰਚ ਰਲਾਉਣ (ਅਕੋਮੋਡੇਟ) ਅਤੇ ਜ਼ਜ਼ਬ (ਅਸੀਮੀਲੇਟ) ਕਰਨ ਵਾਲੀ ਹੈ।

ਹਾਲਾਂਕਿ ਫਿਲਹਾਲ ਕੈਪਟਨ ਅਮਰਿੰਦਰ ਸਿੰਘ ਅਤੇ ਮਨਜਿੰਦਰ ਸਿੰਘ ਸਿਰਸਾ ਨੂੰ ਭਾਜਪਾ ਨਾਲ ਜੁੜਨ ਕਰਕੇ ਕਿਸਾਨ ਸੰਘਰਸ਼ ਅਤੇ ਹੋਰ ਹਲਕਿਆਂ ਤੋਂ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ ਪਰ ਇਹ ਕਿੰਨਾ ਸਮਾਂ ਰਹੇਗਾ ਅਤੇ ਇਸ ਦੇ ਅਸਰ ਕਿਸ ਤਰਾਂ ਦੇ ਹੋਣਗੇ ਇਹ ਆਉਂਦੇ ਦਿਨਾਂ ਵਿੱਚ ਹੋਰ ਸਪਸ਼ਟ ਹੋ ਜਾਵੇਗਾ।

ਇਸ ਸਾਰੀ ਰਾਜਨੀਤਕ ਖੜੋਤ ਅਤੇ ਖਲਾਅ ਦਰਮਿਆਨ ਆਸ ਦੀ ਕਿਰਣ ਇਸ ਗੱਲ ਵਿੱਚ ਰੁਕੀ ਹੈ ਕਿ ਕਿਸਾਨ ਮੋਰਚੇ ਦੌਰਾਨ ਜਿਹੜੀ ਪਨੀਰੀ ਬੀਜੀ ਗਈ ਉਹ ਅਜਾਈਂ ਨਹੀਂ ਜਾਵੇਗੀ। ਕਿਸਾਨ ਮੋਰਚੇ ਦੀ ਇੱਕ ਵੱਡੀ ਪ੍ਰਾਪਤੀ ਇਹ ਵੀ ਰਹੀ ਕਿ ਇਸ ਨਾਲ ਵਿਰੋਧੀ ਧਿਰ ਦੀ ਪਹਿਚਾਣ ਆਮ ਲੋਕਾਂ ਵਿੱਚ ਹੋਰ ਨਿੱਖਰ ਕੇ ਸਾਹਮਣੇ ਆਈ। ਪਹਿਲਾਂ ਹਰ ਵਾਰ ਕਿਸੇ ਇਕ ਸਿਆਸੀ ਧਿਰ ਨੂੰ ਵਿਰੋਧੀ ਧਿਰ ਵਜੋਂ ਵੇਖਿਆ ਪ੍ਰਚਾਰਿਆ ਜਾਂਦਾ ਸੀ ਪਰ ਐਤਕੀਂ ਧਰਨਿਆਂ ਦੀਆਂ ਤਕਰੀਰਾਂ ਤੋਂ ਗਾਉਣ ਵਾਲਿਆਂ ਦੇ ਗੀਤਾਂ ਤੱਕ ਦਿੱਲੀ ਤਖ਼ਤ ਨੂੰ ਵਿਰੋਧੀ ਧਿਰ ਵਜੋਂ ਵੇਖਿਆ ਪ੍ਰਚਾਰਿਆ ਗਿਆ। ਲੋਕਾਂ ਦੇ ਦਬਾਅ ਕਰਕੇ ਇਹ ਪਹਿਲੀ ਵਾਰ ਹੋਇਆ ਕਿ ਕਿਸਾਨ ਯੂਨੀਅਨਾਂ ਸਰਕਾਰਾਂ ਨਾਲ ਮੁਲਾਕਾਤਾਂ ਵੇਲੇ ਆਪਣੇ ਮੁਤਾਬਿਕ ਅਤੇ ਲੋਕਾਂ ਦੇ ਜਜਬਾਤਾਂ ਦੇ ਉਲਟ ਫੈਸਲਾ ਨਹੀਂ ਕਰ ਸਕੀਆਂ। ਹੁਣ ਤੱਕ ਤਕਰੀਬਨ ਹਰ ਵੱਡੇ ਉਭਾਰ ਵਿਚੋਂ ਸਿਰਫ ਜਾ ਤਾਂ ਕੋਈ ਸਿਆਸੀ ਪਾਰਟੀ ਨਿਕਲਦੀ ਰਹੀ ਹੈ ਤੇ ਜਾ ਨਿਕਲਣ ਦੀ ਗੱਲ ਚਲਦੀ ਰਹੀ ਹੈ ਪਰ ਐਤਕੀਂ ਇਹ ਗੱਲ ਵੀ ਸਾਹਮਣੇ ਆਈ ਕਿ ਪੰਜਾਬ ਦਾ ਕੋਈ ਆਪਣਾ ਖੇਤੀਬਾੜੀ ਢਾਂਚਾ ਹੋਵੇ ਅਤੇ ਓਹਨੂੰ ਲਾਗੂ ਕਰਵਾਉਣ ਲਈ ਸਮਾਜਿਕ ਅਤੇ ਰਾਜਸੀ ਧਿਰ ਹੋਵੇ। ਕਿਸਾਨ ਸੰਘਰਸ਼ ਨੇ ਪੰਜਾਬ ਵਿੱਚ ਖਾਸ ਕਰਕੇ ਪਿੰਡਾਂ-ਸ਼ਹਿਰਾਂ ਦੇ ਨੌਜਵਾਨਾਂ ਨੂੰ ਨਵੀਂ ਚੇਤਨਾ ਪ੍ਰਦਾਨ ਕੀਤੀ ਹੈ, ਜਿਸ ਦਾ ਮੁੱਖ ਪ੍ਰਭਾਵ ਇਹ ਹੈ ਕਿ ਵੱਡੀ ਗਿਣਤੀ ਵਿੱਚ ਲੋਕ ਚਲੰਤ ਸਿਆਸਤ ਦੀਆਂ ਘਾਟਾਂ ਅਤੇ ਸੀਮਤਾਈਆਂ ਤੋਂ ਜਾਣੂ ਹੋਏ ਹਨ। ਕਿਸਾਨ ਸੰਘਰਸ਼ ਨੇ ਪਿੰਡ, ਸ਼ਹਿਰ ਪੱਧਰ ‘ਤੇ ਜ਼ਮੀਨੀ ਲੀਡਰਸ਼ਿਪ, ਪਿੜ ਵਿੱਚ ਵਿਚਰ ਰਹੇ ਆਗੂਆਂ ਨੂੰ ਜਨਮ ਦਿੱਤਾ ਹੈ ਜੋ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਕੁੱਖ ‘ਚ ਪਲ ਰਹੇ ਨਵੇਂ ਰਾਜਨੀਤਕ ਬਦਲਾਅ ਵਿੱਚ ਮੋਹਰੀ ਭੂਮਿਕਾ ਨਿਭਾਉਣ ਲਈ ਯਤਨਸ਼ੀਲ ਹਨ। ਇਸ ਲਈ ਇਸ ਸਮੇਂ ਘਾਟ ਸਿਰਫ ਉਹਨਾਂ ਰਾਜਸੀ ਆਗੂਆਂ ਦੀ ਹੈ ਜੋ ਇਸ ਸਫਲ ਮੋਰਚੇ ਤੋਂ ਬਾਅਦ ਪੈਦਾ ਹੋਈ ਨਿਰਾਸ਼ਾ ਨੂੰ ਆਸ ਵਿੱਚ ਬਦਲਣ ਦਾ ਮਾਦਾ ਰੱਖਦੇ ਹੋਣ। ਇਹ ਸਮਾਂ ਪੰਥਕ ਸਿਆਸਤ ਨੂੰ ਮੁੜ ਸੁਰਜੀਤ ਕਰਨ ਦੇ ਚਾਹਵਾਨਾਂ ਲਈ ਵੀ ਅਹਿਮ ਮੌਕਾ ਹੈ।

# ਤਿੰਨ ਖੇਤੀ ਕਾਨੂੰਨਾਂ ਨੂੰ ਵਾਪਿਸ ਲੈਣ ਦੇ ਮਾਇਨੇ



ਰਣਜੀਤ ਸਿੰਘ ਕੁਕੀ

ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਵਾਪਿਸ ਲੈਣ ਦੀ ਘੋਸ਼ਣਾ ਨੇ ਇਕ ਵੱਖਰਾ ਨਜ਼ਾਰਾ ਪੇਸ਼ ਕੀਤਾ ਜਿਸ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ “ਮਜਬੂਤ ਵਿਅਕਤੀ” ਦੀ ਛਵੀ ਨੂੰ ਪਹਿਲੀ ਵਾਰ ਧੱਕਾ ਲੱਗਿਆ।ਲੰਘੇ ਵਰੇ ਸੰਸਦ ਵਿਚ ਅਸੰਵਿਧਾਨਿਕ ਢੰਗ ਨਾਲ ਪਾਸ ਕੀਤੇ ਖੇਤੀ ਕਾਨੂੰਨਾਂ ਨੂੰ ਮੋਦੀ ਦੁਆਰਾ ਅਚਾਨਕ ਹੀ ਵਾਪਿਸ ਲਏ ਜਾਣ ਦੀ ਘੋਸ਼ਣਾ ਤੋਂ ਬਾਅਦ ਵੀ ਹਜ਼ਾਰਾਂ ਕਿਸਾਨ ਦਿੱਲੀ ਦੇ ਬਾਰਡਰ ’ਤੇ ਡਟੇ ਹੋਏ ਹਨ।ਉਨਾਂ ਦਾ ਤਰਕ ਹੈ ਕਿ ਉਹ ਰਾਸ਼ਟਰ ਦੇ ਖੇਤੀ ਸੈਕਟਰ ਨੂੰ ਆਧੁਨਿਕ ਕਰਨਗੇ।ਇਹਨਾਂ ਵਿਵਾਦਿਤ ਬਿੱਲਾਂ ਕਰਕੇ ਹੀ ਹਜ਼ਾਰਾਂ ਕਿਸਾਨ ਅੰਦੋਲਨ ਵਿਚ ਭਾਗ ਲੈ ਰਹੇ ਹਨ ਕਿਉਂਕਿ ਉਨਾਂ ਨੂੰ ਡਰ ਹੈ ਕਿ ਨਵੇਂ ਨਿਯਮਾਂ ਤਹਿਤ ਉਨਾਂ ਦੀ ਆਮਦਨ ਘੱਟ ਹੋ ਜਾਵੇਗੀ।ਇਸ ਅੰਦੋਲਨ ਨੇ ਮੋਦੀ ਪ੍ਰਸ਼ਾਸਨ ਨੂੰ ਮਹੱਤਵਪੂਰਨ ਚੁਣੌਤੀ ਪੇਸ਼ ਕੀਤੀ।ਇਹ ਇਸ ਗੱਲ ਦੀ ਉਦਾਹਰਣ ਹੈ ਕਿ ਸਰਕਾਰ ਦੁਆਰਾ ਸਖਤੀ ਨਾਲ ਦਬਾਉਣ ਦੇ ਬਾਵਜੂਦ ਵੀ ਸੰਗਠਿਤ ਜਨਤਕ ਵਿਰੋਧ ਉਦੇਸ਼ਾਂ ਦੀ ਪੂਰਤੀ ਲਈ ਜਰੂਰੀ ਹੈ।ਕੋਈ ਵੀ ਸਰਕਾਰ, ਭਾਵੇਂ ਉਹ ਕਿੰਨੀ ਵੀ ਮਜਬੂਤ ਕਿਉਂ ਨਾ ਹੋਵੇ, ਜਨਤਕ ਰਾਇ ਅਤੇ ਜ਼ਮੀਨ ਤੋਂ ਉੱਠ ਰਹੀ ਲੋਕਾਂ ਦੀ ਅਵਾਜ਼ ਨੂੰ ਅੱਖੋਂ-ਪਰੋਖਾ ਨਹੀਂ ਕਰ ਸਕਦੀ।ਇਸੇ ਲਈ ਮੋਦੀ ਦੁਆਰਾ ਇਹਨਾਂ ਕਾਨੂੰਨਾਂ ਨੂੰ ਵਾਪਿਸ ਲਏ ਜਾਣ ਦੀ ਘੋਸ਼ਣਾ ਇਕ ਵੱਖਰਾ ਨਜ਼ਾਰਾ ਸੀ ਕਿਉਂਕਿ ਬੀਤੇ ਵਿਚ ਸਰਕਾਰ ਨੇ ਆਪਣੀਆਂ ਨੀਤੀਆਂ ਦੀ ਸਖਤ ਆਲੋਚਨਾ ਦੇ ਬਾਵਜੂਦ ਆਪਣਾ ਕਦਮ ਪਿੱਛੇ ਨਹੀਂ ਹਟਾਇਆ।

ਭਾਰਤ ਵਿਚ ਕਿਸਾਨ ਮਹੱਤਵਪੂਰਨ ਵੋਟਿੰਗ ਬੈਂਕ ਹੈ ਜਿੱਥੇ ਪੰਜਾਹ ਪ੍ਰਤੀਸ਼ਤ ਤੋਂ ਜਿਆਦਾ ਅਬਾਦੀ ਆਪਣੀ ਰੋਜ਼ੀ ਲਈ ਖੇਤੀ ਉੱਪਰ ਨਿਰਭਰ ਹੈ।ਦੇਸ਼ ਦੀ .੭ ਟ੍ਰਿਲੀਅਨ ਆਰਥਿਕਤਾ ਵਿਚ ਕਿਸਾਨਾਂ ਪੰਦਰਾਂ ਪ੍ਰਤੀਸ਼ਤ ਹਿੱਸਾ ਪਾਉਂਦੇ ਹਨ ਅਤੇ ਦੋ-ਤਿਹਾਈ ਕਿਸਾਨਾਂ ਕੋਲ ਇਕ ਹੈਕਟੇਅਰ ਤੋਂ ਵੀ ਘੱਟ ਜ਼ਮੀਨ ਹੈ।ਮੋਦੀ ਸਰਕਾਰ ਦੁਆਰਾ ਲਿਆ ਗਿਆ ਫੈਸਲਾ ਹਿਰਦਾ-ਪਰਿਵਰਤਨ ਜਾਂ ਨੀਤੀਆਂ ਦੇ ਬਦਲਾਅ ਦਾ ਨਤੀਜਾ ਨਹੀਂ ਹੈ।ਸਗੋਂ ਬੀਜੇਪੀ ਨੇ ਇਸ ਗੱਲ ਦਾ ਅਹਿਸਾਸ ਕੀਤਾ ਹੈ ਕਿ ਲੋਕਾਂ ਵਿਚ,ਖਾਸ ਕਰਕੇ ਪੰਜਾਬ ਵਿਚ, ਸਰਕਾਰ ਪ੍ਰਤੀ ਬੇਗਾਨਗੀ ਵਧ ਰਹੀ ਹੈ।ਇਹਨਾਂ ਕਾਨੂੰਨਾਂ ਨੇ ਸਿੱਖ ਭਾਈਚਾਰੇ ਵਿਚ ਖਾਸ ਤੌਰ ਤੇ ਬੇਗਾਨਗੀ ਦੀ ਭਾਵਨਾ ਨੂੰ ਜਨਮ ਦਿੱਤਾ ਹੈ।ਕਿਸਾਨ ਅੰਦੋਲਨ, ਅਪ੍ਰੈਲ ਅਤੇ ਮਈ ਵਿਚ ਕੋਰੋਨਾ ਦੀ ਦੂਜੀ ਲਹਿਰ ਸਮੇਂ ਪੈਦਾ ਹੋਈ ਅਵਿਵਸਥਾ, ਰੋਜ਼ਮੱਰਾ ਦੀਆਂ ਚੀਜਾਂ ਦੀਆਂ ਵਧਦੀਆਂ ਕੀਮਤਾਂ, ਖਾਸ ਕਰਕੇ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿਚ ਨੌਕਰੀਆਂ ਦੀ ਅਣਹੋਂਦ ਨੇ ਸਰਕਾਰ ਉੱਪਰ ਦਬਾਅ ਵਧਾਇਆ ਹੈ।ਪਿਛਲੇ ਸੱਤ ਵਰਿਆਂ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਜਨਤਕ ਅੰਦੋਲਨਾਂ ਪ੍ਰਤੀ ਅਣਗਹਿਲੀ ਵਾਲਾ ਰਵੱਈਆ ਹੀ ਅਪਣਾਇਆ ਹੈ।ਆਪਣੇ ਆਪ ਨੂੰ ਮਜਬੂਤ ਅਤੇ ਫੈਸਲਾਕੁੰਨ ਸਾਬਿਤ ਕਰਨ ਦੀ ਧੁਨ ਵਿਚ ਅੰਦੋਲਨ ਕਰ ਰਹੇ ਸਮੂਹਾਂ ਦੀਆਂ ਮੰਗਾਂ ਨੂੰ ਵੀ ਘ੍ਰਿਣਾ ਦੀ ਨਜ਼ਰ ਨਾਲ ਜਾਂ ਸਰਕਾਰ ਦੀ ਕਮਜ਼ੋਰੀ ਦੇ ਰੂਪ ਵਿਚ ਦੇਖਿਆ ਗਿਆ।ਪਰ ਖੇਤੀ ਕਾਨੂੰਨਾਂ ਦੀ ਵਾਪਸੀ ਦੀ ਘੋਸ਼ਣਾ ਨੇ ਦਿਖਾ ਦਿੱਤਾ ਹੈ ਕਿ ਮੋਦੀ ਸਰਕਾਰ ਵੀ ਜਨਤਕ ਦਬਾਅ ਤੋਂ ਉੱਪਰ ਨਹੀਂ ਹੈ ਅਤੇ ਦ੍ਰਿੜ ਨਿਸ਼ਚੇ ਨਾਲ ਇਸ ਨੂੰ ਵੀ ਆਪਣੀਆਂ ਨੀਤੀਆਂ ਉੱਪਰ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ।ਇਸ ਨੇ ਭਵਿੱਖ ਵਿਚ ਵੀ ਸਰਕਾਰ ਦੁਆਰਾ ਸੁਧਾਰ ਲਾਗੂ ਕਰਨ ਉੱਪਰ ਲਗਾਮ ਲਗਾਉਣੀ ਹੈ।

ਖੇਤੀ ਕਾਨੂੰਨਾਂ ਨੂੰ ਵਾਪਿਸ ਲੈਣ ਦਾ ਫੈਸਲਾ ਮਹਿਜ਼ ਉੱਤਰ ਪ੍ਰਦੇਸ਼ ਅਤੇ ਪੰਜਾਬ ਦੀਆਂ ਚੋਣਾਂ ਨਾਲ ਹੀ ਸੰਬੰਧਿਤ ਨਹੀਂ ਹੈ।ਇਸ ਦਾ ਜਵਾਬ ਸਾਵਰਕਰ ਦੀਆਂ ਲਿਖਤਾਂ ਤੱਕ ਜਾਂਦਾ ਹੈ।ਪ੍ਰਧਾਨ ਮੰਤਰੀ ਮੋਦੀ ਨੇ ਗੁਰਪੁਰਬ ਵਾਲੇ ਦਿਨ ਖੇਤੀ ਕਾਨੂੰਨਾਂ ਨੂੰ ਵਾਪਿਸ ਲੈਣ ਦੀ ਘੋਸ਼ਣਾ ਕੀਤੀ।ਆਪਣੇ ਸੰਬੋਧਨ ਵਿਚ ਪ੍ਰਧਾਨ ਮੰਤਰੀ ਨੇ ਖਾਸ ਤੌਰ ਤੇ ਜ਼ਿਕਰ ਕੀਤਾ ਕਿ ਉਸ ਨੇ ਬਿੱਲ ਵਾਪਿਸ ਲੈਣ ਦੇ ਫੈਸਲੇ ਲਈ ਇਸ ਦਿਨ ਨੂੰ ਖਾਸ ਚੁਣਿਆ ਹੈ।ਇਹ ਮਹਿਜ਼ ਸੰਯੋਗ ਹੋ ਸਕਦਾ ਹੈ।ਪਰ ਉਸੇ ਸਮੇਂ ਹੀ ਮੋਹਨ ਭਾਗਵਤ ਛੱਤੀਸਗੜ ਦੇ ਰਾਇਪੁਰ ਵਿਚ ਇਕ ਗੁਰਦੁਆਰੇ ਵਿਚ ਮੱਥਾ ਟੇਕਣ ਲਈ ਗਿਆ।ਇਸ ਤਰਾਂ ਦੇ ਪ੍ਰਤੀਕ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।ਇਸ ਲਈ ਸਰਕਾਰ ਦਾ ਇਹ ਫੈਸਲਾ ਚੁਣਾਵੀ ਹੋਣ ਤੋਂ ਜਿਆਦਾ ਸਮਾਜਿਕ, ਸੱਭਿਆਚਾਰਕ ਅਤੇ ਵਿਚਾਰਧਾਰਕ ਹੈ।ਇਹ ਫੈਸਲਾ ਹਿੰਦੂਤਵ ਬ੍ਰਿਗੇਡ ਲਈ ਸਭ ਤੋਂ ਮਹੱਤਵਪੂਰਨ - ਹਿੰਦੂਤਵ ਦਾ ਵਿਚਾਰ - ਨੂੰ ਬਚਾਈ ਰੱਖਣ ਲਈ ਲਿਆ ਗਿਆ ਹੈ ਜਿਸ ਦੀ ਪਰਿਕਲਪਨਾ ਸਾਵਰਕਰ ਨੇ ਕੀਤੀ ਸੀ।

ਅਸਲ ਵਿਚ ਬੀਜੇਪੀ ਅਤੇ ਰਸਸ ਨੇ ਖੇਤੀ ਕਾਨੂੰਨਾਂ ਨੂੰ ਵਾਪਿਸ ਲੈਣ ਦਾ ਫੈਸਲਾ ਸਿੱਖਾਂ ਵਿਚ ਇਹ ਸੰਦੇਸ਼ ਪਹੁੰਚਾਉਣ ਲਈ ਲਿਆ ਕਿ ਉਹ ਉਨਾਂ ਲਈ “ਦੂਜੇ ਮੁਸਲਮਾਨ” ਨਹੀਂ ਹਨ।ਹਿੰਦੂਵਾਦੀ ਬਿਰਤਾਂਤ ਲਈ ਸਿੱਖ ਬਹੁਤ ਮਹੱਤਵਪੂਰਨ ਹਨ ਅਤੇ ਬੀਜੇਪੀ ਅਤੇ ਰਸਸ ਉਨਾਂ ਨਾਲ ਮੁਸਲਮਾਨਾਂ ਵਰਗਾ ਰਵੱਈਆ ਰੱਖਣ ਦਾ ਰਿਸਕ ਨਹੀਂ ਲੈ ਸਕਦੇ ਹਨ।ਮੁਸਲਮਾਨਾਂ ਨੂੰ ‘ਦੂਜੇ’ ਦੇ ਰੂਪ ਵਿਚ ਪ੍ਰਸਤੁਤ ਕਰਨ ਨੂੰ ਨਾ ਮਹਿਜ਼ ਪ੍ਰਵਾਨ ਕੀਤਾ ਗਿਆ ਹੈ ਬਲਕਿ ਇਹ ਹਿੰਦੂਤਵ ਦੇ ਵਿਚਾਰ ਲਈ ਜਰੂਰੀ ਦੱਸਿਆ ਗਿਆ ਹੈ।ਆਪਣੀ ਪੁਸਤਕ “ਅਸੈਂਸ਼ੀਅਲਜ਼ ਆਫ ਹਿੰਦੂਤਵ” ਵਿਚ ਵੀ.ਡੀ. ਸਾਵਰਕਰ ਵਾਰ-ਵਾਰ ਇਸ ਗੱਲ ਉੱਪਰ ਜ਼ੋਰ ਦਿੰਦਾ ਹੈ, “ਅਗਰ ਭਾਰਤ ਵਿਚ ਕੋਈ ਵੀ ਹੋਰ ਭਾਈਚਾਰਾ ਆਲੋਚਨਾ ਤੋਂ ਪਰੇ ਹਿੰਦੂ ਹੈ ਤਾਂ ਇਹ ਪੰਜਾਬ ਵਿਚਲਾ ਸਾਡਾ ਸਿੱਖ ਭਾਈਚਾਰਾ ਹੈ, ਜੋ ਕਿ ਸਪਤ ਸਿੰਧੂ ਦੀ ਧਰਤੀ ਦੇ ਰਹਿਣ ਵਾਲੇ ਅਤੇ ਸਿੰਧੂ ਜਾਂ ਹਿੰਦੂ ਲੋਕਾਂ ਦੇ ਸਿੱਧੇ ਵੰਸ਼ਜ ਹਨ।” ਆਪਣੀ ਪੁਸਤਕ ਵਿਚ ਉਸ ਨੇ ‘ਸਿੱਖ’ ਸ਼ਬਦ ਸੱਠ ਤੋਂ ਜਿਆਦਾ ਵਾਰ ਵਰਤਿਆ ਹੈ।ਉਸ ਦੇ ਹਿੰਦੂਵਾਦੀ ਪ੍ਰੋਜੈਕਟ ਦੀ ਮਹੱਤਤਾ ਨੂੰ ਸਮਝਣ ਲਈ ਇਹ ਗਿਣਤੀ ਨੂੰ ਧਿਆਨ ਵਿਚ ਰੱਖਣਾ ਬਹੁਤ ਜਰੂਰੀ ਹੈ।ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕਿਸਾਨ ਅੰਦੋਲਨ ਵਿਚ ਸਿੱਖਾਂ ਕੇਂਦਰ ਵਿਚ ਸਨ ਅਤੇ ਇਸ ਵਿਚ ਮੌਜੂਦ ਧਾਰਮਿਕ ਤੱਤਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਪਿਛਲੇ ਵਰੇ ਸਤੰਬਰ ਦੇ ਅੱਧ ਵਿਚ ਸੰਸਦ ਵਿਚ ਤਿੰਨ ਬਿੱਲਾਂ ਨੂੰ ਪਾਸ ਕਰਨ ਦੇ ਵਿਰੋਧ ਵਿਚ ਹੀ ਇਹ ਅੰਦੋਲਨ ਪੰਜਾਬ ਵਿਚ ਸ਼ੁਰੂ ਹੋਏ ਸਨ।ਇਸ ਅੰਦੋਲਨ ਦਾ ਸਮਾਜਿਕ ਢਾਂਚਾ ਅਤੇ ਖਾਸਾ ਕਾਫੀ ਮੋਕਲਾ ਹੋਣ ਦੇ ਬਾਵਜੂਦ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖਾਂ ਦਾ ਇਸ ਅੰਦੋਲਨ ਉੱਪਰ ਸਭ ਤੋਂ ਜਿਆਦਾ ਪ੍ਰਭਾਵ ਸੀ।ਸਿੱਖਾਂ ਦੀਆਂ ਧਾਰਮਿਕ ਅਤੇ ਪ੍ਰੋਪਕਾਰੀ ਸੰਸਥਾਵਾਂ ਨੇ ਸਿੱਖ ਜੱਥੇਬੰਦੀਆਂ ਨੂੰ ਜਰੂਰੀ ਅਤੇ ਮੁੱਢਲਾ ਢਾਂਚਾ ਪ੍ਰਦਾਨ ਕੀਤਾ ਅਤੇ ਪੱਛਮ ਵਿਚ ਮੌਜੂਦ ਨੇਤਾਵਾਂ ਨੇ ਇਸ ਨੂੰ ਗਲੋਬਲ ਬਣਾਇਆ।ਇੰਗਲੈਂਡ ਅਤੇ ਕਨੇਡਾ ਦੀ ਸੰਸਦ ਵਿਚ ਮੌਜੂਦ ਸਿੱਖ ਸੰਸਦ ਮੈਂਬਰਾਂ ਨੇ ਇਸ ਸੰਬੰਧੀ ਆਪਣੀ ਅਵਾਜ਼ ਉਠਾਈ।ਇਸ ਤਰਾਂ ਦਾ ਪ੍ਰਭਾਵ ਸਿਰਜਣ ਦੀ ਕੋਸ਼ਿਸ਼ ਕੀਤੀ ਗਈ - ਜੋ ਕੁਝ ਅੰਸ਼ਿਕ ਰੂਪ ਵਿਚ ਘੜਿਆ ਹੋ ਸਕਦਾ ਹੈ - ਕਿ ਸਰਕਾਰ ਸਿੱਖਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਇਹ ਭਾਰਤੀ ਜਨਤਾ ਪਾਰਟੀ ਕਦੇ ਨਹੀਂ ਸੀ ਚਾਹੁੰਦੀ।ਇਕ ਹੱਦ ਤੋਂ ਜਿਆਦਾ ਸਿੱਖਾਂ ਵਿਚ ਬੇਗਾਨਗੀ ਦੀ ਭਾਵਨਾ ਪੈਦਾ ਕਰਨ ਦਾ ਭਾਵ ਹਿੰਦੂਤਵ ਅਤੇ ਰਸਸ ਦੀ ਵਿਚਾਰਧਾਰਾ ਦੇ ਵਿਰੋਧ ਵਿਚ ਜਾਂਦਾ ਹੈ। ਇਸ ਲਈ ਭਾਰਤੀ ਜਨਤਾ ਪਾਰਟੀ ਨੇ ਅੰਤ ਵਿਚ ਸੁਲਾ ਦਾ ਰਸਤਾ ਅਖ਼ਤਿਆਰ ਕੀਤਾ।

ਤਿੰਨ ਖੇਤੀ ਕਾਨੂੰਨਾਂ ਵਿਚ ਸੁਝਾਏ ਗਏ ਸੁਧਾਰਾਂ ਵਿਚ ਵਿਧੀ ਅਤੇ ਡਿਜ਼ਾਈਨ ਪੱਖੋਂ ਕਈ ਕਮੀਆਂ ਹੋ ਸਕਦੀਆਂ ਹਨ, ਪਰ ਖੇਤੀ ਸੁਧਾਰਾਂ ਨਾਲ ਸੰਬੰਧਿਤ ਬਹੁਤ ਸਾਰੇ ਮਾਹਿਰਾਂ ਦੀ ਰਾਇ ਹੈ ਕਿ ਇਹ ਸੁਧਾਰ ਠੀਕ ਦਿਸ਼ਾ ਵਿਚ ਕੀਤੇ ਗਏ ਸਨ।ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਫੈਸਲੇ ਨੇ ਸਰਕਾਰ ਦੇ ਪੂਰਣ ਨਿਯੰਤ੍ਰਣ ਦੀ ਛਵੀ ਨੂੰ ਨੁਕਸਾਨ ਪਹੁੰਚਾਇਆ ਹੈ, ਪਰ ਇਹ ਦੇਖਣ ਵਾਲੀ ਗੱਲ ਹੈ ਕਿ ਇਸ ਨਾਲ ਮਸਲਾ ਕਿਤੇ ਨਤੀਜੇ ’ਤੇ ਪੁੱਜੇਗਾ ਜਾਂ ਟਕਰਾਅ ਦੀ ਸਥਿਤੀ ਹੋਰ ਗੰਭੀਰ ਹੋਵੇਗੀ।ਖੇਤੀ ਵਿਚ ਗਹਿਰੇ ਸੁਧਾਰਾਂ ਦੀ ਲੋੜ ਹੈ, ਪਰ ਇਹ ਕਾਨੂੰਨ ਉਨਾਂ ਸੁਧਾਰਾਂ ਦੀ ਲੋੜ ਦਾ ਜਵਾਬ ਨਹੀਂ ਸਨ।ਜਿਸ ਤਰਾਂ ਇਹਨਾਂ ਕਾਨੂੰਨਾਂ ਨੇ ਬੇਵਿਸ਼ਵਾਸੀ ਦੀ ਸਥਿਤੀ ਪੈਦਾ ਕੀਤੀ, ਇਸ ਨੇ ਦੀਰਘਕਾਲੀਨ ਪੱਖ ਤੋਂ ਖੇਤੀ ਸੈਕਟਰ ਵਿਚ ਕਿਸੇ ਵੀ ਕਿਸਮ ਦੇ ਸੁਧਾਰ ਕਰਨ ਨੂੰ ਮੁਸ਼ਕਿਲ ਬਣਾ ਦਿੱਤਾ ਹੈ।ਇਸ ਵਿਚ ਇਹ ਖਤਰਾ ਵੀ ਹੈ ਕਿ ਇਸ ਤਰਾਂ ਦੇ ਅਨੁਭਵ ਕਰਕੇ ਕੋਈ ਵੀ ਸਰਕਾਰ ਖੇਤੀ ਸੈਕਟਰ ਵਿਚ ਸੁਧਾਰ ਲੈ ਕੇ ਆਉਣ ਲਈ ਗੰਭੀਰਤਾ ਨਾਲ ਕਦਮ ਨਹੀਂ ਚੁੱਕੇਗੀ।ਆਉਣ ਵਾਲੀਆਂ ਪੰਜਾਬ ਅਸੈਂਬਲ਼ੀ ਦੀਆਂ ਚੋਣਾਂ ਵਿਚ ਖੇਤੀ ਕਾਨੂੰਨਾਂ ਨੂੰ ਵਾਪਿਸ ਲੈਣ ਦਾ ਫੈਸਲਾ ਨਵੀਆਂ ਸੰਭਾਵਨਾਵਾਂ ਨੂੰ ਜਨਮ ਦੇਵੇਗਾ, ਜਿਸ ਵਿਚ ਕਿਸਾਨੀ ਨੇਤਾਵਾਂ ਦਾ ਰਾਜਨੀਤੀ ਵਿਚ ਆਉਣਾ ਵੀ ਸ਼ਾਮਿਲ ਹੈ।

ਖੇਤੀ ਦੇ ਮੰਡੀਕਰਨ ਵਿਚ ਸੁਧਾਰਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਮੰਗ ਉਠਾਈ ਜਾ ਰਹੀ ਹੈ। ਇਹ ਮੁੱਦਾ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ।ਕੇਂਦਰ ਸਰਕਾਰ ਨੇ ੨੦੦੦ ਵਿਚ ਖੇਤੀ ਉਤਪਾਦਨ ਮੰਡੀ ਕਮੇਟੀ ਐਕਟ ਵਿਚ ਸੁਧਾਰ ਲੈ ਕੇ ਆਉਣ ਲਈ ਇਹ ਮੁੱਦਾ ਚੁੱਕਿਆ ਸੀ।ਐਨਡੀਏ ਸਰਕਾਰ ਦੇ ਤਹਿਤ ਖੇਤੀ ਮੰਤਰਾਲੇ ਨੇ ੨੦੦੩ ਵਿਚ ਏਪੀਐਮਸੀ ਮਾਡਲ ਡਿਜ਼ਾਈਨ ਕੀਤਾ ਅਤੇ ਇਸ ਨੂੰ ਰਾਜਾਂ ਵਿਚ ਪ੍ਰਚਲਿਤ ਕੀਤਾ।ਪਰ ਕਿਉਂਕਿ ਖੇਤੀ ਰਾਜਾਂ ਦੇ ਅਧਿਕਾਰਾਂ ਦਾ ਮੁੱਦਾ ਹੈ, ਇਸ ਲਈ ਕੇਂਦਰ ਨੂੰ ਏਪੀਐਮਸੀ ਐਕਟ ਲਾਗੂ ਕਰਨ ਵਿਚ ਜਿਆਦਾ ਸਫਲਤਾ ਪ੍ਰਾਪਤ ਨਹੀਂ ਹੋਈ।ਇਸ ਤਰਾਂ ਦੀ ਪਿੱਠਭੂਮੀ ਵਿਚ ਹੀ ਮੌਜੂਦਾ ਸਰਕਾਰ ਨੇ ਖੇਤੀ ਕਾਨੂੰਨਾਂ ਨੂੰ ਪਾਸ ਕਰਕੇ ਸੁਧਾਰ ਲੈ ਕੇ ਆਉਣ ਦੀ ਕੋਸ਼ਿਸ਼ ਕੀਤੀ ਸੀ। ਖੇਤੀ ਕਾਨੂੰਨਾਂ ਦੁਆਰਾ ਲਿਆਂਦੇ ਜਾਣ ਵਾਲੇ ਸੁਧਾਰਾਂ ਨੇ ਉਨਾਂ ਨਿਯਮਾਂ ਨੂੰ ਹਟਾ ਦੇਣਾ ਸੀ ਜਿਹਨਾਂ ਨੇ ਦਹਾਕਿਆਂ ਤੱਕ ਭਾਰਤ ਦੇ ਕਿਸਾਨਾਂ ਦੀ ਰੱਖਿਆ ਕੀਤੀ ਹੈ ਅਤੇ ਉਨਾਂ ਨੂੰ ਅਜ਼ਾਦ-ਮੰਡੀ ਦੇ ਘੇਰੇ ਵਿਚ ਲੈ ਆਉਣਾ ਸੀ ਜਿੱਥੇ ਮੁਕਾਬਲੇਬਾਜ਼ੀ ਬਹੁਤ ਜਿਆਦਾ ਹੈ।ਭਾਰਤ ਦੀ ੧.੩ ਬਿਲੀਅਨ ਅਬਾਦੀ ਵਿਚੋਂ ਅੱਧੀ ਤੋਂ ਜਿਆਦਾ ਅਬਾਦੀ ਆਪਣੀ ਰੋਜੀ ਲਈ ਖੇਤੀ ਉੱਪਰ ਨਿਰਭਰ ਹੈ, ਪਰ ਇਹ ਜੀਡੀਪੀ ਦਾ ਮਹਿਜ਼ ੧੫ ਪ੍ਰਤੀਸ਼ਤ ਹੈ।ਆਰਥਿਕ ਮਾਹਿਰਾਂ ਦਾ ਮਤ ਹੈ ਕਿ ਭਾਰਤ ਦੇ ਖੇਤੀ ਸੈਕਟਰ ਵਿਚ ਸੁਧਾਰਾਂ ਦੀ ਲੋੜ ਹੈ ਤਾਂ ਕਿ ਵਿਕਾਸ ਦੀ ਗਤੀ ਨੂੰ ਤੇਜ਼ ਕੀਤਾ ਜਾ ਸਕੇ ਅਤੇ ਪਹਿਲਾਂ ਹੀ ਘੱਟ ਰਹੇ ਪਾਣੀ ਸ੍ਰੋਤਾਂ ਨੂੰ ਬਚਾਉਣ ਦੀ ਦਿਸ਼ਾ ਵਿਚ ਕੰਮ ਕੀਤਾ ਜਾਵੇ।ਪਰ ਖੇਤੀ ਨਾਲ ਸੰਬੰਧਿਤ ਨੀਤੀਆਂ ਰਾਜਨੀਤਿਕ ਪੱਖ ਤੋਂ ਬਹੁਤ ਸੰਵੇਦਨਸ਼ੀਲ ਹਨ।ਭਾਰਤ ਦੇ ਕਿਸਾਨ ਵਰਿਆਂ ਤੋਂ ਫਸਲਾਂ ਦੀਆਂ ਘੱਟ ਕੀਮਤਾਂ, ਮਹਿੰਗਾਈ, ਨੋਟਬੰਦੀ ਅਤੇ ਸੋਕੇ ਨਾਲ ਜੂਝ ਰਹੇ ਹਨ; ਹਾਲਾਂਕਿ ਸਰਕਾਰ ਦੁਆਰਾ ਕਈ ਖੇਤਰਾਂ ਵਿਚ ਸਬਸਿਡੀਆਂ ਅਤੇ ਆਮਦਨ ਕਰ ਤੋਂ ਰਾਹਤਾਂ ਵੀ ਦਿੱਤੀਆਂ ਗਈਆਂ ਹਨ।ਜਿਆਦਤਰ ਕਿਸਾਨ ਕਰਜੇ ਹੇਠ ਹਨ ਅਤੇ ਇਸ ਨੇ ਹਾਲੀਆਂ ਸਾਲਾਂ ਵਿਚ ਕਿਸਾਨ ਖੁਦਕੁਸ਼ੀਆਂ ਨੂੰ ਵਧਾਇਆ ਹੈ।

ਬਾਕੀ ਸਫ਼ਾ 29 ’ਤੇ

# ਦੁਨੀਆ ’ਤੇ ਮੰਡਰਾਇਆ ਚੀਨ ਦਾ ਖ਼ਤਰਾ



**ਸ੍ਰੀਰਾਮ ਚੌਲੀਆ**

ਚੀਨੀ ਕਮਿਊਨਿਸਟ ਪਾਰਟੀ ਯਾਨੀ ਸੀਸੀਪੀ ਨੇ ਆਪਣੇ ਸੌ ਸਾਲਾਂ ਦੇ ਇਤਿਹਾਸ ਵਿਚ ਸਿਰਫ਼ ਤੀਜੀ ਵਾਰ ਇਤਿਹਾਸ ਵਿਸ਼ੇ ਉਤੇ ਇਕ ਮਤਾ ਪਾਸ ਕੀਤਾ। ਇਸ ਮਤੇ ’ਚ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਮਹਾਨ ਹਸਤੀ ਦਾ ਦਰਜਾ ਦਿੱਤਾ ਗਿਆ। ਉਸ ਦੇ ਹਰ ਹੁਕਮ ਦੀ ਪਾਲਣਾ ਕਰਨਾ ਹਰੇਕ ਵਰਕਰ ਤੇ ਦੇਸ਼ ਵਾਸੀ ਦਾ ਕਰਤੱਵ ਐਲਾਨਿਆ ਗਿਆ। ਇਸ ਮਹੱਤਵਪੂਰਨ ਦਸਤਾਵੇਜ਼ ਦਾ ਦੋ ਤਿਹਾਈ ਹਿੱਸਾ ਜਿਨਪਿੰਗ ਦੀਆਂ ਪ੍ਰਾਪਤੀਆਂ ਦੇ ਗੁਣਗਾਨ ’ਤੇ ਕੇਂਦਰਤ ਹੈ। ਇਸ ਵਿਚ ਸਭ ਤੋਂ ਵੱਧ 22 ਵਾਰ ਉਸ ਦਾ ਜ਼ਿਕਰ ਹੋਇਆ ਹੈ। ਉਸ ਦੇ ਮੁਕਾਬਲੇ ’ਚ ਚੀਨੀ ਕਮਿਊਨਿਸਟ ਘਾਗ ਮਾਓ ਤੁੰਗ ਦਾ 18 ਵਾਰ ਤੇ ਦੇਂਗ ਸ਼ਿਆਓਪਿੰਗ ਦਾ ਸਿਰਫ਼ ਛੇ ਵਾਰ ਹੀ ਜ਼ਿਕਰ ਹੈ।

ਦੇਂਗ ਤੋਂ ਬਾਅਦ ਤੇ ਜਿਨਪਿੰਗ ਤੋਂ ਪਹਿਲਾਂ ਦੇ ਚੀਨੀ ਸ਼ਾਸਕਾਂ ਦਾ ਕੋਈ ਜ਼ਿਕਰ ਤਕ ਨਹੀਂ। ਇਕ ਤਰਾਂ ਨਾਲ ਇਹ ਮਤਾ ਚੀਨ ਤੇ ਕਮਿਊਨਿਸਟ ਪਾਰਟੀ ਦੇ ਆਧੁਨਿਕ ਇਤਿਹਾਸ ਨੂੰ ਨਹੀਂ ਸਗੋਂ ਭਵਿੱਖ ਨੂੰ ਪਰਿਭਾਸ਼ਤ ਕਰਨ ਦਾ ਸਿਆਸੀ ਯੰਤਰ ਹੈ। ਇਹ ਜਿਨਪਿੰਗ ਦੀ ਸੰਭਾਵਿਤ ਮੁਕੰਮਲ ਤਾਨਾਸ਼ਾਹੀ ’ਤੇ ਮੋਹਰ ਲਾਉਣ ਤੇ ਉਸ ਦੇ ਨਿਰੰਕੁਸ਼ ਸ਼ਾਸਨ ਨੂੰ ਜਾਇਜ਼ ਠਹਿਰਾਉਣ ਦੀ ਸੋਚੀ-ਸਮਝੀ ਚਾਲ ਹੈ। ਸੰਦੇਸ਼ ਸਾਫ਼ ਹੈ ਕਿ ਚੀਨੀ ਇਤਿਹਾਸ ਵਿਚ ਮਾਓ ਤੇ ਦੇਂਗ ਤੋਂ ਬਾਅਦ ਇਹ ਜਿਨਪਿੰਗ ਦੇ ਯੁੱਗ ਦਾ ਐਲਾਨ ਹੈ। ਜੋ ਇਸ ਨੂੰ ਚੁਣੌਤੀ ਦੇਣ ਦੀ ਜੁਅੱਰਤ ਕਰੇਗਾ, ਉਸ ਨੂੰ ਬਰਦਾਸ਼ਤ ਨਾ ਕਰ ਕੇ ਕੁਚਲ ਦਿੱਤਾ ਜਾਵੇਗਾ। 2018 ਵੀ ਵਿਚ ਚੀਨੀ ਸੰਵਿਧਾਨ ਦੀ ਸੋਧ ਕਰ ਕੇ ਪਹਿਲਾਂ ਹੀ ‘ਸ਼ੀ ਜਿਨਪਿੰਗ ਸੋਚ’ ਨੂੰ ਸਭ ਤੋਂ ਉੱਚਾ ਦਰਜਾ ਦਿੱਤਾ ਗਿਆ ਤਾਂ ਕਿ ਉਸ ਉਤੇ ਵਰਤਮਾਨ ਪੀੜੀ ਹੀ ਨਹੀਂ, ਸਗੋਂ ਆਉਣ ਵਾਲੀਆਂ ਪੀੜੀਆਂ ਵੀ ਸਵਾਲ ਨਾ ਕਰ ਸਕਣ।

ਅਤਿ ਖ਼ਾਹਿਸ਼ਾਂ ਵਾਲੇ ਤੇ ਹੰਕਾਰੀ ਜਿਨਪਿੰਗ ਨੇ ਖ਼ੁਦ ਨੂੰ ਚੀਨ ਦਾ ਨਿਰਵਿਵਾਦ ਤਾਨਾਸ਼ਾਹ ਬਣਾਉਣ ’ਚ ਕੋਈ ਕਸਰ ਨਹੀਂ ਛੱਡੀ। ੨੦੧੨ ਤੋਂ ਅੱਜ ਤਕ ਉਸ ਦੀਆਂ ਸਾਰੀਆਂ ਨੀਤੀਆਂ ਤੇ ਰਣਨੀਤੀਆਂ ਸ਼ਕਤੀਆਂ ਦੇ ਕੇਂਦਰੀਕਰਨ ਤੇ ਨਿੱਜੀ ਪ੍ਰਸ਼ੰਸਾ ਦੇ ਟੀਚੇ ਨਾਲ ਬਣਾਈਆਂ ਗਈਆਂ ਹਨ। ਸੱਤਾ ਦੀ ਅਪਾਰ ਭੁੱਖ ਤੇ ਸਮਾਜਿਕ ਕੰਟੋਰੋਲ ਦੀ ਅਸੀਮਤ ਚਾਹਤ ਹੀ ਉਸ ਦੇ ਬਿੰਦੂ ਹਨ। ਚੀਨ ਦੇ ਹਜ਼ਾਰਾਂ ਸਾਲਾਂ ਦੇ ਇਤਿਹਾਸ ’ਚ ਜਮਹੂਰੀ ਸ਼ਾਸਨ ਦੀ ਕੋਈ ਠੋਸ ਉਦਾਹਰਨ ਨਹੀਂ ਹੈ। 1949 ’ਚ ਕਮਿਊਨਿਸਟ ਕ੍ਰਾਂਤੀ ਤੋਂ ਬਾਅਦ ਇੱਥੇ ਤਾਨਾਸ਼ਾਹੀ ਸਿਸਟਮ ਸਾਮਵਾਦ ਤੇ ਮਾਰਕਸਵਾਦ ਦਾ ਚੋਲਾ ਪਹਿਨ ਕੇ ਕਾਇਮ ਹੈ। ਇਸ ਦੇ ਬਾਵਜੂਦ ਚੀਨ ਦੇ ਸਾਬਕਾ ਤਾਨਾਸ਼ਾਹਾਂ ਤੇ ਸ਼ੀ ਜਿਨਪਿੰਗ ਦੀ ਨਿਰੰਕੁਸ਼ਤਾ ’ਚ ਫ਼ਰਕ ਹੈ। ਇਸ ਫ਼ਰਕ ਨੂੰ ਸਮਝਣਾ ਜ਼ਰੂਰੀ ਹੈ। ਪਾਰਟੀ ਦੇ ਪ੍ਰਚਾਰਕਾਂ ਅਨੁਸਾਰ ਚੀਨ ਦਾ ਉਭਾਰ ਤਿੰਨ ਪੜਾਵਾਂ ’ਚ ਹੋਇਆ ਹੈ।

ਪਹਿਲਾਂ ਮਾਓ ਨੇ ਕ੍ਰਾਂਤੀ ਨਾਲ ਗ਼ੁਲਾਮੀ ਦੀ ਜ਼ੰਜੀਰ ਤੋੜ ਸੁੱਟੀ ਤੇ ਜਨਤਾ ਨੂੰ ਸ਼ੋਸ਼ਣ ਖ਼ਿਲਾਫ਼ ਖੜਾ ਕੀਤਾ। ਫਿਰ ਦੇਂਗ ਨੇ ਸੁਧਾਰਾਂ ਰਾਹੀਂ ਆਰਥਿਕ ਖ਼ੁਸ਼ਹਾਲੀ ਪ੍ਰਦਾਨ ਕੀਤੀ ਤੇ ਹੁਣ ਸ਼ੀ ਜਿਨਪਿੰਗ ਆਤਮ ਵਿਸ਼ਵਾਸ ਤੇ ਦ੍ਰਿੜ ਸੰਕਲਪ ਨਾਲ ਦੇਸ਼ ਨੂੰ ਅਤਿ ਸ਼ਕਤੀਸ਼ਾਲੀ ਬਣਾ ਰਿਹਾ ਹੈ। ਇਸ ਬਿਰਤਾਂਤ ਦਾ ਮਤਲਬ ਹੈ ਕਿ ਚੀਨ ਆਪਣੀ ਆਜ਼ਾਦੀ ਨੂੰ ਬਚਾਈ ਰੱਖਣ ਤੇ ਜਨਤਾ ਨੂੰ ਗ਼ਰੀਬੀ ਤੋਂ ਉਭਾਰਨ ਜਿਹੇ ਰੱਖਿਆਤਮਕ ਕੰਮ ਪੂਰੇ ਕਰ ਚੁੱਕਿਆ ਹੈ ਤੇ ਹੁਣ ਹਮਲਾਵਰ ਹੋ ਕੇ ਦੁਨੀਆ ’ਚ ਚੀਨ ਦੇ ਬਲ ਦਾ ਪ੍ਰਦਰਸ਼ਨ ਤੇ ਪ੍ਰਯੋਗ ਕਰਨ ਦੀ ਵਾਰੀ ਹੈ।

ਸ਼ੀ ਜਿਨਪਿੰਗ ਨੇ ਆਪਣੇ ਸਮਰਥਕਾਂ ਨੂੰ ਆਸਵੰਦ ਕੀਤਾ ਹੈ ਕਿ ‘ਪੂਰਬ ਵਧ ਰਿਹਾ ਹੈ ਤੇ ਪੱਛਮ ਸੁੰਗੜ ਰਿਹਾ ਹੈ।’ ਨਾਲ ਹੀ ਚੀਨ ਦੇ ਵਿਰੋਧੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਵਿਦੇਸ਼ੀ ਤਾਕਤਾਂ ਨੇ ਸਾਨੂੰ ਧਮਕਾਇਆ ਤਾਂ ਵੱਡੇ ਪੱਧਰ ’ਤੇ ਖ਼ੂਨ ਖ਼ਰਾਬਾ ਹੋਵੇਗਾ। ਜਿਨਪਿੰਗ ਤੋਂ ਪਹਿਲਾਂ ਜਦੋਂ ਉਸ ਦੇ ਮੁਕਾਬਲੇ ਨਰਮ ਸੁਭਾਅ ਦੇ ਨੇਤਾ ਸੱਤਾ ’ਤੇ ਕਾਬਜ਼ ਸਨ ਤਾਂ ਉਹ ਦੇਸ਼ ਦੇ ‘ਸ਼ਾਂਤੀਪੂਰਵਕ ਉਦੈ’ ਦਾ ਨਾਅਰਾ ਦਿੰਦੇ ਸਨ। ਹੁਣ ਜਿਨਪਿੰਗ ਦਾ ਖੁੱਲਾ ਐਲਾਨ ਹੈ ਕਿ ਜੇ ਮਹਾਸ਼ਕਤੀ ਬਣ ਕੇ ਹਿੰਸਕ ਰਾਹ ਅਪਣਾਉਣਾ ਪਵੇ ਤਾਂ ਉਹ ਬੇਝਿਜਕ ਹੋ ਕੇ ਉਸ ਰਾਹ ’ਤੇ ਜਾਣਗੇ ਤੇ ਸਾਰੇ ਦੁਸ਼ਮਣ ਉਸ ਨਾਲ ਭਿੜਨ ਨੂੰ ਲੈ ਕੇ ਸਾਵਧਾਨ ਰਹਿਣ।

ਪ੍ਰਭੂਸੱਤਾ ਦੀ ਅਜਿਹੀ ਮਾਨਸਿਕਤਾ ਸ਼ੀ ਜਿਨਪਿੰਗ ਦੇ ਅੰਦਰੂਨੀ ਪ੍ਰਸ਼ਾਸਨ ਤਕ ਸੀਮਤ ਨਹੀਂ ਹੈ। ਉਹ ਬਾਹਰੀ ਦੁਨੀਆ ’ਤੇ ਮਾਲਕੀ ਨੂੰ ਚੀਨ ਦੀ ਉੱਨਤੀ ਦੀ ਹੱਦ ਮੰਨਦਾ ਹੈ। ਘਰੇਲੂ ਸੱਤਾ ਦੇ ਹਰ ਯੰਤਰ ਨੂੰ ਆਪਣੀ ਮੁੱਠੀ ਵਿਚ ਕਰਨ ਤੋਂ ਬਾਅਦ ਉਹ ਸੰਤੁਸ਼ਟ ਹੋ ਕੇ ਨਹੀਂ ਬੈਠ ਸਕਦਾ। ਅਸਲ ’ਚ ਆਲਮੀ ਜਿੱਤ ਨਾਲ ਹੀ ਉਹ ਚੀਨ ਦੇ ੧੪੦ ਕਰੋੜ ਲੋਕਾਂ ਉੱਪਰ ਉਮਰ ਭਰ ਰਾਜ ਕਰ ਸਕਦਾ ਹੈ। ਚੀਨੀ ਸਮਾਜ ਦੇ ਹਰੇਕ ਅਹਿਮ ਖੇਤਰ ਜਿਵੇਂ ਸਨਅਤ, ਸਿੱਖਿਆ, ਕਲਾ, ਖੇਡਾਂ, ਮਨੋਰੰਜਨ, ਪਹਿਰਾਵੇ ਤੇ ਰੀਤੀ- ਰਿਵਾਜ ਨੂੰ ਜਿਨਪਿੰਗ ਆਪਣੀ ਇੱਛਾ ਅਨੁਸਾਰ ਢਾਲਣਾ ਚਾਹ ਰਿਹਾ ਹੈ। ਸੁਭਾਵਿਕ ਹੈ ਕਿ ਇਸ ਕਾਰਨ ਕਈ ਵਰਗਾਂ ਤੋਂ ਕੁਝ ਅੜਿੱਕੇ ਵੀ ਪੈਦਾ ਹੋਣਗੇ। ਮਾਰਕਸਵਾਦ ਦੇ ਸਿਧਾਂਤ ਵਿਚ ਹੀ ਰਾਜ ਤੇ ਸਮਾਜ ਦਰਮਿਆਨ ਅਜਿਹੀ ਰੱਸਾਕਸ਼ੀ ਦੇ ਸੱਚ ਦਾ ਜ਼ਿਕਰ ਹੈ ਤੇ ਜਿਨਪਿੰਗ ਇਸ ਨੂੰ ਭਲੀਭਾਂਤ ਜਾਣਦਾ ਹੈ। ਆਲਮੀ ਪੱਧਰ ’ਤੇ ਚੀਨ ਵੱਲੋਂ ਆਪਣੀ ਸੱਤਾ ਸਥਾਪਤ ਕਰਨਾ ਤੇ ਆਪਣੇ ਖੁੱਸੇ ਹੋਏ ਪ੍ਰਾਚੀਨ ਸਾਮਰਾਜਵਾਦ (ਮੰਡਾਰਿਨ ਵਿਚ ਇਸ ਧਾਰਨਾ ਨੂੰ ‘ਤਿਆਨਸ਼ਿਆ’ ਕਹਿੰਦੇ ਹਨ) ਨੂੰ ਮੁੜ ਜਾਗ੍ਰਿਤ ਕਰਨ ਨਾਲ ਹੀ ਜਿਨਪਿੰਗ ਅੰਦਰੂਨੀ ਸਰਵਸੱਤਾਵਾਦ ਦੀ ਵਾਜਬੀਅਤ ਸਿੱਧ ਕਰ ਸਕਦਾ ਹੈ। ਆਰਥਿਕ ਵਿਕਾਸ ਵਿਚ ਗਿਰਾਵਟ, ਘੱਟ ਗਿਣਤੀਆਂ ’ਚ ਬੇਚੈਨੀ ਤੇ ਚੀਨੀ ਜਨਤਾ ’ਚ ਤਾਨਾਸ਼ਾਹੀ ਦੇ ਪੱਸਰੇ ਖ਼ੌਫ਼ ਜਿਹੀਆਂ ਉਲਝਣਾਂ ਦਾ ਇੱਕੋ ਇੱਕ ਹੱਲ ਹੈ ਅਤਿ ਰਾਸ਼ਟਰਵਾਦ, ਵਿਸਥਾਰਵਾਦ ਤੇ ਦੁਨੀਆ ਭਰ ਵਿਚ ਚੀਨ ਕੇਂਦਰਤ ਵਿਵਸਥਾ ਬਣਾਉਣਾ।

ਮਾਓ ਨੇ ਵੀ ਚੀਨ ਦੀ ਅੰਦਰੂਨੀ ਊਰਜਾ ਨੂੰ ਇਕੱਤਰ ਕਰ ਕੇ ਹੋਰਨਾਂ ਦੇਸ਼ਾਂ ਵਿਚ ਕਮਿਊਨਿਸਟ ਵਿਚਾਰਧਾਰਾ ਦੇ ਫੈਲਾਅ ਦੇ ਮਕਸਦ ਨਾਲ ਫ਼ੌਜੀ ਦਖ਼ਲ ਦਿੱਤੇ ਸਨ। ਹਾਲਾਂਕਿ ਉਦੋਂ ਚੀਨ ਪੱਛੜਿਆ ਤੇ ਸਾਧਨਹੀਣ ਸੀ। ਉਸ ਦਾ ਪ੍ਰਭਾਵ ਸੋਵੀਅਤ ਸੰਘ ਅਤੇ ਅਮਰੀਕਾ ਦੇ ਮੁਕਾਬਲੇ ਕਾਫ਼ੀ ਘੱਟ ਸੀ। ਅੱਜ ਜਿਨਪਿੰਗ ਕੋਲ ਸਾਧਨਾਂ ਤੇ ਵਸੀਲਿਆਂ ਦੀ ਕੋਈ ਕਮੀ ਨਹੀਂ। ਕੇਵਲ ਅਮਰੀਕਾ ਹੀ ਤਾਕਤ ਦੇ ਮਾਮਲੇ ਵਿਚ ਉਸ ਤੋਂ ਅੱਗੇ ਹੈ। ਇਸ ਦੇ ਬਾਵਜੂਦ ਜਿਨਪਿੰਗ ਨੇ ਜਿਸ ਬੇਬਾਕੀ ਨਾਲ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਤਾਈਵਾਨ ਨੂੰ ਲੈ ਕੇ ‘ਅੱਗ ਨਾਲ ਨਾ ਖੇਡੋ’ ਜਿਹੀ ਧਮਕੀ ਦਿੱਤੀ ਤੇ ਹੋਰਨਾਂ ਮਾਮਲਿਆਂ ’ਚ ਵੀ ਉਸ ਸਾਹਮਣੇ ਜਿਸ ਤਰਾਂ ਇਕ ਲਕੀਰ ਖਿੱਚੀ ਹੈ, ਉਸ ਤੋਂ ਸਪੱਸ਼ਟ ਹੈ ਕਿ ਨਿਮਰਤਾ ਚੀਨ ਦੀ ਕੂਟਨੀਤੀ ਵਿਚ ਰਹੀ ਹੀ ਨਹੀਂ।

ਏਸ਼ੀਆ ਵਿਚ ਭਾਰਤ ਸਮੇਤ ਕਈ ਗੁਆਂਢੀਆਂ ਨਾਲ ਵਿਵਾਦਤ ਸਰਹੱਦਾਂ ’ਤੇ ਫ਼ੌਜੀ ਦਬਾਅ ਬਣਾਈ ਰੱਖਣਾ, ਅਫਰੀਕਾ ਤੇ ਲੈਟਿਨ ਅਮਰੀਕਾ ’ਚ ਆਰਥਿਕ ਸ਼ਿਕੰਜਾ ਕੱਸਣਾ ਤੇ ਦੁਨੀਆ ਦੇ ਕੋਨੇ- ਕੋਨੇ ਤੋਂ ਖਣਿਜ ਤੇ ਫ਼ੌਜੀ ਤਕਨੀਕ ਜਮਾਂ ਕਰਨ ਜਿਹੇ ਸਾਰੇ ਸੰਕੇਤ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਚੀਨ ਬੜੀ ਤੇਜ਼ੀ ਨਾਲ ਜੇਤੂ ਯਾਤਰਾ ’ਤੇ ਚੱਲ ਪਿਆ ਹੈ। ਆਲਮੀ ਨਾਇਕਵਾਦ ਦੀ ਅਭਿਲਾਸ਼ਾ ਜਿਨਪਿੰਗ ਦੀ ਨਿੱਜੀ ਪਸੰਦ ਹੀ ਨਹੀਂ ਸਗੋਂ ਉਸ ਵੱਲੋਂ ਸੰਸਥਾਪਿਤ ‘ਤੀਜੀ ਕ੍ਰਾਂਤੀ’ ਤੇ ‘ਚੀਨੀ ਸੁਪਨੇ’ ਦਾ ਮੁੱਖ ਬਿੰਦੂ ਹੈ। ਅਜਿਹੇ ਤਾਨਾਸ਼ਾਹ ਆਪਣੀ ਜਨਤਾ ਦੇ ਮਨੁੱਖੀ ਅਧਿਕਾਰ ਦਾ ਤਾਂ ਬੇਹਿਸਾਬ ਘਾਣ ਕਰਦੇ ਹੀ ਹਨ ਪਰ ਹੋਰਨਾਂ ਦੇਸ਼ਾਂ ਦੇ ਅਧਿਕਾਰਾਂ ਤੇ ਹਿੱਤਾਂ ਲਈ ਵੀ ਵੱਡਾ ਖ਼ਤਰਾ ਹਨ।

ਆਲਮੀ ਭਾਈਚਾਰੇ ’ਚ ਚੀਨ ਨੂੰ ਕਦੇ ਜ਼ਿੰਮੇਵਾਰ ਹਿੱਤਧਾਰਕ ਬਣਾਉਣ ਦੀ ਗੱਲ ਹੁੰਦੀ ਸੀ। ਹੁਣ ਜੋ ਵੀ ਦੇਸ਼ ਅਜਿਹੀ ਹਾਂ- ਪੱਖੀ ਸੋਚ ਦੇ ਆਧਾਰ ’ਤੇ ਚੀਨ ਨਾਲ ਨਜਿੱਠੇਗਾ, ਉਸ ਨੂੰ ਮੂੰਹ ਦੀ ਖਾਣੀ ਪਵੇਗੀ। ਜਿਨਪਿੰਗ ਨੇ ਇਤਿਹਾਸ ਬਦਲ ਦਿੱਤਾ ਹੈ। ਇਸ ਲਈ ਦੁਨੀਆ ਨੂੰ ਵੀ ਆਪਣਾ ਨਜ਼ਰੀਆ ਤੇ ਰਣਨੀਤੀ ਬਦਲਣੀ ਪਵੇਗੀ। ਇਸ ਵਿਚ ਦੇਰੀ ਦੁਨੀਆ ਲਈ ਖ਼ਤਰਨਾਕ ਸਿੱਧ ਹੋ ਸਕਦੀ ਹੈ।

ਚੀਨੀ ਕਮਿਊਨਿਸਟ ਪਾਰਟੀ ਯਾਨੀ ਸੀਸੀਪੀ ਨੇ ਆਪਣੇ ਸੌ ਸਾਲਾਂ ਦੇ ਇਤਿਹਾਸ ਵਿਚ ਸਿਰਫ਼ ਤੀਜੀ ਵਾਰ ਇਤਿਹਾਸ ਵਿਸ਼ੇ ’ਤੇ ਇਕ ਮਤਾ ਪਾਸ ਕੀਤਾ। ਇਸ ਮਤੇ ’ਚ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਮਹਾਨ ਹਸਤੀ ਦਾ ਦਰਜਾ ਦਿੱਤਾ ਗਿਆ। ਉਸ ਦੇ ਹਰ ਹੁਕਮ ਦੀ ਪਾਲਣਾ ਕਰਨਾ ਹਰੇਕ ਵਰਕਰ ਤੇ ਦੇਸ਼ ਵਾਸੀ ਦਾ ਕਰਤੱਵ ਐਲਾਨਿਆ ਗਿਆ। ਇਸ ਮਹੱਤਵਪੂਰਨ ਦਸਤਾਵੇਜ਼ ਦਾ ਦੋ ਤਿਹਾਈ ਹਿੱਸਾ ਜਿਨਪਿੰਗ ਦੀਆਂ ਪ੍ਰਾਪਤੀਆਂ ਦੇ ਗੁਣਗਾਨ ’ਤੇ ਕੇਂਦਰਤ ਹੈ। ਇਸ ’ਚ ਸਭ ਤੋਂ ਵੱਧ 22



ਵਾਰ ਉਸ ਦਾ ਜ਼ਿਕਰ ਹੋਇਆ ਹੈ। ਉਸ ਦੇ ਮੁਕਾਬਲੇ ਵਿਚ ਚੀਨੀ ਕਮਿਊਨਿਸਟ ਘਾਗ ਮਾਓ ਤੁੰਗ ਦਾ 18 ਵਾਰ ਤੇ ਦੇਂਗ ਸ਼ਿਆਓਪਿੰਗ ਦਾ ਸਿਰਫ਼ ਛੇ ਵਾਰ ਹੀ ਜ਼ਿਕਰ ਹੈ।

ਦੇਂਗ ਤੋਂ ਬਾਅਦ ਤੇ ਜਿਨਪਿੰਗ ਤੋਂ ਪਹਿਲਾਂ ਦੇ ਚੀਨੀ ਸ਼ਾਸਕਾਂ ਦਾ ਕੋਈ ਜ਼ਿਕਰ ਤਕ ਨਹੀਂ। ਇਕ ਤਰਾਂ ਨਾਲ ਇਹ ਮਤਾ ਚੀਨ ਤੇ ਕਮਿਊਨਿਸਟ ਪਾਰਟੀ ਦੇ ਆਧੁਨਿਕ ਇਤਿਹਾਸ ਨੂੰ ਨਹੀਂ ਸਗੋਂ ਭਵਿੱਖ ਨੂੰ ਪਰਿਭਾਸ਼ਤ ਕਰਨ ਦਾ ਸਿਆਸੀ ਯੰਤਰ ਹੈ। ਇਹ ਜਿਨਪਿੰਗ ਦੀ ਸੰਭਾਵਿਤ ਮੁਕੰਮਲ ਤਾਨਾਸ਼ਾਹੀ ’ਤੇ ਮੋਹਰ ਲਾਉਣ ਤੇ ਉਸ ਦੇ ਨਿਰੰਕੁਸ਼ ਸ਼ਾਸਨ ਨੂੰ ਜਾਇਜ਼ ਠਹਿਰਾਉਣ ਦੀ ਸੋਚੀ-ਸਮਝੀ ਚਾਲ ਹੈ। ਸੰਦੇਸ਼ ਸਾਫ਼ ਹੈ ਕਿ ਚੀਨੀ ਇਤਿਹਾਸ ’ਚ ਮਾਓ ਤੇ ਦੇਂਗ ਤੋਂ ਬਾਅਦ ਇਹ ਜਿਨਪਿੰਗ ਦੇ ਯੁੱਗ ਦਾ ਐਲਾਨ ਹੈ। ਜੋ ਇਸ ਨੂੰ ਚੁਣੌਤੀ ਦੇਣ ਦੀ ਜੁਅੱਰਤ ਕਰੇਗਾ, ਉਸ ਨੂੰ ਬਰਦਾਸ਼ਤ ਨਾ ਕਰ ਕੇ ਕੁਚਲ ਦਿੱਤਾ ਜਾਵੇਗਾ। 2018 ’ਚ ਚੀਨੀ ਸੰਵਿਧਾਨ ਦੀ ਸੋਧ ਕਰ ਕੇ ਪਹਿਲਾਂ ਹੀ ‘ਸ਼ੀ ਜਿਨਪਿੰਗ ਸੋਚ’ ਨੂੰ ਸਭ ਤੋਂ ਉੱਚਾ ਦਰਜਾ ਦਿੱਤਾ ਗਿਆ ਤਾਂ ਕਿ ਉਸ ’ਤੇ ਵਰਤਮਾਨ ਪੀੜੀ ਹੀ ਨਹੀਂ ਸਗੋਂ ਆਉਣ ਵਾਲੀਆਂ ਪੀੜੀਆਂ ਵੀ ਸਵਾਲ ਨਾ ਕਰ ਸਕਣ।

ਅਤਿ ਖ਼ਾਹਿਸ਼ਾਂ ਵਾਲੇ ਤੇ ਹੰਕਾਰੀ ਜਿਨਪਿੰਗ ਨੇ ਖ਼ੁਦ ਨੂੰ ਚੀਨ ਦਾ ਨਿਰਵਿਵਾਦ ਤਾਨਾਸ਼ਾਹ ਬਣਾਉਣ ’ਚ ਕੋਈ ਕਸਰ ਨਹੀਂ ਛੱਡੀ। 2012 ਤੋਂ ਅੱਜ ਤੱਕ ਉਸ ਦੀਆਂ ਸਾਰੀਆਂ ਨੀਤੀਆਂ ਤੇ ਰਣਨੀਤੀਆਂ ਸ਼ਕਤੀਆਂ ਦੇ ਕੇਂਦਰੀਕਰਨ ਤੇ ਨਿੱਜੀ ਪ੍ਰਸ਼ੰਸਾ ਦੇ ਟੀਚੇ ਨਾਲ ਬਣਾਈਆਂ ਗਈਆਂ ਹਨ। ਸੱਤਾ ਦੀ ਅਪਾਰ ਭੁੱਖ ਤੇ ਸਮਾਜਿਕ ਕੰਟੋਰੋਲ ਦੀ ਅਸੀਮਤ ਚਾਹਤ ਹੀ ਉਸ ਦੇ ਬਿੰਦੂ ਹਨ। ਚੀਨ ਦੇ ਹਜ਼ਾਰਾਂ ਸਾਲਾਂ ਦੇ ਇਤਿਹਾਸ ’ਚ ਜਮਹੂਰੀ ਸ਼ਾਸਨ ਦੀ ਕੋਈ ਠੋਸ ਉਦਾਹਰਨ ਨਹੀਂ ਹੈ। ੧੯੪੯ ਵਿਚ ਕਮਿਊਨਿਸਟ ਕ੍ਰਾਂਤੀ ਤੋਂ ਬਾਅਦ ਇੱਥੇ ਤਾਨਾਸ਼ਾਹੀ ਸਿਸਟਮ ਸਾਮਵਾਦ ਤੇ ਮਾਰਕਸਵਾਦ ਦਾ ਚੋਲਾ ਪਹਿਨ ਕੇ ਕਾਇਮ ਹੈ। ਇਸ ਦੇ ਬਾਵਜੂਦ ਚੀਨ ਦੇ ਸਾਬਕਾ ਤਾਨਾਸ਼ਾਹਾਂ ਤੇ ਸ਼ੀ ਜਿਨਪਿੰਗ ਦੀ ਨਿਰੰਕੁਸ਼ਤਾ ’ਚ ਫ਼ਰਕ ਹੈ। ਇਸ ਫ਼ਰਕ ਨੂੰ ਸਮਝਣਾ ਜ਼ਰੂਰੀ ਹੈ। ਪਾਰਟੀ ਦੇ ਪ੍ਰਚਾਰਕਾਂ ਅਨੁਸਾਰ ਚੀਨ ਦਾ ਉਭਾਰ ਤਿੰਨ ਪੜਾਵਾਂ ਵਿਚ ਹੋਇਆ ਹੈ।

ਪਹਿਲਾਂ ਮਾਓ ਨੇ ਕ੍ਰਾਂਤੀ ਨਾਲ ਗ਼ੁਲਾਮੀ ਦੀ ਜ਼ੰਜੀਰ ਤੋੜ ਸੁੱਟੀ ਤੇ ਜਨਤਾ ਨੂੰ ਸ਼ੋਸ਼ਣ ਖ਼ਿਲਾਫ਼ ਖੜਾ ਕੀਤਾ। ਫਿਰ ਦੇਂਗ ਨੇ ਸੁਧਾਰਾਂ ਰਾਹੀਂ ਆਰਥਿਕ ਖ਼ੁਸ਼ਹਾਲੀ ਪ੍ਰਦਾਨ ਕੀਤੀ ਤੇ ਹੁਣ ਸ਼ੀ ਜਿਨਪਿੰਗ ਆਤਮ ਵਿਸ਼ਵਾਸ ਤੇ ਦ੍ਰਿੜ ਸੰਕਲਪ ਨਾਲ ਦੇਸ਼ ਨੂੰ ਅਤਿ ਸ਼ਕਤੀਸ਼ਾਲੀ ਬਣਾ ਰਿਹਾ ਹੈ। ਇਸ ਬਿਰਤਾਂਤ ਦਾ ਮਤਲਬ ਹੈ ਕਿ ਚੀਨ ਆਪਣੀ ਆਜ਼ਾਦੀ ਨੂੰ ਬਚਾਈ ਰੱਖਣ ਤੇ ਜਨਤਾ ਨੂੰ ਗ਼ਰੀਬੀ ਤੋਂ ਉਭਾਰਨ ਜਿਹੇ ਰੱਖਿਆਤਮਕ ਕੰਮ ਪੂਰੇ ਕਰ ਚੁੱਕਿਆ ਹੈ ਤੇ ਹੁਣ ਹਮਲਾਵਰ ਹੋ ਕੇ ਦੁਨੀਆ ਵਿਚ ਚੀਨ ਦੇ ਬਲ ਦਾ ਪ੍ਰਦਰਸ਼ਨ ਤੇ ਪ੍ਰਯੋਗ ਕਰਨ ਦੀ ਵਾਰੀ ਹੈ।

ਸ਼ੀ ਜਿਨਪਿੰਗ ਨੇ ਆਪਣੇ ਸਮਰਥਕਾਂ ਨੂੰ ਆਸਵੰਦ ਕੀਤਾ ਹੈ ਕਿ ‘ਪੂਰਬ ਵਧ ਰਿਹਾ ਹੈ ਤੇ ਪੱਛਮ ਸੁੰਗੜ ਰਿਹਾ ਹੈ।’ ਨਾਲ ਹੀ ਚੀਨ ਦੇ ਵਿਰੋਧੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਵਿਦੇਸ਼ੀ ਤਾਕਤਾਂ ਨੇ ਸਾਨੂੰ ਧਮਕਾਇਆ ਤਾਂ ਵੱਡੇ ਪੱਧਰ ’ਤੇ ਖ਼ੂਨ ਖ਼ਰਾਬਾ ਹੋਵੇਗਾ। ਜਿਨਪਿੰਗ ਤੋਂ ਪਹਿਲਾਂ ਜਦੋਂ ਉਸ ਦੇ ਮੁਕਾਬਲੇ ਨਰਮ ਸੁਭਾਅ ਦੇ ਨੇਤਾ ਸੱਤਾ ’ਤੇ ਕਾਬਜ਼ ਸਨ ਤਾਂ ਉਹ ਦੇਸ਼ ਦੇ ‘ਸ਼ਾਂਤੀਪੂਰਵਕ ਉਦੈ’ ਦਾ ਨਾਅਰਾ ਦਿੰਦੇ ਸਨ। ਹੁਣ ਜਿਨਪਿੰਗ ਦਾ ਖੁੱਲਾ ਐਲਾਨ ਹੈ ਕਿ ਜੇ ਮਹਾਸ਼ਕਤੀ ਬਣ ਕੇ ਹਿੰਸਕ ਰਾਹ ਅਪਣਾਉਣਾ ਪਵੇ ਤਾਂ ਉਹ ਬੇਝਿਜਕ ਹੋ ਕੇ ਉਸ ਰਾਹ ’ਤੇ ਜਾਣਗੇ ਤੇ ਸਾਰੇ ਦੁਸ਼ਮਣ ਉਸ ਨਾਲ ਭਿੜਨ ਨੂੰ ਲੈ ਕੇ ਸਾਵਧਾਨ ਰਹਿਣ।

ਪ੍ਰਭੂਸੱਤਾ ਦੀ ਅਜਿਹੀ ਮਾਨਸਿਕਤਾ ਸ਼ੀ ਜਿਨਪਿੰਗ ਦੇ ਅੰਦਰੂਨੀ ਪ੍ਰਸ਼ਾਸਨ ਤਕ ਸੀਮਤ ਨਹੀਂ ਹੈ। ਉਹ ਬਾਹਰੀ ਦੁਨੀਆ ’ਤੇ ਮਾਲਕੀ ਨੂੰ ਚੀਨ ਦੀ ਉੱਨਤੀ ਦੀ ਹੱਦ ਮੰਨਦਾ ਹੈ। ਘਰੇਲੂ ਸੱਤਾ ਦੇ ਹਰ ਯੰਤਰ ਨੂੰ ਆਪਣੀ ਮੁੱਠੀ ’ਚ ਕਰਨ ਤੋਂ ਬਾਅਦ ਉਹ ਸੰਤੁਸ਼ਟ ਹੋ ਕੇ ਨਹੀਂ ਬੈਠ ਸਕਦਾ। ਅਸਲ ਵਿਚ ਆਲਮੀ ਜਿੱਤ ਨਾਲ ਹੀ ਉਹ ਚੀਨ ਦੇ ੧੪੦ ਕਰੋੜ ਲੋਕਾਂ ਉੱਪਰ ਉਮਰ ਭਰ ਰਾਜ ਕਰ ਸਕਦਾ ਹੈ। ਚੀਨੀ ਸਮਾਜ ਦੇ ਹਰੇਕ ਅਹਿਮ ਖੇਤਰ ਜਿਵੇਂ ਸਨਅਤ, ਸਿੱਖਿਆ, ਕਲਾ, ਖੇਡਾਂ, ਮਨੋਰੰਜਨ, ਪਹਿਰਾਵੇ ਤੇ ਰੀਤੀ- ਰਿਵਾਜ ਨੂੰ ਜਿਨਪਿੰਗ ਆਪਣੀ ਇੱਛਾ ਅਨੁਸਾਰ ਢਾਲਣਾ ਚਾਹ ਰਿਹਾ ਹੈ।

ਸੁਭਾਵਿਕ ਹੈ ਕਿ ਇਸ ਕਾਰਨ ਕਈ ਵਰਗਾਂ ਤੋਂ ਕੁਝ ਅੜਿੱਕੇ ਵੀ ਪੈਦਾ ਹੋਣਗੇ। ਮਾਰਕਸਵਾਦ ਦੇ ਸਿਧਾਂਤ ਵਿਚ ਹੀ ਰਾਜ ਤੇ ਸਮਾਜ ਦਰਮਿਆਨ ਅਜਿਹੀ ਰੱਸਾਕਸ਼ੀ ਦੇ ਸੱਚ ਦਾ ਜ਼ਿਕਰ ਹੈ ਤੇ ਜਿਨਪਿੰਗ ਇਸ ਨੂੰ ਭਲੀਭਾਂਤ ਜਾਣਦਾ ਹੈ। ਆਲਮੀ ਪੱਧਰ ’ਤੇ ਚੀਨ ਵੱਲੋਂ ਆਪਣੀ ਸੱਤਾ ਸਥਾਪਤ ਕਰਨਾ ਤੇ ਆਪਣੇ ਖੁੱਸੇ ਹੋਏ ਪ੍ਰਾਚੀਨ ਸਾਮਰਾਜਵਾਦ (ਮੰਡਾਰਿਨ ਵਿਚ ਇਸ ਧਾਰਨਾ ਨੂੰ ‘ਤਿਆਨਸ਼ਿਆ’ ਕਹਿੰਦੇ ਹਨ) ਨੂੰ ਮੁੜ ਜਾਗ੍ਰਿਤ ਕਰਨ ਨਾਲ ਹੀ ਜਿਨਪਿੰਗ ਅੰਦਰੂਨੀ ਸਰਵਸੱਤਾਵਾਦ ਦੀ ਵਾਜਬੀਅਤ ਸਿੱਧ ਕਰ ਸਕਦਾ ਹੈ। ਆਰਥਿਕ ਵਿਕਾਸ ਵਿਚ ਗਿਰਾਵਟ, ਘੱਟ ਗਿਣਤੀਆਂ ’ਚ ਬੇਚੈਨੀ ਤੇ ਚੀਨੀ ਜਨਤਾ ’ਚ ਤਾਨਾਸ਼ਾਹੀ ਦੇ ਪੱਸਰੇ ਖ਼ੌਫ਼ ਜਿਹੀਆਂ ਉਲਝਣਾਂ ਦਾ ਇੱਕੋ ਇੱਕ ਹੱਲ ਹੈ ਅਤਿ ਰਾਸ਼ਟਰਵਾਦ, ਵਿਸਥਾਰਵਾਦ ਤੇ ਦੁਨੀਆ ਭਰ ਵਿਚ ਚੀਨ ਕੇਂਦਰਤ ਵਿਵਸਥਾ ਬਣਾਉਣਾ।

ਮਾਓ ਨੇ ਵੀ ਚੀਨ ਦੀ ਅੰਦਰੂਨੀ ਊਰਜਾ ਨੂੰ ਇਕੱਤਰ ਕਰ ਕੇ ਹੋਰਨਾਂ ਦੇਸ਼ਾਂ ’ਚ ਕਮਿਊਨਿਸਟ ਵਿਚਾਰਧਾਰਾ ਦੇ ਫੈਲਾਅ ਦੇ ਮਕਸਦ ਨਾਲ ਫ਼ੌਜੀ ਦਖ਼ਲ ਦਿੱਤੇ ਸਨ। ਹਾਲਾਂਕਿ ਉਦੋਂ ਚੀਨ ਪਛੜਿਆ ਤੇ ਸਾਧਨਹੀਣ ਸੀ। ਉਸ ਦਾ ਪ੍ਰਭਾਵ ਸੋਵੀਅਤ ਸੰਘ ਅਤੇ ਅਮਰੀਕਾ ਦੇ ਮੁਕਾਬਲੇ ਕਾਫ਼ੀ ਘੱਟ ਸੀ। ਅੱਜ ਜਿਨਪਿੰਗ ਕੋਲ ਸਾਧਨਾਂ ਤੇ ਵਸੀਲਿਆਂ ਦੀ ਕੋਈ ਕਮੀ ਨਹੀਂ। ਕੇਵਲ ਅਮਰੀਕਾ ਹੀ ਤਾਕਤ ਦੇ ਮਾਮਲੇ ’ਚ ਉਸ ਤੋਂ ਅੱਗੇ ਹੈ। ਇਸ ਦੇ ਬਾਵਜੂਦ ਜਿਨਪਿੰਗ ਨੇ ਜਿਸ ਬੇਬਾਕੀ ਨਾਲ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਤਾਈਵਾਨ ਨੂੰ ਲੈ ਕੇ ‘ਅੱਗ ਨਾਲ ਨਾ ਖੇਡੋ’ ਜਿਹੀ ਧਮਕੀ ਦਿੱਤੀ ਤੇ ਹੋਰਨਾਂ ਮਾਮਲਿਆਂ ਵਿਚ ਵੀ ਉਸ ਸਾਹਮਣੇ ਜਿਸ ਤਰਾਂ ਇਕ ਲਕੀਰ ਖਿੱਚੀ ਹੈ, ਉਸ ਤੋਂ ਸਪੱਸ਼ਟ ਹੈ ਕਿ ਨਿਮਰਤਾ ਚੀਨ ਦੀ ਕੂਟਨੀਤੀ ਵਿਚ ਰਹੀ ਹੀ ਨਹੀਂ।

ਏਸ਼ੀਆ ਵਿਚ ਭਾਰਤ ਸਮੇਤ ਕਈ ਗੁਆਂਢੀਆਂ ਨਾਲ ਵਿਵਾਦਤ ਸਰਹੱਦਾਂ ’ਤੇ ਫ਼ੌਜੀ ਦਬਾਅ ਬਣਾਈ ਰੱਖਣਾ, ਅਫਰੀਕਾ ਤੇ ਲੈਟਿਨ ਅਮਰੀਕਾ ਵਿਚ ਆਰਥਿਕ ਸ਼ਿਕੰਜਾ ਕੱਸਣਾ ਤੇ ਦੁਨੀਆ ਦੇ ਕੋਨੇ- ਕੋਨੇ ਤੋਂ ਖਣਿਜ ਤੇ ਫ਼ੌਜੀ ਤਕਨੀਕ ਜਮਾਂ ਕਰਨ ਜਿਹੇ ਸਾਰੇ ਸੰਕੇਤ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਚੀਨ ਬੜੀ ਤੇਜ਼ੀ ਨਾਲ ਜੇਤੂ ਯਾਤਰਾ ’ਤੇ ਚੱਲ ਪਿਆ ਹੈ। ਆਲਮੀ ਨਾਇਕਵਾਦ ਦੀ ਅਭਿਲਾਸ਼ਾ ਜਿਨਪਿੰਗ ਦੀ ਨਿੱਜੀ ਪਸੰਦ ਹੀ ਨਹੀਂ ਸਗੋਂ ਉਸ ਵੱਲੋਂ ਸੰਸਥਾਪਿਤ ‘ਤੀਜੀ ਕ੍ਰਾਂਤੀ’ ਤੇ ‘ਚੀਨੀ ਸੁਪਨੇ’ ਦਾ ਮੁੱਖ ਬਿੰਦੂ ਹੈ। ਅਜਿਹੇ ਤਾਨਾਸ਼ਾਹ ਆਪਣੀ ਜਨਤਾ ਦੇ ਮਨੁੱਖੀ ਅਧਿਕਾਰ ਦਾ ਤਾਂ ਬੇਹਿਸਾਬ ਘਾਣ ਕਰਦੇ ਹੀ ਹਨ ਪਰ ਹੋਰਨਾਂ ਦੇਸ਼ਾਂ ਦੇ ਅਧਿਕਾਰਾਂ ਤੇ ਹਿੱਤਾਂ ਲਈ ਵੀ ਵੱਡਾ ਖ਼ਤਰਾ ਹਨ।

ਆਲਮੀ ਭਾਈਚਾਰੇ ਵਿਚ ਚੀਨ ਨੂੰ ਕਦੇ ਜ਼ਿੰਮੇਵਾਰ ਹਿੱਤਧਾਰਕ ਬਣਾਉਣ ਦੀ ਗੱਲ ਹੁੰਦੀ ਸੀ। ਹੁਣ ਜੋ ਵੀ ਦੇਸ਼ ਅਜਿਹੀ ਹਾਂ- ਪੱਖੀ ਸੋਚ ਦੇ ਆਧਾਰ ’ਤੇ ਚੀਨ ਨਾਲ ਨਜਿੱਠੇਗਾ, ਉਸ ਨੂੰ ਮੂੰਹ ਦੀ ਖਾਣੀ ਪਵੇਗੀ। ਜਿਨਪਿੰਗ ਨੇ ਇਤਿਹਾਸ ਬਦਲ ਦਿੱਤਾ ਹੈ। ਇਸ ਲਈ ਦੁਨੀਆ ਨੂੰ ਵੀ ਆਪਣਾ ਨਜ਼ਰੀਆ ਤੇ ਰਣਨੀਤੀ ਬਦਲਣੀ ਪਵੇਗੀ। ਇਸ ਵਿਚ ਦੇਰੀ ਦੁਨੀਆ ਲਈ ਖ਼ਤਰਨਾਕ ਸਿੱਧ ਹੋ ਸਕਦੀ ਹੈ।

# ਖੇਤੀ ਸਬੰਧੀ ਤਿੰਨਾਂ ਕਾਨੂੰਨਾਂ ਦੀ ਵਾਪਸੀ, ਮੋਦੀ ਭਗਤ ਤੇ ਗੋਦੀ ਮੀਡੀਆ



**ਗੁਰਮੀਤ ਸਿੰਘ ਪਲਾਹੀ**
9815802070

ਭਾਰਤ ਦੇ ਕੇਂਦਰੀ ਮੰਤਰੀ ਸਾਬਕਾ ਜਨਰਲ ਵੀ.ਕੇ. ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਉਪਰੰਤ ਸਵਾਲ ਖੜਾ ਕੀਤਾ ਹੈ ਕਿ ਖੇਤੀ ਕਾਨੂੰਨਾਂ ਵਿੱਚ ਸਿਵਾਏ ਕਾਲੀ ਸਿਆਹੀ ਦੇ ਕਾਲਾ ਕੀ ਸੀ? ਭਾਜਪਾ ਮੈਂਬਰ ਪਾਰਲੀਮੈਂਟ ਸਵਾਮੀ ਸਚਿਦਾਨੰਦ ਹਰੀ ਸਾਕਸ਼ੀ ਜੀ ਮਹਾਰਾਜ ਨੇ ਖੇਤੀ ਕਾਨੂੰਨਾਂ ਦੀ ਵਾਪਸੀ ਦੇ ਇੱਕ ਦਿਨ ਬਾਅਦ ਇੱਕ ਗੰਭੀਰ ਚਿੰਤਾਜਨਕ ਬਿਆਨ ਦਿੱਤਾ, 'ਬਿੱਲ ਤਾਂ ਬਣਦੇ ਰਹਿੰਦੇ ਹਨ, ਵਿਗੜਦੇ ਰਹਿੰਦੇ ਹਨ, ਵਾਪਸ ਆ ਜਾਣਗੇ, ਦੋਬਾਰਾ ਬਣ ਜਾਣਗੇ, ਕੋਈ ਦੇਰ ਨਹੀਂ ਲਗਦੀ।' ਹੋਰ ਵੀ ਕਈ ਭਾਜਪਾ ਨੇਤਾਵਾਂ ਤੇ ਮੋਦੀ ਭਗਤਾਂ ਨੇ ਖੇਤੀ ਕਾਨੂੰਨਾਂ ਦੀ ਵਾਪਸੀ ਉੱਤੇ ਨਾਖੁਸ਼ੀ ਜ਼ਾਹਰ ਕੀਤੀ ਹੈ। ਪਰ ਮੁੱਢ ਤੋਂ ਕਿਸਾਨ ਹਿਮਾਇਤੀ ਮੇਘਾਲਿਆ ਦੇ ਗਵਰਨਰ ਸਤਿਆਪਾਲ ਮਲਿਕ ਨੇ ਇਨਾਂ ਕਾਨੂੰਨਾਂ ਦੀ ਵਾਪਸੀ ਨੂੰ ਪ੍ਰਧਾਨ ਮੰਤਰੀ ਦਾ ਸਿਆਣਪ ਭਰਿਆ ਫ਼ੈਸਲਾ ਕਰਾਰ ਦਿੱਤਾ ਹੈ ਅਤੇ ਪ੍ਰਧਾਨ ਮੰਤਰੀ ਨੂੰ ਅੱਗੋਂ ਕਦਮ ਵਧਾਕੇ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਲਈ ਘੱਟੋ-ਘੱਟ ਕੀਮਤ ਨਿਰਧਾਰਤ ਕਰਨ ਅਤੇ ਹੋਰ ਮੰਗਾਂ ਮੰਨਣ ਦੀ ਸਲਾਹ ਦਿੱਤੀ ਹੈ।

ਕਿਸਾਨਾਂ ਦੇ ਖਿਲਾਫ਼ ਨਫ਼ਰਤ ਅਤੇ ਝੂਠੇ ਇਲਜ਼ਾਮ ਫੈਲਾਉਣ ਵਿੱਚ ਪ੍ਰਧਾਨ ਮੰਤਰੀ ਦੇ ਭਗਤਾਂ ਦੀ ਟੋਲੀ ਸਭ ਤੋਂ ਅੱਗੇ ਸੀ। ਕਿਸਾਨ ਅੰਦੋਲਨ ਨੂੰ ਲੈ ਕੇ ਜਿੰਨਾ ਜ਼ਹਿਰ ਭਗਤਾਂ ਨੇ ਉਗਲਿਆ, ਹੈਰਾਨੀਜਨਕ ਸੀ। ਇਸ ਭਗਤਾਂ ਦੀ ਟੋਲੀ ਵਿੱਚ ਉਹੀ ਚਿਹਰੇ ਗੋਦੀ ਮੀਡੀਆ ਉੱਤੇ, ਟੀ.ਵੀ. ਚੈਨਲਾਂ ਉੱਤੇ ਦਿਖਾਈ ਦਿੰਦੇ ਹਨ। ਇਨਾਂ ਵਿੱਚ ਨਾ ਕੋਈ ਨਵਾਂ ਚਿਹਰਾ ਦਿਸਦਾ ਹੈ ਅਤੇ ਨਾ ਹੀ ਉਨਾਂ ਵੱਲੋਂ ਕੋਈ ਨਵੀਂ ਗੱਲ ਸੁਣਨ ਨੂੰ ਮਿਲਦੀ ਹੈ। ਬੱਸ ਸੁਣਾਈ ਦਿੰਦਾ ਹੈ, ਇੱਕ ਭੰਡੀ ਪ੍ਰਚਾਰ। ਕਿਸਾਨਾਂ ਨੂੰ ਜਦੋਂ ਪ੍ਰਧਾਨ ਮੰਤਰੀ ਨੇ ਅੰਦੋਲਨਜੀਵੀ ਆਖਿਆ, ਖੇਤੀ ਕਾਨੂੰਨਾਂ ਨੂੰ ਸਹੀ ਗਰਦਾਨਿਆ, ਪ੍ਰਧਾਨ ਮੰਤਰੀ ਦੀ ਪੂਰੀ ਟੀਮ ਨੇ 'ਕਿਸਾਨ ਭੰਡ ਮੁਹਿੰਮ' ਨੂੰ ਇਲੈਕਟ੍ਰੋਨਿਕ ਮੀਡੀਆ, ਇੰਸਟਾਗ੍ਰਾਮ, ਫੇਸਬੁੱਕ, ਟਵਿਟਰ ਉੱਤੇ ਪੂਰੇ ਜ਼ੋਰ-ਸ਼ੋਰ ਨਾਲ ਪ੍ਰਚਾਰਿਆ।

ਪ੍ਰਧਾਨ ਮੰਤਰੀ ਦੇ ਭਗਤਾਂ ਵਿੱਚ ਕਈ ਇਹੋ ਜਿਹੇ ਲੋਕ ਹਨ, ਜਿਨਾਂ ਨੂੰ ਰਾਜਨੀਤੀ ਦੀ ਨਾ ਸਮਝ ਹੈ, ਨਾ ਆਰਥਿਕ ਮੁੱਦਿਆਂ ਦੀ। ਇਸ ਲਈ ਜਦ ਉਹ ਪ੍ਰਧਾਨ ਮੰਤਰੀ ਦੀ ਪ੍ਰਸ਼ੰਸਾ ਵੀ ਕਰਦੇ ਹਨ ਤਾਂ ਉਹ ਵੀ ਇਸ ਤਰਾਂ ਜਿਵੇਂ ਉਨਾਂ ਨੂੰ ਕਿਸੇ ਨੇ ਹੁਕਮ ਚਾੜਿਆ ਹੋਵੇ ਉੱਪਰ ਤੋਂ ਢੰਡੋਰਾ ਪਿੱਟਣ ਦਾ। ਅਦਾਕਾਰ ਕੰਗਣਾ ਰਣੌਤ ਦੀ ਉਦਾਹਰਣ ਲੈ ਲਉ, ਉਹ ਨਿੱਤ ਨਵੇਂ ਵਿਵਾਦਤ ਬਿਆਨ ਦੇ ਰਹੀ ਹੈ, ਸਮਝ ਰਹੀ ਹੈ ਕਿ ਉਹ ਨਰੇਂਦਰ ਮੋਦੀ ਦੇ ਹੱਕ ਵਿੱਚ ਖੜੀ ਹੈ, ਉਸਦੀ ਪ੍ਰਸ਼ੰਸਾ ਕਰਦੀ ਹੈ, ਪਰ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਲਈ ਉਹ ਨਰੇਂਦਰ ਮੋਦੀ 'ਤੇ ਭੜਕ ਪਈ ਅਤੇ ਉਸਦੀ ਆਲੋਚਨਾ ਕੀਤੀ। ਉਸਨੇ ਲਿਖਿਆ ਹੈ, 'ਇਹ ਕਾਨੂੰਨ ਵਾਪਸ ਲੈਣਾ ਦੁਖਦਾਈ ਹੈ, ਸ਼ਰਮਨਾਕ ਅਤੇ ਬਿਲਕੁਲ ਗੈਰਵਾਜਬ ਹੈ। ਜੇਕਰ ਸੰਸਦ ਵਿੱਚ ਚੁਣੀ ਹੋਈ ਸਰਕਾਰ ਦੇ ਬਦਲੇ ਸੜਕਾਂ ਉੱਤੇ ਲੋਕਾਂ ਨੇ ਕਾਨੂੰਨ ਬਣਾਉਣੇ ਸ਼ੁਰੂ ਕਰ ਦਿੱਤੇ ਤਾਂ ਇਹ ਇੱਕ ਜਿਹਾਦੀ ਰਾਸ਼ਟਰ ਹੈ। ਉਨਾਂ ਸਾਰਿਆਂ ਨੂੰ ਵਧਾਈ ਜੋ ਇੰਜ ਚਾਹੁੰਦੇ ਹਨ।'

ਪਿਛਲੇ ਲੰਬੇ ਅਰਸੇ ਤੋਂ ਮੋਦੀ ਭਗਤਾਂ ਨੇ ਕਦੇ ਨਰਿੰਦਰ ਮੋਦੀ ਨੂੰ ਦੇਸ਼ ਲਈ ਅੱਛਾ ਅਤੇ ਅਤਿ-ਲਾਭਦਾਇਕ ਸੁਝਾਅ ਨਹੀਂ ਦਿੱਤਾ। ਉਨਾਂ ਦਾ ਬਿਆਨ ਤਾਂ 'ਹਿੰਦੂਤਵ' ਬਚਾਉਣ ਅਤੇ ਹਿੰਦੀ, ਹਿੰਦੂ, ਹਿੰਦੋਸਤਾਨ ਦੇ ਨਾਅਰੇ ਤਕ ਸੀਮਤ ਸੀ। ਨਰਿੰਦਰ ਮੋਦੀ ਨੇ ਨੋਟਬੰਦੀ ਕੀਤੀ, ਮੋਦੀ ਭਗਤਾਂ ਨੇ ਉਨਾਂ ਦੇ ਗੁਣ ਗਾਏ। ਗੋਦੀ ਮੀਡੀਆ ਨੇ ਇਸਦੇ ਫ਼ਾਇਦੇ ਗਿਣਨ ਵਿੱਚ ਕਸਰ ਨਹੀਂ ਛੱਡੀ। ਕਸ਼ਮੀਰ ਵਿੱਚ 370 ਧਾਰਾ ਲਾਗੂ ਕਰਨ ਦੇ ਕਸ਼ਮੀਰੀਆਂ ਵਿਰੋਧੀ ਕੰਮ ਨੂੰ ਉਨਾਂ ਪ੍ਰਚਾਰਿਆ। ਜੀ.ਐੱਸ.ਟੀ. ਕਾਹਲੀ ਨਾਲ ਲਾਗੂ ਕੀਤੀ, ਜਿਸ ਵਿੱਚ ਬਾਅਦ ਵਿੱਚ ਸੈਂਕੜੇ ਸੋਧਾਂ ਹੋਈਆਂ, ਨੂੰ ਸਟੀਕ ਕਾਨੂੰਨ ਗਰਦਾਨਿਆ। ਕਰੋਨਾ ਕਾਲ ਵਿੱਚ 'ਮੋਦੀ ਹੈ ਤਾਂ ਮੁਮਕਿਨ ਹੈ' ਦਾ ਨਾਅਰਾ ਲਾਇਆ, ਹਾਲਾਂਕਿ ਇਸ ਸਮੇਂ ਦੇਸ਼ ਵਾਸੀਆਂ ਦੀ ਜੋ ਹਾਲਤ ਹੋਈ, ਉਹ ਕਿਸੇ ਤੋਂ ਲੁਕੀ-ਛੁਪੀ ਨਹੀਂ। ਖੇਤੀ ਕਾਨੂੰਨਾਂ ਦੇ ਹੱਕ ਵਿੱਚ ਤਾਂ ਇਸ ਟੀਮ ਨੇ ਕਿਸਾਨਾਂ ਨੂੰ ਖਾਲਿਸਤਾਨੀ, ਨਕਸਲੀ, ਅੰਦੋਲਨਜੀਵੀ ਤਕ ਕਹਿਣ ਵਿੱਚ ਕੋਈ ਕਸਰ ਨਹੀਂ ਛੱਡੀ।

ਜਦੋਂ ਭਾਜਪਾ ਖੇਤੀ ਅੰਦੋਲਨ ਦੌਰਾਨ ਪੱਛਮੀ ਬੰਗਾਲ ਹਾਰੀ, ਹਰਿਆਣਾ, ਹਿਮਾਚਲ ਤੇ ਹੋਰ ਰਾਜਾਂ ਵਿੱਚ ਖਾਲੀ ਵਿਧਾਨ ਸਭਾ ਚੋਣਾਂ ਵਿੱਚ ਉਸਦੀ ਹਾਰ ਹੋਈ ਤਾਂ ਆਉਂਦੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾਈ ਚੋਣਾਂ ਵਿੱਚ ਉਸ ਨੂੰ ਆਪਣੀ ਹਾਰ ਦਿਸਣ ਲੱਗੀ। ਅਤਿ ਗੁਪਤ ਪ੍ਰਾਪਤ ਸੂਚਨਾਵਾਂ ਅਨੁਸਾਰ ਜਦੋਂ ਸੁਪਰੀਮ ਕੋਰਟ ਵੱਲੋਂ ਤਿੰਨ ਕਾਲੇ ਕਾਨੂੰਨ ਲਾਗੂ ਕਰਨ ਸੰਬੰਧੀ ਕਿਸਾਨਾਂ ਦੇ ਹੱਕ ਵਿੱਚ ਫ਼ੈਸਲੇ ਦਾ ਭੇਦ ਕੇਂਦਰ ਸਰਕਾਰ ਦੇ ਧਿਆਨ ਵਿੱਚ ਆਇਆ ਤਾਂ ਨਰਿੰਦਰ ਮੋਦੀ ਨੂੰ, ਜਿਹੜਾ ਅੱਜ ਤਕ ਦਾ ਸਭ ਤੋਂ ਵੱਡਾ ਜ਼ਿੱਦੀ, ਹੈਂਕੜਬਾਜ਼, ਡਿਕਟੇਟਰਾਨਾ ਰੁਚੀਆਂ ਵਾਲਾ ਪ੍ਰਧਾਨ ਮੰਤਰੀ ਸੀ, ਉਸ ਨੂੰ ਕਿਸਾਨਾਂ ਦੀ ਮੰਗ ਅੱਗੇ ਗੋਡੇ ਟੇਕਣੇ ਪਏ ਉਹਨਾਂ ਤੋਂ ਮੁਆਫ਼ੀ ਮੰਗਣੀ ਪਈ। ਪ੍ਰਧਾਨ ਮੰਤਰੀ ਦੇ ਉਹ ਆਲੋਚਕ, ਜੋ ਆਪਣੇ ਵੱਲੋਂ ਵਾਰ-ਵਾਰ ਪ੍ਰਧਾਨ ਮੰਤਰੀ ਵੱਲੋਂ ਕੀਤੀਆਂ ਜਾ ਰਹੀਆਂ ਗਲਤੀਆਂ ਵਿੱਚ ਉਹਨਾਂ ਦਾ ਧਿਆਨ ਖਿੱਚਦੇ ਰਹੇ, ਪਰ ਉਨਾਂ ਦੀ ਗੱਲ ਵੱਲ ਕਿਸੇ ਧਿਆਨ ਨਹੀਂ ਦਿੱਤਾ। ਆਲੋਚਕ ਬਹੁਤ ਪਹਿਲਾਂ ਤੋਂ ਹੀ ਕਹਿੰਦੇ ਆਏ ਹਨ ਕਿ ਜੇਕਰ ਕਿਸਾਨ ਮਹੀਨਿਆਂ ਤੋਂ ਉਨਾਂ ਦਾ ਵਿਰੋਧ ਕਰਦੇ ਆ ਰਹੇ ਹਨ ਤਾਂ ਉਨਾਂ ਦੀ ਗੱਲ ਵਿੱਚ ਦਮ ਹੋਏਗਾ। ਪਰ ਉਨਾਂ ਦੀ ਸੁਣਨ ਦੀ ਬਜਾਏ ਪ੍ਰਧਾਨ ਮੰਤਰੀ ਨੇ ਭਗਤਾਂ ਤੇ ਗੋਦੀ ਮੀਡੀਆ ਦੀ ਸੁਣੀ ਜੋ ਕਿਸਾਨਾਂ ਦੇ ਅੰਦੋਲਨ ਨੂੰ ਬਦਨਾਮ ਕਰਦੇ ਰਹੇ। ਪ੍ਰਧਾਨ ਮੰਤਰੀ ਇਹ ਸਮਝ ਹੀ ਨਹੀਂ ਸਕੇ ਕਿ ਉਨਾਂ ਦੇ ਦੁਸ਼ਮਣ ਕੌਣ ਹਨ ਅਤੇ ਦੋਸਤ ਕੌਣ ਹਨ।

ਉਦੋਂ ਜਦੋਂ ਪੰਜਾਬ ਵਿੱਚ ਭਾਜਪਾ ਦੀ ਸਫ ਵਲੇਟੀ ਗਈ। ਹਰਿਆਣਾ ਵਿੱਚ ਭਾਜਪਾ ਦਾ ਬੋਰੀਆ ਬਿਸਤਰਾ ਗੋਲ ਹੋਣ 'ਤੇ ਆ ਗਿਆ। ਪੱਛਮੀ ਯੂਪੀ ਵਿੱਚ ਖ਼ਾਸ ਕਰਕੇ ਭਾਜਪਾ ਦੀ ਯੋਗੀ ਸਰਕਾਰ ਨੂੰ ਸੇਕ ਲੱਗਿਆ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਮੋਦੀ ਸਰਕਾਰ ਦੀ ਭਰਪੂਰ ਬਦਨਾਮੀ ਹੋ ਗਈ ਤਾਂ ਉਸ ਨੂੰ 'ਕਿਸਾਨ ਅੰਦੋਲਨ' ਆਪਣੀ ਹਾਰ ਦਿਸਣ ਲੱਗਾ। ਉਸ ਨੂੰ ਆਪਣਾ ਸੁਭਾਅ, ਜ਼ਿੱਦ ਅਤੇ ਵਤੀਰਾ ਬਦਲਣ ਲਈ ਮਜਬੂਰ ਹੋਣਾ ਪਿਆ ਹੈ। ਪ੍ਰਧਾਨ ਮੰਤਰੀ ਆਪਣੇ ਰਾਸ਼ਟਰੀ ਪੱਧਰ 'ਤੇ ਡਿੱਗ ਰਹੇ ਗ੍ਰਾਫ਼ ਨੂੰ ਥਾਂ ਸਿਰ ਕਰਨ ਲਈ ਕਦਮ ਚੁੱਕਣ ਲੱਗੇ ਹਨ। ਦੇਸ਼ ਦੇ ਵਿਕਾਸ ਦੀ ਗੱਲ ਕਰਨ ਲੱਗੇ ਹਨ। ਉਨਾਂ ਦੇ ਬਿਆਨ ਦਰਸਾਉਣ ਲੱਗੇ ਹਨ ਕਿ ਉਹ ਚਾਹੁੰਦੇ ਹਨ ਵਿਕਾਸ ਦੀ ਰਫ਼ਤਾਰ ਵਧੇ ਤੇ ਇਸ ਵਿੱਚ ਜੋ ਅਟਕਲਾਂ ਹਨ, ਉਨਾਂ ਨੂੰ ਉਹ ਦੂਰ ਕਰਨਗੇ। ਫੈਲਾਈਆਂ ਜਾ ਰਹੀਆਂ ਗਲਤਫਹਿਮੀਆਂ ਨੂੰ ਵਿਰਾਮ ਦੇਣ ਲਈ ਕੇਂਦਰੀ ਮੰਤਰੀ ਮੰਡਲ ਵੱਲੋਂ 24 ਨਵੰਬਰ 2021 ਨੂੰ ਖੇਤੀ ਕਾਨੂੰਨ ਵਾਪਸੀ ਉੱਤੇ ਮੋਹਰ ਲੱਗੇਗੀ। 29 ਨਵੰਬਰ 2021 ਨੂੰ ਸ਼ੁਰੂ ਹੋ ਕੇ ਸੰਸਦ ਇਜਲਾਜ਼ ਵਿੱਚ ਪ੍ਰਧਾਨ ਮੰਤਰੀ ਦੇ ਐਲਾਨ ਮੁਤਾਬਿਕ ਖੇਤੀ ਕਾਨੂੰਨ ਵਾਪਸ ਲੈਣ ਦੀ ਪ੍ਰਕਿਰਿਆ ਪੂਰੀ ਹੋ ਜਾਏਗੀ।









ਇਸੇ ਦੌਰਾਨ ਭਾਵੇਂ ਕਿਸਾਨ ਜਥੇਬੰਦੀਆਂ ਨੇ ਨਰੇਂਦਰ ਮੋਦੀ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ, ਪਰ ਉਦੋਂ ਤਕ ਦਿੱਲੀ ਦੀਆਂ ਬਰੂਹਾਂ ਤੋਂ ਵਾਪਸੀ, ਅਤੇ ਪਹਿਲਾਂ ਨਿਰਧਾਰਤ ਐਲਾਨੇ ਸੰਘਰਸ਼ ਨੂੰ ਲਾਗੂ ਰੱਖਣ ਦਾ ਫ਼ੈਸਲਾ ਲਿਆ ਹੈ, ਜਿਸ ਵਿੱਚ ਲਖਨਊ ਵਿਖੇ ਮਹਾਂ ਪੰਚਾਇਤ ਅਤੇ ਪਾਰਲੀਮੈਂਟ ਤੱਕ 29 ਨਵੰਬਰ ਦਾ ਟਰੈਕਟਰ ਮਾਰਚ ਸ਼ਾਮਲ ਹੈ। ਇਸੇ ਦੌਰਾਨ ਕਿਸਾਨ ਜਥੇਬੰਦੀਆਂ ਨੇ ਆਪਣੀਆਂ ਮੰਗਾਂ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਭੇਜੀਆਂ ਹਨ ਅਤੇ ਗੱਲਬਾਤ ਕਰਨ ਦੀ ਮੰਗ ਰੱਖੀ ਹੈ।

ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ : ਪਹਿਲਾ- ਖੇਤੀ ਦੀ ਸੰਪੂਰਨ ਲਾਗਤ ਉੱਤੇ ਅਧਾਰਿਤ ਘੱਟੋ-ਘੱਟ ਸਮਰਥਨ ਮੁੱਲ ਨੂੰ ਸਾਰੀ ਖੇਤੀ ਉੱਤੇ ਸਾਰੇ ਕਿਸਾਨਾਂ ਦਾ ਕਾਨੂੰਨੀ ਹੱਕ ਬਣਾ ਦਿੱਤਾ ਜਾਏ ਤਾਂ ਕਿ ਦੇਸ਼ ਦੇ ਹਰ ਕਿਸਾਨ ਨੂੰ ਆਪਣੀ ਪੂਰੀ ਫ਼ਸਲ ਸਰਕਾਰ ਵੱਲੋਂ ਘੋਸ਼ਿਤ ਘੱਟੋ-ਘੱਟ ਮੁੱਲ ਉੱਤੇ ਖ਼ਰੀਦ ਦੀ ਗਰੰਟੀ ਹੋ ਸਕੇ।

ਦੂਜਾ- ਸਰਕਾਰ ਵੱਲੋਂ ਪ੍ਰਸਤਾਵਿਤ ਬਿਜਲੀ ਸੋਧ ਬਿੱਲ 2020/2021 ਵਾਪਸ ਲਿਆ ਜਾਵੇ।

ਤੀਜਾ - ਰਾਸ਼ਟਰੀ ਰਾਜਧਾਨੀ ਦੇ ਖੇਤਰ ਅਤੇ ਇਸ ਨਾਲ ਜੁੜੇ ਖੇਤਰਾਂ ਵਿੱਚ ਹਵਾ ਗੁਣਵਤਾ ਦੇ ਲਈ ਆਯੋਗ ਅਧਿਨਿਯਮ 2021 ਵਿੱਚ ਜੋ ਕਿਸਾਨਾਂ ਨੂੰ ਸਜ਼ਾ ਦੇਣ ਦਾ ਪ੍ਰਵਾਧਾਨ ਕੀਤਾ ਹੈ, ਉਸ ਨੂੰ ਹਟਾਇਆ ਜਾਵੇ।

ਚੌਥਾ-ਦਿੱਲੀ ਹਰਿਆਣਾ, ਚੰਡੀਗੜ, ਉੱਤਰ ਪ੍ਰਦੇਸ਼ ਅਤੇ ਹੋਰ ਅਨੇਕਾਂ ਰਾਜਾਂ ਵਿੱਚ ਹਜ਼ਾਰਾਂ ਕਿਸਾਨਾਂ ਨੂੰ ਇਸ ਅੰਦੋਲਨ ਦੌਰਾਨ (ਜੂਨ 2020 ਤੋਂ ਹੁਣ ਤੱਕ) ਸੈਂਕੜੇ ਮੁਕੱਦਮਿਆਂ ਵਿੱਚ ਫਸਾਇਆ ਗਿਆ ਹੈ, ਇਨਾਂ ਕੇਸਾਂ ਨੂੰ ਤੁਰੰਤ ਵਾਪਸ ਲਿਆ ਜਾਵੇ।

ਪੰਜਵਾਂ-ਲਖੀਮਪੁਰ ਖੀਰੀ ਹੱਤਿਆਕਾਂਡ ਦੇ ਸੂਤਰਧਾਰ ਅਤੇ ਸੈਕਸ਼ਨ 120 ਬੀ ਦੇ ਅਭਿਯੁਕਤ ਅਜੈ ਮਿਸ਼ਰਾ ਅੱਜ ਵੀ ਖੁੱਲੇ ਆਮ ਘੁੰਮ ਰਹੇ ਹਨ ਅਤੇ ਕੇਂਦਰ ਸਰਕਾਰ ਵਿੱਚ ਮੰਤਰੀ ਬਣੇ ਹੋਏ ਹਨ। ਉਨਾਂ ਨੂੰ ਬਰਖਾਸਤ ਅਤੇ ਗ੍ਰਿਫਤਾਰ ਕੀਤਾ ਜਾਵੇ।

ਛੇਵਾਂ - ਇਸ ਅੰਦੋਲਨ ਦੌਰਾਨ ਹੁਣ ਤੱਕ ਲਗਭਗ 700 ਕਿਸਾਨ ਸ਼ਹਾਦਤ ਦੇ ਚੁੱਕੇ ਹਨ। ਉਨਾਂ ਦੇ ਪਰਿਵਾਰਾਂ ਲਈ ਮੁਆਵਜ਼ਾ ਅਤੇ ਪੁਨਰਵਾਸ ਦੀ ਵਿਵਸਥਾ ਹੋਵੇ। ਸ਼ਹੀਦ ਕਿਸਾਨਾਂ ਦੀ ਯਾਦ ਵਿੱਚ ਇੱਕ ਸ਼ਹੀਦ ਸਮਾਰਕ ਬਣਾਉਣ ਲਈ ਸਿੰਘੂ ਬਾਰਡਰ 'ਤੇ ਜ਼ਮੀਨ ਦਿੱਤੀ ਜਾਵੇ।

ਕਿਸਾਨ ਅੰਦੋਲਨ ਨੇ ਪੜਾਅ ਦਰ ਪੜਾਅ ਪ੍ਰਾਪਤੀਆਂ ਕੀਤੀਆਂ ਹਨ। ਪੰਜਾਬ ਤੋਂ ਇਹ ਅੰਦੋਲਨ ਉੱਠਿਆ, ਦਿੱਲੀ ਵੱਲ ਕਿਸਾਨਾਂ ਕੂਚ ਕੀਤਾ, ਪੁਲਿਸ ਨਾਲ ਟੱਕਰ ਲਈ। ਕੇਂਦਰ ਸਰਕਾਰ ਨਾਲ ਗੱਲਬਾਤ ਦੇ ਗਿਆਰਾਂ ਨਾਕਾਮ ਗੇੜ ਹੋਏ। 26 ਜਨਵਰੀ 2021 ਦੀ ਟਰੈਕਟਰ ਪਰੇਡ ਸਮੇਂ ਹਿੰਸਾ ਦਾ ਅੰਦੋਲਨ ਨੇ ਸਾਹਮਣਾ ਕੀਤਾ। ਬਦਨਾਮੀ ਝੱਲੀ। ਅੰਦੋਲਨ ਖ਼ਤਮ ਹੁੰਦਾ ਹੁੰਦਾ ਰਕੇਸ਼ ਟਿਕੈਤ ਨੇ ਆਪਣੇ ਹੰਝੂਆਂ ਨਾਲ ਮੁੜ ਥੰਮ ਲਿਆ। ਸਰਕਾਰ ਦੇ ਜ਼ਿੱਦੀ ਰਵੱਈਏ ਕਾਰਨ ਕਿਸਾਨ ਤਿੱਖੇ ਸੰਘਰਸ਼ ਲਈ ਮਜਬੂਰ ਹੋਏ। ਉਨਾਂ ਕਿਸਾਨ ਪੰਚਾਇਤਾਂ ਅਤੇ ਭਾਜਪਾ ਦੀ ਵੋਟ ਉੱਤੇ ਚੋਟ ਦਾ ਰਾਹ ਫੜਿਆ। ਭਾਜਪਾ ਤੇ ਉਸਦੇ ਸਾਥੀਆਂ ਦਾ ਵਿਰੋਧ ਕੀਤਾ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਤਿੰਨ ਕਿਸਾਨ ਕਾਨੂੰਨਾਂ 'ਤੇ ਯੂ ਟਰਨ ਲੈਣਾ ਪਿਆ। ਲਖੀਮਪੁਰ ਖੀਰੀ ਤੇ ਸਿੰਘੂ ਬਾਰਡਰ ਨਿਹੰਗ ਕਾਂਡ ਨੇ ਇਸ ਅੰਦੋਲਨ ਵਿੱਚ ਵੱਖਰਾ ਮੋੜ ਲਿਆਂਦਾ।

ਇਸ ਸਭ ਕੁਝ ਦੌਰਾਨ ਕੇਂਦਰ ਸਰਕਾਰ ਦੀ ਨੀਂਦ ਕਿਸਾਨ ਅੰਦੋਲਨ ਨੇ ਹਰਾਮ ਕੀਤੀ ਰੱਖੀ। ਸੰਗਠਿਤ ਸੰਯੁਕਤ ਮੋਰਚੇ ਦੀ ਇਹ ਵੱਡੀ ਪ੍ਰਾਪਤੀ ਸੀ। ਸਭ ਤੋਂ ਵੱਡੀ ਗੱਲ ਇਹ ਕਿ ਕਿਸਾਨ ਹਿਮਾਇਤੀ ਸੋਸ਼ਲ ਮੀਡੀਆ, ਟੀ.ਵੀ. ਅਤੇ ਅਖ਼ਬਾਰਾਂ ਨੇ ਕਿਸਾਨ ਅੰਦੋਲਨ ਦਾ ਪੱਖ ਰੱਖਣ ਲਈ ਵੱਡੀ ਭੂਮਿਕਾ ਨਿਭਾਈ ਅਤੇ ਇਸ ਤੋਂ ਵੀ ਵੱਡੀ ਭੂਮਿਕਾ ਪ੍ਰਵਾਸੀ ਪੰਜਾਬੀਆਂ ਅਤੇ ਅੰਤਰਰਾਸ਼ਟਰੀ ਮੀਡੀਆ ਨੇ ਨਿਭਾਈ।

ਪੰਜਾਬ ਵਿੱਚ ਵੱਡੇ ਕਈ ਕਿਸਾਨੀ ਅੰਦੋਲਨ ਅਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੁਣ ਤਕ ਲੜੇ ਗਏ। ਜਿਨਾਂ ਵਿੱਚ ਮੁਜਾਰਾ ਅੰਦੋਲਨ, ਵਿਸਵੇਦਾਰਾਂ ਤੋਂ ਜ਼ਮੀਨ ਦੇ ਹੱਕ ਦੀ ਮਾਲਕੀ ਪ੍ਰਾਪਤ ਕਰਨ ਦਾ ਸੀ। ਮੁਜ਼ਾਰਿਆਂ ਨੇ ਇਹ ਅੰਦੋਲਨ ਜਿੱਤਿਆ।

1960ਵਿਆਂ ਵਿੱਚ ਖੁਸ਼ ਹੈਸੀਅਤ) ਟੈਕਸ ਖਿਲਾਫ ਵੱਡਾ ਅੰਦੋਲਨ ਚੱਲਿਆ। ਉਦੋਂ ਮੁੱਖ ਮੰਤਰੀ ਕਾਂਗਰਸੀ ਪ੍ਰਾਪਤ ਕੈਰੋਂ ਸੀ। ਕਿਸਾਨਾਂ ਨੂੰ ਜੇਲ ਜਾਣਾ ਪਿਆ। ਪਰ ਕਿਸਾਨ ਜੇਤੂ ਰਹੇ।

1980ਵਿਆਂ ਵਿੱਚ ਹਰੀ ਕ੍ਰਾਂਤੀ ਤੋਂ ਬਾਅਦ 40 ਹਜ਼ਾਰ ਅੰਦੋਲਨਕਾਰੀ ਕਿਸਾਨਾਂ ਨੇ ਚੰਡੀਗੜ ਵਿੱਚ ਰਾਜਪਾਲ ਦਾ ਘਿਰਾਓ ਕੀਤਾ। ਇਸ ਤੋਂ ਬਾਅਦ ਕਿਸਾਨਾਂ ਦੇ ਹੱਕ ਵਿੱਚ ਫੈਸਲੇ ਹੋਏ ਅਤੇ ਰਿਆਇਤਾਂ ਮਿਲੀਆਂ। ਪਰ 2020 ਵਿੱਚ ਤਿੰਨ ਕਾਲ਼ੇ ਖੇਤੀ ਕਾਨੂੰਨਾਂ ਵਿਰੁੱਧ ਆਰੰਭਿਆ ਕਿਸਾਨ ਅੰਦੋਲਨ, ਜਨ ਅੰਦੋਲਨ ਦਾ ਰੂਪ ਧਾਰਨ ਕਰ ਗਿਆ ਅਤੇ ਕਾਰਪੋਰੇਟਾਂ ਵੱਲੋਂ ਸਰਕਾਰ ਦੀ ਮਿਲੀ ਭੁਗਤ ਕਾਰਨ ਕਿਸਾਨੀ ਜ਼ਮੀਨੀ ਹਥਿਆਉਣ ਦੀ ਕੋਸ਼ਿਸ਼ ਨੂੰ ਅਸਫਲ ਬਣਾ ਗਿਆ।

ਭਾਵੇਂ ਕਿ ਦੇਸ਼ ਭਰ ਵਿੱਚ ਆਜ਼ਾਦੀ ਤੋਂ ਪਹਿਲਾਂ ਕਈ ਕਿਸਾਨੀ ਸੰਘਰਸ਼ ਲੜੇ ਗਏ, ਪਰ ਪੰਜਾਬ ਤੋਂ ਉੱਠਿਆ ਪਹਿਲਾ ਆਧੁਨਿਕ ਸੰਘਰਸ਼ 'ਪਗੜੀ ਸੰਭਾਲ ਜੱਟਾ' ਸੀ। ਇਸ ਤੋਂ ਬਾਅਦ ਚੰਧਾਰਨ ਸਤਿਆਗ੍ਰਹਿ, ਤੇਲੰਗਾਨਾ ਦਾ ਖੇਤੀ ਸੰਘਰਸ਼ ਵਿੱਢੇ ਜਾਂਦੇ ਰਹੇ ਪਰ ਮੌਜੂਦਾ ਕਿਸਾਨੀ ਸੰਘਰਸ਼ ਸਟੇਟ ਅਤੇ ਕਾਰਪੋਰੇਟ ਘਰਾਣਿਆਂ ਵਿਰੁੱਧ ਹੈ, ਜਿਹੜਾ ਕਿਸਾਨਾਂ ਜਥੇਬੰਦੀਆਂ ਨੇ ਇੱਕਮੁੱਠ ਹੋ ਕੇ ਗੋਦੀ ਮੀਡੀਆ ਦੇ ਕੂੜ ਪ੍ਰਚਾਰ, ਮੋਦੀ ਭਗਤਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਜਿੱਤਿਆ ਹੈ।

ਗੋਦੀ ਮੀਡੀਆ ਅਤੇ ਮੋਦੀ ਭਗਤ ਪ੍ਰਧਾਨ ਮੰਤਰੀ ਦਾ ਪ੍ਰਚਾਰ ਸੰਭਾਲਦੇ ਹਨ ਅਤੇ ਉਨਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਦੁਨੀਆ ਉਨਾਂ ਨੂੰ ਚੰਗੀਆਂ, ਸਵੱਲੀਆਂ ਨਜ਼ਰਾਂ ਨਾਲ ਵੇਖੇ। ਉਨਾਂ ਨੂੰ ਵਿਸ਼ਵ ਗੁਰੂ ਸਮਝੇ। ਪਿਛਲੇ ਸਮੇਂ ਵਿੱਚ ਇਹ ਦਿਸਣ ਲੱਗ ਪਿਆ ਸੀ ਕਿ ਪ੍ਰਧਾਨ ਮੰਤਰੀ ਮੋਦੀ ਦੇ ਭਗਤ ਜਨਤਾ ਦੀ ਕਥਿਤ ਸੇਵਾ ਬਦਲੇ ਵਿੱਚ ਮੋਦੀ ਨੂੰ ਇੱਕ ਸਮਰਾਟ ਦੇ ਰੂਪ ਵਿੱਚ ਪੇਸ਼ ਕਰਨਾ ਚਾਹੁੰਦੇ ਸਨ। ਇਸੇ ਕਰਕੇ ਪ੍ਰਧਾਨ ਮੰਤਰੀ ਦੀ ਛਵੀ, ਸ਼ਖਸੀਅਤ ਇੱਕ ਰਾਜਨੇਤਾ ਦੀ ਨਹੀਂ ਇੱਕ ਮਹਾਰਾਜਾ ਦੀ ਬਣ ਗਈ ਸੀ, ਜੋ ਦੇਸ਼ ਲਈ ਵੱਡਾ ਵਿਗਾੜ ਸਾਬਤ ਹੋਈ ਹੈ।

# ਕਿਸਾਨ ਅੰਦੋਲਨ: ਸਦਾਬਹਾਰ ਇਨਕਲਾਬ ਦੀ ਨੀਂਹ ਰੱਖਣ ਦਾ ਇਤਿਹਾਸਕ ਮੌਕਾ

**ਦਵਿੰਦਰ ਸ਼ਰਮਾ**

ਕੇਂਦਰ ਸਰਕਾਰ ਦਾ ਵਿਵਾਦ ਵਾਲੇ ਤਿੰਨ ਖੇਤੀ ਕਾਨੂੰਨ ਮਨਸੂਖ਼ ਕਰਨ ਦਾ ਅਚਨਚੇਤੀ ਫ਼ੈਸਲਾ ਭਾਰਤੀ ਖੇਤੀ ਦੇ ਭਵਿੱਖ ਬਾਰੇ ਨਵੇਂ ਸਿਰਿਉਂ ਸੋਚਣ, ਇਸ ਨੂੰ ਨਵਾਂ ਰੂਪ ਦੇਣ ਤੇ ਮੁੜ ਤਰਾਸ਼ਣ ਅਤੇ ਨਾਲ ਹੀ ਹਮੇਸ਼ਾ ਚੱਲਣ ਵਾਲੇ ਸਦਾਬਹਾਰ ਇਨਕਲਾਬ ਦੀ ਨੀਂਹ ਰੱਖਣ ਦਾ ਇਤਿਹਾਸਕ ਮੌਕਾ ਹੈ। ਜਸ਼ਨਾਂ ਦਾ ਦੌਰ ਮੁੱਕ ਜਾਣ ਤੋਂ ਬਾਅਦ ਸਿਆਸੀ ਲੀਡਰਸ਼ਿਪ ਲਈ ਜ਼ਰੂਰੀ ਹੈ ਕਿ ਉਹ ਆਰਥਿਕ ਢਾਂਚੇ ਦਾ ਖ਼ਾਕਾ ਮੁੜ ਇਸ ਢੰਗ ਨਾਲ ਉਲੀਕੇ ਕਿ ਇਸ ਵਿਚ ਖੇਤੀ ਨੂੰ ਮਾਲੀ ਤਰੱਕੀ ਦਾ ਕੇਂਦਰੀ ਧੁਰਾ ਬਣਾਉਣ ਦੇ ਟੀਚੇ ਨੂੰ ਮੁੱਖ ਰੱਖਿਆ ਜਾਵੇ।

ਨਵਉਦਾਰਵਾਦੀ ਅਰਥ-ਸ਼ਾਸਤਰੀ ਇਸ ਖ਼ਿਲਾਫ਼ ਬੇਸੁਰਾ ਰਾਗ ਅਲਾਪਣਗੇ ਪਰ ਖੇਤੀ ਨੂੰ ਲਾਹੇਵੰਦ, ਮਾਲੀ ਤੌਰ 'ਤੇ ਵਿਹਾਰਕ ਤੇ ਵਾਤਾਵਰਨ ਪੱਖੋਂ ਹੰਢਣਸਾਰ ਬਣਾਉਣਾ ਅੱਜ ਦੇ ਸਮੇਂ ਦੀ ਅਣਸਰਦੀ ਲੋੜ ਹੈ। ਉਸ ਸਮੇਂ ਜਦੋਂ ਸੰਸਾਰ 'ਚ ਗ਼ੈਰ ਸਿਹਤਮੰਦ ਅਤੇ ਗ਼ੈਰ ਟਿਕਾਊ ਖ਼ੁਰਾਕੀ ਢਾਂਚਿਆਂ ਖ਼ਿਲਾਫ਼ ਜਾਗਰੂਕਤਾ ਵਧ ਰਹੀ ਹੈ ਤਾਂ ਭਾਰਤ ਵਿਚ ਇਹ ਸਮਰੱਥਾ ਹੈ ਕਿ ਉਹ ਇਸ ਮੁਤੱਲਕ ਅਜਿਹਾ ਖ਼ਾਕਾ ਮੁਹੱਈਆ ਕਰਵਾ ਸਕਦਾ ਹੈ ਜਿਹੜਾ ਨਾ ਸਿਰਫ਼ ਵਾਤਾਵਰਨ ਪੱਖੋਂ ਸੁਰੱਖਿਅਤ ਹੋ ਸਗੋਂ ਸੰਸਾਰ ਦੇ ਲੋਕਾਂ ਅਤੇ ਇਸ ਧਰਤੀ ਲਈ ਵੀ ਸੁਰੱਖਿਅਤ ਹੋਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਖੇਤੀਬਾੜੀ ਵਿਚ ਤਜਵੀਜ਼ਸ਼ੁਦਾ ਮੰਡੀ ਸੁਧਾਰਾਂ ਨੂੰ ਵਾਪਸ ਲੈਣ ਦੀ ਦੇਰ ਨਾਲ ਹੀ ਸਹੀ ਪਰ ਦਲੇਰਾਨਾ ਪਹਿਲਕਦਮੀ ਨਾਲ ਸੁਧਾਰਮੁਖੀ ਖੇਤੀ ਵੱਲ ਪਹਿਲੀ ਪੁਲਾਂਘ ਪਹਿਲਾਂ ਹੀ ਭਰ ਲਈ ਗਈ ਹੈ।

ਸੁਧਾਰਮੁਖੀ ਇਸ ਲਈ ਆਖਿਆ ਜਾ ਰਿਹਾ ਹੈ ਕਿਉਂਕਿ ਖੇਤੀਬਾੜੀ ਵਿਚ ਤਜਵੀਜ਼ਸ਼ੁਦਾ ਮੰਡੀ ਸੁਧਾਰ ਪਹਿਲਾਂ ਹੀ ਦੁਨੀਆ ਭਰ ਦੇ ਮੁਲਕਾਂ ਤੇ ਮਹਾਂਦੀਪਾਂ ਵਿਚ ਨਾਕਾਮਯਾਬ ਹੋ ਚੁੱਕੇ ਹਨ। ਅਮਰੀਕਾ ਤੋਂ ਲੈ ਕੇ ਆਸਟਰੇਲੀਆ ਤੱਕ ਅਤੇ ਚਿਲੀ ਤੋਂ ਲੈ ਕੇ ਫਿਲਪੀਨਜ਼ ਤੱਕ ਬਾਜ਼ਾਰ ਨੇ ਮੌਜੂਦਾ ਖੇਤੀ ਸੰਕਟ ਵਿਚ ਹੋਰ ਵਾਧਾ ਹੀ ਕੀਤਾ ਹੈ। ਜਿਸ ਬਾਜ਼ਾਰ ਨੇ ਅਮਰੀਕਾ, ਕੈਨੇਡਾ ਅਤੇ ਹੋਰ ਕਿਤੇ ਵੀ ਸਿਰਫ਼ ਕਰਜ਼ਿਆਂ ਦੀ ਪੰਡ ਹੀ ਵੱਡੀ ਕੀਤੀ, ਛੋਟੇ ਕਿਸਾਨਾਂ ਨੂੰ ਖੇਤੀ ਤੋਂ ਲਾਂਭੇ ਕਰਨ ਵਿਚ ਸਫਲਤਾ ਹਾਸਲ ਕੀਤੀ ਅਤੇ ਇਸ ਨੇ ਖੇਤੀ ਨੂੰ ਗਰੀਨ ਹਾਊਸ ਗੈਸਾਂ ਦੀ ਪੈਦਾਵਾਰ ਵਿਚ ਮੁੱਖ ਯੋਗਦਾਨ ਪਾਉਣ ਵਾਲੀ ਬਣਾ ਦਿੱਤਾ, ਤਾਂ ਇਹ ਭਰੋਸਾ ਕਰਨਾ ਮਹਿਜ਼ ਭੁਲੇਖਾ ਹੀ ਹੈ ਕਿ ਇਸੇ ਬਾਜ਼ਾਰ ਪ੍ਰਬੰਧ ਨਾਲ ਭਾਰਤ ਵਿਚ ਕੋਈ ਕ੍ਰਿਸ਼ਮਾ ਹੋ ਜਾਵੇਗਾ। ਉੱਤਰੀ ਅਮਰੀਕਾ ਮਹਾਂਦੀਪ (ਅਮਰੀਕਾ ਤੇ ਕੈਨੇਡਾ ਮੁਲਕਾਂ) ਵਿਚ ਭਾਰੀ ਨਿਵੇਸ਼ ਦੇ ਬਾਵਜੂਦ, ਤਕਨੀਕੀ ਵਿਕਾਸ, ਉਚੇਰੀ ਉਤਪਾਦਕਤਾ ਅਤੇ ਬਹੁਤ ਹੀ ਮਹੀਨ ਕੌਮਾਂਤਰੀ ਕੀਮਤ ਲੜੀਆਂ ਦੇ ਬਾਵਜੂਦ, ਖੇਤੀਬਾੜੀ ਤੋਂ ਆਮਦਨ ਵਿਚ ਬੀਤੇ 150 ਸਾਲਾਂ ਤੋਂ ਭਾਰੀ ਗਿਰਾਵਟ ਹੀ ਆ ਰਹੀ ਹੈ। ਅਮਰੀਕੀ ਖੇਤੀਬਾੜੀ ਵਿਭਾਗ ਨੇ 2018 ਵਿਚ ਹਿਸਾਬ ਲਾਇਆ ਸੀ ਕਿ ਸਿਰੇ ਦੇ ਖਪਤਕਾਰ ਮੁੱਲ ਦੇ ਇਕ ਡਾਲਰ ਵਿਚ ਕਿਸਾਨਾਂ ਦਾ ਹਿੱਸਾ ਘਟ ਕੇ ਮਹਿਜ਼ 8 ਸੈਂਟ (ਇਕ ਰੁਪਏ ਵਿਚੋਂ 8 ਪੈਸੇ) ਰਹਿ ਗਿਆ ਹੈ ਅਤੇ ਇਹ ਹਾਲਾਤ ਉਨਾਂ ਨੂੰ ਇਕ ਤਰਾਂ ਖ਼ਾਤਮੇ ਵੱਲ ਧੱਕ ਰਹੇ ਹਨ।

ਖੇਤੀ ਕਾਨੂੰਨ ਵਾਪਸ ਲੈਣ ਦਾ ਫ਼ੈਸਲਾ ਭਾਵੇਂ ਆਗਾਮੀ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਕੀਤਾ ਗਿਆ ਹੈ ਅਤੇ ਭਾਵੇਂ ਆਰਥਿਕ ਕਾਰਨਾਂ ਕਰ ਕੇ ਪਰ ਹੁਣ ਜਦੋਂ ਬਾਜ਼ਾਰ ਸੰਸਾਰ ਵਿਚ ਕਿਤੇ ਵੀ ਖੇਤੀ ਆਮਦਨ ਵਿਚ ਇਜ਼ਾਫ਼ਾ ਕਰਨ ਪੱਖੋਂ ਨਾਕਾਮੀ ਜਨਤਕ ਬਹਿਸ ਦਾ ਮੁੱਦਾ ਹੈ ਤਾਂ ਇਨਾਂ ਕਥਿਤ ਬਾਜ਼ਾਰ ਸੁਧਾਰਾਂ ਨੂੰ ਰੱਦ ਕਰ ਦਿੱਤੇ ਜਾਣ ਨਾਲ ਖੇਤੀ ਦੀ ਸੁਰਜੀਤੀ ਅਤੇ ਖੇਤੀ ਦੇ ਮਾਣ ਨੂੰ ਵਾਪਸ ਲਿਆਉਣ ਦਾ ਰਾਹ ਪੱਧਰਾ ਹੋਵੇਗਾ। ਦਿੱਲੀ ਦੇ ਬਾਰਡਰਾਂ ਉਤੇ ਅੰਦੋਲਨਕਾਰੀ ਕਿਸਾਨਾਂ ਨੇ ਦਲੇਰੀ ਤੇ ਦ੍ਰਿੜਤਾ ਨਾਲ ਸਖ਼ਤ ਮੌਸਮ, ਮੀਂਹ-ਹਨੇਰੀਆਂ, ਸਰਦੀਆਂ ਗਰਮੀਆਂ ਦੀ ਮਾਰ ਝੱਲਦੇ ਹੋਏ ਅੰਦੋਲਨ ਜਾਰੀ ਰੱਖ ਕੇ ਕਾਸ਼ਤਕਾਰ ਭਾਈਚਾਰੇ ਦੀ ਦੁਰਦਸ਼ਾ ਪ੍ਰਤੀ ਸਾਰੇ ਮੁਲਕ ਦਾ ਧਿਆਨ ਖਿੱਚਿਆ ਹੈ। ਹੁਣ ਸਮੇਂ ਦੀ ਲੋੜ ਹੈ ਕਿ ਨੀਤੀ ਨਿਰਮਾਣ ਦੇ ਪੱਧਰ ਤੇ ਇਸ ਸਾਰੇ ਮਾਮਲੇ ਬਾਰੇ ਸੋਚਿਆ ਜਾਵੇ ਅਤੇ ਮਜ਼ਬੂਤ ਤੇ ਸਿਹਤਮੰਦ ਕਾਸ਼ਤਕਾਰੀ ਢਾਂਚਾ ਕਾਇਮ ਕੀਤਾ ਜਾਵੇ ਜਿਹੜਾ ਚਿਰ-ਸਥਾਈ ਹੋਵੇ ਅਤੇ ਖੇਤੀ ਨਾਲ ਜੁੜੀ ਅਬਾਦੀ ਦੀਆਂ ਮੁਸ਼ਕਿਲਾਂ ਦਾ ਅੰਤ ਕਰ ਸਕੇ।



ਕੇਂਦਰ ਸਰਕਾਰ ਵੱਲੋਂ ਖੇਤੀ ਕਾਨੂੰਨ ਵਾਪਸ ਲੈਣ ਦੇ ਫ਼ੈਸਲੇ ਨਾਲ ਇਹ ਲੜਾਈ ਅਜੇ ਅੱਧੀ ਹੀ ਜਿੱਤੀ ਗਈ ਹੈ। ਕਾਨੂੰਨ ਵਾਪਸ ਲੈਣ ਦਾ ਮਤਲਬ ਹੈ ਕਿ ਅਸੀਂ ਮੁੜ ਪਹਿਲਾਂ ਵਾਲੀ ਥਾਂ 'ਤੇ ਜਾ ਪੁੱਜੇ ਹਾਂ, ਜਿਥੇ ਸਾਨੂੰ ਉਸ ਭਿਆਨਕ ਖੇਤੀ ਸੰਕਟ ਤੋਂ ਕੋਈ ਰਾਹਤ ਨਹੀਂ ਮਿਲਦੀ ਜਿਸ ਨਾਲ ਕਿਸਾਨ ਜੂਝ ਰਹੇ ਸਨ। ਇਹ ਯਕੀਨਨ ਪਹਿਲੇ ਗੇੜ ਵਿਚ ਕਿਸਾਨਾਂ ਦੀ ਜਿੱਤ ਹੈ ਪਰ ਅਜੇ ਲੰਮੀ ਦੌੜ ਬਾਕੀ ਹੈ। ਜਦੋਂ ਤੱਕ ਕਿਸਾਨਾਂ ਨੂੰ ਗੁਜ਼ਾਰੇ ਜੋਗੀ ਆਮਦਨ ਦਾ ਭਰੋਸਾ ਨਹੀਂ ਦਿੱਤਾ ਜਾਂਦਾ, ਉਦੋਂ ਤੱਕ ਸਪਲਾਈ-ਮੰਗ ਦੇ ਸਿਧਾਂਤ ਵੀ ਕਿਸਾਨਾਂ ਦੀ ਲੁੱਟ-ਖਸੁੱਟ ਦਾ ਹੀ ਕਾਰਨ ਬਣਦੇ ਰਹਿਣਗੇ, ਭਾਵੇਂ ਬਹੁਤੇ ਅਰਥ-ਸ਼ਾਸਤਰੀਆਂ ਦਾ ਖਿਆਲ ਹੈ ਕਿ ਇਨਾਂ ਨਾਲ ਹੀ ਕੀਮਤਾਂ ਤੈਅ ਹੁੰਦੀਆਂ ਹਨ ਤੇ ਅੱਗੇ ਵਧਦੀਆਂ ਹਨ।

ਖੇਤੀ ਆਮਦਨ ਯਕੀਨੀ ਬਣਾਏ ਬਿਨਾ ਖ਼ੁਰਾਕੀ ਢਾਂਚੇ ਵਿਚ ਤਬਦੀਲੀਆਂ ਹੋ ਹੀ ਨਹੀਂ ਸਕਦੀਆਂ। ਇਹੋ ਉਹ ਸੁਧਾਰ ਹਨ ਜਿਨਾਂ ਦੀ ਨਾ ਸਿਰਫ਼ ਭਾਰਤ ਸਗੋਂ ਸਾਰੇ ਸੰਸਾਰ ਵਿਚ ਵੀ ਬਹੁਤ ਜ਼ਿਆਦਾ ਲੋੜ ਹੈ।

ਸਰਕਾਰ ਵੱਲੋਂ 23 ਖੇਤੀ ਜਿਣਸਾਂ ਲਈ ਐਲਾਨੇ ਜਾਂਦੇ ਘੱਟੋ-ਘੱਟ ਸਮਰਥਨ ਮੁੱਖ (ਐੱਮਐੱਸਪੀ) ਦੇ ਮੁਕਾਬਲੇ ਕਿਸਾਨਾਂ ਨੂੰ ਬਾਜ਼ਾਰ ਵਿਚ ਔਸਤ ਕੀਮਤ 40 ਫ਼ੀਸਦ ਘੱਟ ਮਿਲਦੀ ਹੈ ਅਤੇ ਇਸ ਤਰਾਂ ਕਿਸਾਨਾਂ ਦੀ ਫ਼ਸਲਾਂ ਦੀ ਪੈਦਾਵਾਰ ਲਈ ਲਾਈ ਲਾਗਤ ਵੀ ਪੂਰੀ ਨਹੀਂ ਹੁੰਦੀ। ਜਦੋਂ ਕਿਸਾਨ ਆਪਣੀਆਂ ਫ਼ਸਲਾਂ ਦੀ ਵਾਢੀ ਕਰ ਰਿਹਾ ਹੁੰਦਾ ਹੈ ਤਾਂ ਉਸ ਨੂੰ ਇਹ ਪਤਾ ਵੀ ਨਹੀਂ ਹੁੰਦਾ ਕਿ ਉਹ ਅਸਲ ਵਿਚ ਘਾਟੇ ਦੀ ਵਾਢੀ ਕਰ ਰਿਹਾ ਹੁੰਦਾ ਹੈ। ਦੇਸ਼ ਦੇ ਜਿਨਾਂ ਖ਼ਿੱਤਿਆਂ ਵਿਚ ਕਣਕ ਤੇ ਝੋਨੇ ਲਈ ਐੱਮਐੱਸਪੀ ਢਾਂਚਾ ਲਾਗੂ ਹੈ, ਉਨਾਂ ਨੂੰ ਛੱਡ ਕੇ ਬਾਕੀ ਮੁਲਕ ਦੇ ਕਿਸਾਨਾਂ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਉਨਾਂ ਨੂੰ ਕਿਸ ਚੀਜ਼ ਤੋਂ ਵਾਂਝੇ ਕੀਤਾ ਜਾ ਰਿਹਾ ਹੈ। ਇਹ ਗੱਲ ਆਰਥਿਕ ਸਰਵੇ-2016 ਨੇ ਵੀ ਮੰਨੀ ਸੀ, ਜਦੋਂ ਇਸ ਵਿਚ ਆਖਿਆ ਗਿਆ ਸੀ ਕਿ ਦੇਸ਼ ਦੇ 17 ਸੂਬਿਆਂ ਜੋ ਕੁੱਲ ਮਿਲਾ ਕੇ ਦੇਸ਼ ਦਾ ਅੱਧਾ ਹਿੱਸਾ ਬਣਦਾ ਹੈ, ਵਿਚ ਔਸਤ ਖੇਤੀ ਆਮਦਨ ਮਹਿਜ਼ 20 ਹਜ਼ਾਰ ਰੁਪਏ ਸਾਲਾਨਾ ਹੈ। ਦਸ਼ਾ ਬਾਰੇ ਮੁਲਾਂਕਣ ਸਰਵੇ-2019 ਵਿਚ ਪਾਇਆ ਗਿਆ ਸੀ ਕਿ ਫ਼ਸਲਾਂ ਦੇ ਝਾੜ ਤੋਂ ਔਸਤ ਖੇਤੀ ਆਮਦਨ ਮਹਿਜ਼ 27 ਰੁਪਏ ਰੋਜ਼ਾਨਾ ਬਣਦੀ ਹੈ।

ਐੱਮਐੱਸਪੀ ਨੂੰ ਕਿਸਾਨਾਂ ਦਾ ਕਾਨੂੰਨੀ ਹੱਕ ਬਣਾਉਣਾ ਹੀ ਅਜਿਹਾ ਹਕੀਕੀ ਸੁਧਾਰ ਹੈ ਜਿਸ ਦੀ ਭਾਰਤੀ ਖੇਤੀ ਨੂੰ ਭਾਰੀ ਲੋੜ ਹੈ। ਇਸ ਦਾ ਮਤਲਬ ਹੋਵੇਗਾ ਕਿ ਐੱਮਐੱਸਪੀ ਤਹਿਤ ਮਿਥੀ ਕੀਮਤ ਤੋਂ ਘੱਟ ਕੀਮਤ ਉਤੇ ਖੇਤੀ ਜਿਣਸਾਂ ਦੀ ਕੋਈ ਖ਼ਰੀਦ ਨਹੀਂ ਹੋਵੇਗੀ। ਇਹ ਸੁਧਾਰਮੁਖੀ ਖੇਤੀ ਦੀ ਦਿਸ਼ਾ ਵਿਚ ਦੂਜਾ ਕਦਮ ਹੋਵੇਗਾ। ਜਦੋਂ ਕਿਸਾਨਾਂ ਦੀਆਂ ਜੇਬਾਂ ਵਿਚ ਜ਼ਿਆਦਾ ਪੈਸੇ ਆਉਣਗੇ ਤਾਂ ਨਾ ਸਿਰਫ਼ ਖੇਤੀ ਹੀ ਮਾਲੀ ਤੌਰ ਤੇ ਵਿਹਾਰਕ ਹੋ ਜਾਵੇਗੀ ਸਗੋਂ ਦੇਸ਼ ਦੀ ਜੀਡੀਪੀ ਨੂੰ ਵੀ ਹੁਲਾਰਾ ਮਿਲੇਗਾ। ਇਸ ਨਾਲ ਪੇਂਡੂ ਰੁਜ਼ਗਾਰਾਂ ਨੂੰ ਮਜ਼ਬੂਤੀ ਮਿਲੇਗੀ ਤੇ ਸ਼ਹਿਰਾਂ ਉਤੇ ਰੁਜ਼ਗਾਰ ਦਾ ਦਬਾਅ ਘਟੇਗਾ ਅਤੇ ਨਾਲ ਹੀ ਇਸ ਸਦਕਾ ਪੇਂਡੂ ਖੇਤਰ ਵਿਚ ਭਾਰੀ ਮੰਗ ਪੈਦਾ ਹੋਵੇਗੀ ਜਿਸ ਨਾਲ ਪੇਂਡੂ ਅਰਥਚਾਰੇ ਦਾ ਕਾਇਆ ਕਲਪ ਹੋ ਜਾਵੇਗਾ।

ਅੱਜ ਜ਼ਰੂਰਤ ਹੈ ਕਿ ਮੁਲਕ ਦੇ ਉਸ ਨੁਕਸਦਾਰ ਆਰਥਿਕ ਢਾਂਚੇ ਨੂੰ ਬਦਲ ਦਿੱਤਾ ਜਾਵੇ ਜਿਹੜਾ ਸਿਰਫ਼ ਸਨਅਤਾਂ ਨੂੰ ਫ਼ਾਇਦਾ ਪਹੁੰਚਾਉਣ ਲਈ ਖੇਤੀ ਦੀ ਕੀਮਤ ਉਤੇ ਉਸਾਰਿਆ ਗਿਆ ਹੈ। ਇਸ ਨੂੰ ਅਜਿਹੇ ਅਰਥਚਾਰੇ ਵਿਚ ਬਦਲ ਦਿੱਤਾ ਜਾਣਾ ਚਾਹੀਦਾ ਹੈ ਜਿਹੜਾ ਲੋਕਾਂ ਲਈ ਕੰਮ ਕਰੇ ਜਿਸ ਵਿਚ ਮਨੁੱਖੀ ਪੂੰਜੀ ਦਾ ਨਿਵੇਸ਼ ਹੋਵੇ।

ਉਂਜ ਐੱਮਐੱਸਪੀ ਦੀ ਗਾਰੰਟੀ ਦਿੱਤੇ ਜਾਣ ਦੇ ਬਾਵਜੂਦ ਆਬਾਦੀ ਦਾ ਵੱਡਾ ਹਿੱਸਾ ਇਸ ਦੇ ਘੇਰੇ ਤੋਂ ਬਾਹਰ ਰਹਿ ਜਾਵੇਗਾ। ਇਹੋ ਜਿਹੇ ਛੋਟੇ ਤੇ ਹਾਸ਼ੀਆਗਤ ਕਿਸਾਨ ਜਿਨਾਂ ਕੋਲ ਮੰਡੀ ਵਿਚ ਵੇਚਣ ਲਈ ਜਿਣਸਾਂ ਨਹੀਂ ਬਚਦੀਆਂ ਪਰ ਉਹ ਪਰਿਵਾਰਕ ਖ਼ੁਰਾਕ ਸੁਰੱਖਿਆ ਬਣਾਈ ਰੱਖਣ ਦੇ ਪੱਖ ਤੋਂ ਬਹੁਤ ਅਹਿਮ ਹਨ, ਉਨਾਂ ਦੀ ਪ੍ਰਧਾਨ ਮੰਤਰੀ ਕਿਸਾਨ ਨਿਧੀ ਸਕੀਮ ਤਹਿਤ ਰਾਹਤ ਹਾਸਲ ਕਰਨ ਦੀ ਹੱਕਦਾਰੀ ਵਿਚ ਵੀ ਇਸੇ ਹਿਸਾਬ ਨਾਲ ਵਾਧਾ ਕੀਤਾ ਜਾਣਾ ਚਾਹੀਦਾ ਹੈ।

ਦੇਸ਼ ਵਿਚ ਕਿਸਾਨਾਂ ਦਾ ਮੌਜੂਦਾ ਅੰਦੋਲਨ ਸੰਭਵ ਤੌਰ ਤੇ ਦੁਨੀਆ ਭਰ ਦਾ ਅਜਿਹਾ ਸਭ ਤੋਂ ਵੱਡਾ ਤੇ ਸਭ ਤੋਂ ਲੰਮਾ ਸਮਾਂ ਚੱਲਣ ਵਾਲਾ ਅੰਦੋਲਨ ਹੈ ਅਤੇ ਇਸ ਨੇ ਦੁਨੀਆ ਭਰ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਸ ਤਹਿਤ ਕਿਸਾਨ ਵੇਲਾ ਵਿਹਾਅ ਚੁੱਕੀ ਉਸ ਆਰਥਿਕ ਸੋਚ ਨੂੰ ਵੰਗਾਰਨ ਵਿਚ ਕਾਮਯਾਬ ਹੋਏ ਹਨ ਜਿਹੜੀ ਖੇਤੀ ਨੂੰ ਕੰਗਾਲੀ ਦੀ ਹਾਲਤ ਵਿਚ ਰੱਖਣ ਉਤੇ ਹੀ ਟਿਕੀ ਹੋਈ ਸੀ। ਇਹ ਕੋਈ ਛੋਟੀ ਪ੍ਰਾਪਤੀ ਨਹੀਂ ਹੈ; ਜੇ ਇਸ ਦਾ ਇਮਾਨਦਾਰੀ ਨਾਲ ਮੁਲੰਕਣ ਕੀਤਾ ਜਾਵੇ ਤਾਂ ਆਖਿਆ ਜਾ ਸਕਦਾ ਹੈ ਕਿ ਇਸ ਵਿਚ ਸਦਾਬਹਾਰ ਇਨਕਲਾਬ ਦੇ ਬੀਜ ਬੀਜਣ ਦੀ ਸਮਰੱਥਾ ਹੈ। ਇਹ ਵਿਚਾਰ ਖੇਤੀ ਸਾਇੰਸਦਾਨ ਡਾ. ਐੱਮਐੱਸ ਸਵਾਮੀਨਾਥਨ ਨੇ ਦਿੱਤਾ ਸੀ ਜਿਸ ਵਿਚ ਅਜਿਹੇ ਉਤਪਾਦਕ ਢਾਂਚੇ ਦੀ ਗੱਲ ਕੀਤੀ ਗਈ ਹੈ ਜਿਹੜਾ ਰਵਾਇਤੀ ਖੇਤੀ ਦੇ ਗਿਆਨ ਦਾ ਅਤੇ ਉਪਲਬਧ ਜੈਵਿਕ ਵੰਨ-ਸਵੰਨਤਾ ਦਾ ਇਸਤੇਮਾਲ ਕਰਦਾ ਹੈ ਅਤੇ ਖੇਤੀ ਦੇ ਅਜਿਹੇ ਢੰਗ-ਤਰੀਕੇ ਅਪਨਾਉਂਦਾ ਹੈ ਜਿਨਾਂ ਤੋਂ ਵਾਤਾਵਰਨ ਨੂੰ ਕੋਈ ਨੁਕਸਾਨ ਨਾ ਪੁੱਜੇ।

ਖੇਤੀ ਢਾਂਚੇ ਨੂੰ ਨਵਾਂ ਰੂਪ ਦੇਣਾ, ਕਿਸਾਨਾਂ ਨੂੰ ਬਾਜ਼ਾਰਾਂ ਦੇ ਕਰੀਬ ਲਿਆਉਣਾ ਅੱਜ ਦੇ ਸਮੇਂ ਦੀ ਅਣਸਰਦੀ ਲੋੜ ਹੈ ਅਤੇ ਨਾਲ ਹੀ ਅਜਿਹੀ ਖ਼ੁਰਾਕ ਵੰਡ ਪ੍ਰਣਾਲੀ ਵੀ ਲਾਜ਼ਮੀ ਵਿਕਸਿਤ ਕੀਤੀ ਜਾਣੀ ਚਾਹੀਦੀ ਹੈ ਜਿਹੜੀ ਆਮ ਲੋਕਾਂ ਤੇ ਪਰਿਵਾਰਾਂ ਦੀ ਪੋਸ਼ਣ ਸੁਰੱਖਿਆ ਯਕੀਨੀ ਬਣਾਵੇ ਪਰ ਇਹ ਟੀਚੇ ਉਨਾਂ ਲੋਕਾਂ ਵੱਲੋਂ ਸਰ ਨਹੀਂ ਕੀਤੇ ਜਾ ਸਕਦੇ ਜਿਨਾਂ ਨੇ ਖ਼ੁਦ ਇਹ ਸੰਕਟ ਪੈਦਾ ਕੀਤਾ ਹੈ। ਇਸ ਲਈ ਨਵੇਂ ਸਿਰਿਉਂ ਸੋਚਣ ਤੇ ਵਿਚਾਰਨ ਦੀ ਲੋੜ ਹੈ। ਇਸ ਨੂੰ ਸੰਭਵ ਬਣਾਉਣ ਲਈ ਜ਼ਰੂਰੀ ਹੈ ਕਿ ਅਸੀਂ ਪਹਿਲੇ ਕਦਮ ਵਜੋਂ ਕਿਸਾਨਾਂ ਨੂੰ ਗੁਜ਼ਾਰੇ ਜੋਗੀ ਆਮਦਨ ਮੁਹੱਈਆ ਕਰਾਉਣ ਨਾਲ ਸ਼ੁਰੂਆਤ ਕਰੀਏ।

# ਅੰਦੋਲਨਕਾਰੀ ਕਿਸਾਨਾਂ ਨੂੰ ਪਹਿਲੀ ਜਿੱਤ ਤੇ ਵਧਾਈ, ਸਰਕਾਰ ਬਾਕੀ ਮੰਗਾ ਵਲ ਵੀ ਦੇਵੇ ਧਿਆਨ: ਪ੍ਰੀਤ ਕੌਰ ਗਿੱਲ

## ਹਿੰਦੁਸਤਾਨ ਦਾ ਕਿਸਾਨ ਅੰਦੋਲਨ ਸਭ ਤੋਂ ਵੱਡਾ ਸਮਾਜਿਕ ਅੰਦੋਲਨ

**ਅੰਮ੍ਰਿਤਸਰ ਟਾਈਮਜ਼/ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):-** ਪਿਛਲੇ ਇਕ ਸਾਲ ਤੋਂ ਚੱਲ ਰਿਹਾ ਕਿਸਾਨ ਅੰਦੋਲਨ ਦੀ ਪਹਿਲੀ ਜਿੱਤ ਜਿਸ ਵਿਚ ਤਿੰਨ ਖੇਤੀ ਵਿਰੋਧੀ ਕਾਨੂੰਨਾਂ ਦੇ ਸੰਸਦ ਵਿਚ ਰੱਦ ਹੋਣ 'ਤੇ ਦੇਸ਼ ਹੀ ਨਹੀਂ ਵਿਦੇਸ਼ਾਂ ਵਿਚ ਵੀ ਖੁਸ਼ੀ ਜ਼ਾਹਰ ਕੀਤੀ ਜਾ ਰਹੀ ਹੈ।ਯੂ. ਕੇ. ਦੀ ਸਿੱਖ ਐੱਮ. ਪੀ. ਪ੍ਰੀਤ ਕੌਰ ਗਿੱਲ ਨੇ ਤਿੰਨਾਂ ਖੇਤੀ ਕਾਨੂੰਨਾਂ ਦੇ ਰੱਦ ਹੋਣ 'ਤੇ ਗੱਲਬਾਤ ਕਰਦਿਆਂ ਕਿਹਾ ਕਿ 'ਹਿੰਦੁਸਤਾਨ ਦਾ ਕਿਸਾਨ ਅੰਦੋਲਨ ਸਭ ਤੋਂ ਵੱਡਾ ਸਮਾਜਿਕ ਅੰਦੋਲਨ ਹੈ ਜੋ ਅਸੀਂ ਦੇਖਿਆ ਹੈ। ਕੋਰੋਨਾ ਮਹਾਮਾਰੀ ਦੌਰਾਨ ਅਤੇ ਉਥੇ ਆਂ ਰਹੀਆਂ ਹੋਰ ਔਕੜਾਂ ਦੌਰਾਨ ਵੀ ਕਿਸਾਨ ਪਿੱਛੇ ਨਹੀਂ ਹਟੇ, ਬੁਲੰਦ ਹੌਸਲਿਆਂ ਨਾਲ ਹਾਲੇ ਤਕ ਉਥੇ ਬੈਠੇ ਹਨ, ਅਸੀਂ ਉਨਾਂ ਦੇ ਹੌਸਲੇ ਨੂੰ ਸਲਾਮ ਕਰਦੇ ਹਾਂ।' ਉਨਾਂ ਅੱਗੇ



ਕਿਹਾ ਕਿ ੨੯ ਨਵੰਬਰ ਨੂੰ ਹਿੰਦੁਸਤਾਨੀ ਸੰਸਦ ਦੇ ਸਰਦ ਰੁੱਤ ਸੈਸ਼ਨ ਦਾ ਪਹਿਲਾਂ ਦਿਨ ਸੀ। ਇਸ ਦੌਰਾਨ ਇਨਾਂ ਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਲਈ ਸਰਕਾਰ ਦਾ ਬਹੁਤ ਧੰਨਵਾਦ ਅਤੇ ਹੁਣ ਸਰਕਾਰ ਕਿਸਾਨਾਂ ਦੀਆਂ ਬਾਕੀ ਰਹਿ ਗਈ ਮੰਗਾ ਵਲ ਵੀ ਧਿਆਨ ਦੇਕੇ ਜਲਦ ਤੋਂ ਜਲਦ ਮਸਲੇ ਨੂੰ ਖ਼ਤਮ ਕਰੇ ਜਿਸ ਨਾਲ ਇਕ ਸਾਲ ਤੋਂ ਵੱਧ ਸਮੇਂ ਤੋਂ ਆਪਣੀ ਜਮਹੂਰੀ ਮੰਗਾ ਲਈ ਘਰ ਬਾਰ ਛੱਡ ਕੇ ਬੈਠੇ ਕਿਸਾਨ ਆਪਣੇ ਘਰਾਂ ਨੂੰ ਪਰਤਣ । ਜਿਕਰਯੋਗ ਹੈ ਕਿ ਬੀਤੀ ੧੯ ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਇਹ ਕਹਿੰਦਿਆਂ ਕਿ ਅਸੀ ਖੇਤੀ ਕਾਨੂੰਨਾਂ ਬਾਰੇ ਕਿਸਾਨਾਂ ਨੂੰ ਸਮਝਾਣ ਵਿਚ ਨਾਕਾਮ ਰਹੇ ਹਾਂ, ਤਿੰਨੋ ਕਾਨੂੰਨ ਵਾਪਿਸ ਲਏ ਜਾ ਰਹੇ ਹਨ।

# ਬੀਤੇ ਦਿਨ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਨੇ ਕੀਤੇ ਐਲਾਨ

## ਕੈਨੇਡਾ ਦੇ ਵਿਦੇਸ਼ੀ ਵਿਦਿਆਰਥੀਆਂ ਲਈ ਵਰਕ ਪਰਮਿਟ ਲੈਣ ਦਾ ਮਿਲੇਗਾ ਸੌਖਾ ਮੌਕਾ

**ਟੋਰਾਂਟੋ/ਏ.ਟੀ.ਨਿਊਜ਼ :** ਬੀਤੇ ਦਿਨ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਵਲੋਂ ਕੀਤੇ ਐਲਾਨ ਮੁਤਾਬਕ ਵਿਦੇਸ਼ੀ ਵਿਦਿਆਰਥੀਆਂ ਨੂੰ ਆਨਲਾਈਨ ਪੜਾਈ ਪੂਰੀ ਕਰਨ ਮਗਰੋਂ ਓਪਨ ਵਰਕ ਪਰਮਿਟ ਲੈਣ ਦਾ ਸੌਖਾ ਮੌਕਾ ਮਿਲੇਗਾ। ਇਮੀਗ੍ਰੇਸ਼ਨ ਮੰਤਰੀ ਸ਼ੀਨ ਫਰੇਜ਼ਰ ਨੇ ਕਿਹਾ ਕਿ ਕੋਰੋਨਾ ਵਾਇਰਸ ਦੀਆਂ ਰੁਕਾਵਟਾਂ ਕਾਰਨ ਅਜੇ ਦੇਸ਼ ਅਤੇ ਵਿਦੇਸ਼ਾਂ ਵਿਚ ਸਫਰ ਕਰਨਾ ਸੁਰੱਖਿਅਤ ਨਹੀਂ ਹੈ ਜਿਸ ਕਰਕੇ ਕੈਨੇਡਾ ਵਿਚ ਮਾਨਤਾ ਪ੍ਰਾਪਤ ਵਿੱਦਿਅਕ ਅਦਾਰਿਆਂ ਵਿਚ ਦਾਖਲਾ ਲੈ ਕੇ ਵਿਦੇਸ਼ਾਂ ਵਿਚ ਆਪਣੇ ਘਰਾਂ ਤੋਂ ਪੜਾਈ ਪੂਰੀ ਕਰਨ ਵਾਲੇ ਵਿਦਿਆਰਥੀਆਂ ਦੀ ਸਹੂਲਤ ਲਈ ਵਰਕ ਪਰਮਿਟ ਦੀਆਂ ਸ਼ਰਤਾਂ ਦਾ ਲਚਕਦਾਰ ਹੋਣਾ ਜ਼ਰੂਰੀ ਹੈ।

ਉਨਾਂ ਨੇ ਕਿਹਾ ਕਿ ਇਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਸਟੱਡੀ ਪਰਮਿਟ ਦੀ ਅਰਜੀ ਸਵੀਕਾਰ ਕਰਨ ਮਗਰੋਂ ਆਨਲਾਈਨ ਪੜਾਈ ਪੂਰੀ ਕਰਕੇ 31 ਅਗਸਤ, 2022 ਤੱਕ ਕੈਨੇਡਾ ਵਿਚ ਆਉਣ ਵਾਲੇ ਵਿਦਿਆਰਥੀ ਆਪਣਾ ਓਪਨ ਵਰਕ ਪਰਮਿਟ ਲੈਣ ਦੇ ਯੋਗ ਸਮਝੇ ਜਾਣਗੇ। ਹੁਣ ਤੱਕ ਇਹ ਸਮਾਂ ਸੀਮਾ 31 ਦਸੰਬਰ, 2021 ਤੱਕ ਸੀ।




# ਪਿੰਡਾਂ ਵਾਲਾ ਰੰਗਲਾ ਬਚਪਨ



**ਮਾਸਟਰ ਸੰਜੀਵ ਧਰਮਾਣੀ**
**੯੪੭੮੫੬੧੩੫੬**

ਜਦੋਂ ਗੱਲ ਪਿੰਡਾਂ ਦੀ ਹੋਵੇ ਤਾਂ ਅਕਸਰ ਹੀ ਪਿੱਪਲ, ਬੋਹੜ, ਖੂਹ, ਗਲੀਆਂ, ਖੁੱਲੇ-ਡੁੱਲੇ ਹਰਿਆਵਲੇ ਖੇਤ, ਬਲ਼ਦ, ਬੈਲਗੱਡੀਆਂ, ਸੁਹਾਗੇ, ਦੌਣ ਵਾਲੇ ਮੰਜੇ, ਛੱਪੜ, ਟੋਭੇ, ਮੱਝਾਂ, ਸੱਥਾਂ, ਖਾਲ਼ਿਆਂ, ਕੁੱਪ, ਕੁੰਨੂ, ਚਾਟੀਆਂ, ਮਧਾਣੀਆਂ ਤੇ ਪਿੰਡਾਂ ਵਿਚਲੇ ਧਰਮ-ਅਸਥਾਨਾਂ ਦੀ ਯਾਦ ਤੇ ਦ੍ਰਿਸ਼ ਅੱਖਾਂ ਦੇ ਸਾਹਮਣੇ ਸਰੋਸਰੀ ਆ ਜਾਂਦੇ ਹਨ। ਅਜਿਹੇ ਸੁਹਾਵਣੇ ਸਥਾਨ ’ਤੇ ਬਿਤਾਇਆ ਬਚਪਨ ਵੀ ਸੱਚਮੁੱਚ ਹੀ ਰੰਗਲਾ ਤੇ ਯਾਦਾਂ ਭਰਿਆ ਹੁੰਦਾ ਹੈ। ਲਗਭਗ ਤਿੰਨ ਕੁ ਦਹਾਕੇ ਪਹਿਲਾਂ ਸਾਡੇ ਪਿੰਡਾਂ ਵਿਚਲਾ ਬਚਪਨ ਸੱਚਮੁੱਚ ਅਨੋਖਾ ਅਤੇ ਅਨੰਦਦਾਇਕ ਸੀ। ਕੱਚੇ ਕੋਠਿਆਂ ’ਤੇ ਯਾਰਾਂ ਬੇਲੀਆਂ ਨਾਲ ਬੈਠ ਕੇ ਪੜਨਾ, ਫ਼ਸਲਾਂ ਦੀ ਕਟਾਈ ਤੋਂ ਬਾਅਦ ਖੁੱਲੇ-ਡੁੱਲੇ ਖੇਤਾਂ ਵਿੱਚ ਜਾਂ ਚਰਾਂਦਾਂ ਆਦਿ ਵਿੱਚ ਪਤੰਗ ਉਡਾਉਣਾ, ਦਾਦਾ- ਦਾਦੀ ਜੀ ਤੇ ਨਾਨਾ-ਨਾਨੀ ਜੀ ਪਾਸੋਂ ਬਾਤਾਂ, ਬੁਝਾਰਤਾਂ ਤੇ ਰਾਜਿਆਂ-ਪਰੀਆਂ ਦੀਆਂ ਕਹਾਣੀਆਂ ਸੁਣਨਾ, ਬਰਸਾਤ ਦੇ ਦਿਨਾਂ ਵਿੱਚ ਕਾਗਜ਼ ਦੀਆਂ ਕਿਸ਼ਤੀਆਂ ਬਣਾਉਣੀਆਂ, ਬਾਜ਼ੀਆਂ ਅਤੇ ਛਿੰਝਾਂ ਦੇ ਨਜ਼ਾਰੇ ਲੈਣਾ ਆਦਿ ਪਿੰਡਾਂ ਦੇ ਰੰਗਲੇ ਬਚਪਨ ਦੀ ਗਵਾਹੀ ਭਰਦੇ ਸਨ। ਉਦੋਂ ਕੁੱਕੜਾਂ ਦੀ ਲੜਾਈ ਦੇਖਣੀ ਅਤੇ ਕਰਵਾਉਣੀ, ਉੱਚੇ-ਲੰਮੇ ਖਜੂਰਾਂ ਦੇ ਦਰੱਖਤਾਂ ਨੂੰ ਢੀਮਾਂ ਮਾਰ-ਮਾਰ ਕੇ ਖਜੂਰਾਂ ਤੋੜਨ ਤੇ ਖਾਣ ਦਾ ਲੁਤਫ਼ ਉਠਾਉਣਾ, ਦਰੱਖਤਾਂ ’ਤੇ ਲੱਗੇ ਪੰਛੀਆਂ ਦੇ ਅਣਗਿਣਤ ਅਤੇ ਅਦਭੁੱਤ ਆਲਣਿਆਂ ਨੂੰ ਦੇਖ ਕੇ ਅਨੰਦ ਵਿਭੋਰ ਹੋਣਾ ਅਤੇ ਪਿੰਡ ਦੇ ਸਾਂਝੇ ਸਥਾਨਾਂ ’ਤੇ ਜਾਂ ਦੇਸੀ ਅੰਬ ਦੇ ਦਰੱਖਤ ਹੇਠਾਂ ਲੱਗੀ ਹੋਈ ਦਾਣੇ ਭੁੱਨਣ ਵਾਲ਼ੀ ਭੱਠੀ ’ਤੇ ਮੱਕੀ ਦੇ ਦਾਣੇ ਭੁੰਨਾ ਕੇ ਖਾਣਾ ਆਦਿ ਸੱਚਮੁੱਚ ਹੀ ਬਚਪਨ ਨੂੰ ਰੰਗਲਾ ਬਣਾ ਦਿੰਦੇ ਸਨ। ਖੁੱਲੇ-ਡੁੱਲੇ ਖੇਤਾਂ ਵਿੱਚ ਵਹਾਈ ਕਰਨ ਦੇ ਸਮੇਂ ਬਲਦਾਂ ਨਾਲ ਜੋੜੇ ਸੁਹਾਗੇ ਦੇ ਝੂਟੇ, ਕਿਸੇ ਹਵਾਈ ਜਹਾਜ਼ ਦੇ ਝੂਟਿਆਂ ਤੋਂ ਘੱਟ ਨਹੀਂ ਸਨ ਹੁੰਦੇ। ਨਾਨਕੇ-ਘਰ ਜਾ ਕੇ ਬੱਚੇ ਮਾਮੇ ਨਾਲ ਖੇਤਾਂ ਵਿੱਚ ਸੁਹਾਗਾ ਝੂਟਣ ਲਈ ਅਕਸਰ ਜ਼ਿੱਦ ਕਰਦੇ ਹੁੰਦੇ ਸਨ। ਗਰਮ ਪਿੱਠੂ, ਚੋਰ ਸਿਪਾਹੀ, ਗੁੱਲੀ ਡੰਡੇ, ਲੁਕਣ ਮੀਚੀ, ਰਾਜੇ ਦਾ ਵਜ਼ੀਰ ਆਦਿ ਖੇਡਾਂ ਬਚਪਨ ਦੀ ਜਿੰਦ-ਜਾਨ ਹੁੰਦੀਆਂ ਸਨ। ਬੱਚੇ ਸ਼ੌਕ -ਸ਼ੌਕ ਵਿੱਚ ਮੰਜਿਆਂ ਦੀਆਂ ਦੌਣਾਂ ਕੱਸਦੇ, ਬੋਰੀਆਂ ਵਿੱਚ ਪਾ ਕੇ ਸੁੱਕੀਆਂ ਹੋਈਆਂ ਮੱਕੀ ਦੀਆਂ ਛੱਲੀਆਂ ਨੂੰ ਡੰਡਿਆਂ ਨਾਲ ਕੁੱਟਦੇ, ਮਿੱਟੀ ਤੇ ਰੇਤ ਵਿੱਚ ਖੇਡਦੇ ਤੇ ਮਿੱਟੀ-ਰੇਤ ਦੇ ਘਰ ਬਣਾਉਂਦੇ ਹੁੰਦੇ ਸਨ। ਪਿੰਡਾਂ ਦੇ ਛੱਪੜਾਂ-ਟੋਭਿਆਂ ਕਿਨਾਰੇ ਬਚਪਨ ਵਿੱਚ ਕੀਤੀਆਂ ਅਠਖੇਲੀਆਂ, ਮੱਝਾਂ ਦੀਆਂ ਪੂਛਾਂ ਪਕੜ ਕੇ ਝੂਟੇ ਲੈਣਾ ਤੇ ਮੱਝਾਂ ’ਤੇ ਬੈਠ ਕੇ ਲੁਤਫ਼ ਉਠਾਉਣਾ, ਪਿੰਡਾਂ ਵਿੱਚ ਲੱਗੇ ਵੇਲਣਿਆਂ ਕੋਲ ਜਾ ਕੇ ਗਰਮਾ-ਗਰਮ ਤਿਆਰ ਕੀਤੇ ਗੁੜ ਦਾ ਅਨੰਦ ਪਿੰਡਾਂ ਵਾਲੇ ਬਚਪਨ ਦੀ ਰੂਹ ਹੁੰਦੇ ਸਨ। ਬਾਪੂ ਦੀ ਘੂਰੀ ਵੀ ਇਸ ਰੰਗਲੇ ਪੇਂਡੂ ਬਚਪਨ ਦਾ ਅਨਿੱਖੜਵਾਂ ਅੰਗ ਸੀ। ਬੱਚੇ ਵੱਡੇ-ਵਡੇਰਿਆਂ ਤੋਂ ਅੱਖ ਬਚਾ ਕੇ ਖੰਡ ਦੀਆਂ ਫੱਕੀਆਂ ਮਾਰਦੇ, ਦੂਰ-ਦੁਰਾਡੇ ਖੇਡਣ ਚਲੇ ਜਾਂਦੇ ਤੇ ਬੇਰ ਜਾਂ ਗਰੂਨੇ ਤੋੜਨ ਲਈ ਜਾਂਦੇ ਹੁੰਦੇ ਸਨ। ਗਰੂਨੇ, ਫੁੱਟਾਂ, ਚਿੱਬੜ ਤੇ ਬੇਰ ਆਦਿ ਉਸ ਰੰਗਲੇ ਤੇ ਖੁਸ਼ਨੁਮਾ ਬਚਪਨ ਦੇ ਖ਼ਾਸ ਤੇ ਸਵਾਦਲੇ ਫਲ ਹੁੰਦੇ ਸਨ। ਆਵਾਜਾਈ ਅਤੇ ਹੋਰ ਸ਼ੋਰ-ਸ਼ਰਾਬੇ ਨਹੀਂ ਸਨ ਹੁੰਦੇ, ਜਿਸ ਕਰਕੇ ਧਾਰਮਿਕ ਅਸਥਾਨਾਂ ਵਿੱਚੋਂ ਆਉਂਦੀ ਮਧੁਰ, ਅਲੌਕਿਕ ਤੇ ਰੂਹਾਨੀ ਆਵਾਜ਼ ਮਨ ਨੂੰ ਸਕੂਨ ਦੇ ਕੇ ਟੁੰਬ ਜਾਂਦੀ ਹੁੰਦੀ ਸੀ। ਉਦੋਂ ਟੈਲੀਵਿਜ਼ਨ ਪਿੰਡ ਵਿੱਚ ਕਿਸੇ ਇੱਕ- ਅੱਧੇ ਵਿਰਲੇ ਬੰਦੇ ਕੋਲ਼ ਹੀ ਹੁੰਦਾ ਸੀ। ਜਿਸ ਕਰਕੇ ਐਤਵਾਰ ਦੇ ਪ੍ਰੋਗਰਾਮ ਜਾਂ ਹੋਰ ਫ਼ਿਲਮੀ ਪ੍ਰੋਗਰਾਮ, ਨਾਟਕ ਤੇ ਚਿੱਤਰਹਾਰ ਆਦਿ ਦੇਖਣ ਲਈ ਬੱਚਿਆਂ ਵਿੱਚ ਬਹੁਤ ਜ਼ਿਆਦਾ ਚਾਅ ਤੇ ਮਲਾਰ ਹੁੰਦਾ ਸੀ ਅਤੇ ਕਾਫੀ ਇਕੱਠ ਵੀ ਹੁੰਦਾ ਸੀ, ਖਾਸ ਕਰਕੇ ਐਤਵਾਰ ਵਾਲ਼ੇ ਦਿਨ ਰਮਾਇਣ ਤੇ ਮਹਾਂਭਾਰਤ ਦੇਖਣ ਸਮੇਂ। ਪਿੰਡ ਵਿੱਚ ਕਿਸੇ ਲੜਕੇ ਦੇ ਵਿਆਹ ਤੋਂ ਪੰਦਰਾਂ-ਵੀਹ ਦਿਨ ਪਹਿਲਾਂ ਹੀ ਬੱਚੇ ਵੀ.ਸੀ. ਆਰ. ਵਿੱਚ ਫ਼ਿਲਮ ਦੇਖਣ ਅਤੇ ਸੰਬੰਧਿਤ ਵਿਆਹ ਦੀ ਮੂਵੀ ਦੇਖਣ ਪ੍ਰਤੀ ਬਹੁਤ ਉਤਸ਼ਾਹਿਤ ਹੋਏ ਹੁੰਦੇ ਰਹਿੰਦੇ ਸਨ। ਵਿਆਹ ਦੀ ਮੂਵੀ ਵਿੱਚ ਆਪਣੀ ਫੋਟੋ ਦੇਖ ਕੇ ਮਨ ਨੂੰ ਬਹੁਤ ਅਨੰਦ ਮਿਲਦਾ ਸੀ। ਹਿੰਦੀ ਜਾਂ ਪੰਜਾਬੀ ਫ਼ਿਲਮਾਂ ਵਿੱਚ ਕਿਸੇ ਨਾਇਕ ਦੇ ਸੱਟ-ਚੋਟ ਲੱਗਣ ਜਾਂ ਉਸ ਦੇ ਮਾਰੇ ਜਾਣ ਦਾ ਦ੍ਰਿਸ਼ ਦੇਖ ਕੇ ਸਾਰਿਆਂ ਦਾ ਮਨ ਭਾਵੁਕ ਹੋ ਜਾਂਦਾ ਸੀ। ਬਲਦਾਂ ਦੇ ਗਲਾਂ ਵਿੱਚ ਟੁਣਕ ਦੀਆਂ ਘੰਟੀਆਂ ਅਤੇ ਤਰੇਲ-ਤੁਪਕਿਆਂ ਨਾਲ ਭਿੱਜੇ ਘਾਹ ਅਤੇ ਦਰੱਖਤਾਂ ਦੇ ਪੱਤੇ ਪਿੰਡਾਂ ਵਿਚਲੀ ਸ਼ੁੱਧਤਾ ਅਤੇ ਸ਼ਾਂਤੀ ਦੀ ਗਵਾਹੀ ਭਰਦੇ ਹੁੰਦੇ ਸਨ। ਵਿਹੜੇ ਖੁੱਲੇ-ਡੁੱਲੇ ਹੁੰਦੇ ਸਨ ਅਤੇ ਪਿੱਪਲਾਂ-ਬੋਹੜਾਂ ਥੱਲੇ ਤਰਾਂ-ਤਰਾਂ ਦੀਆਂ ਖੇਡਾਂ ਬੱਚੇ ਅਕਸਰ ਖੇਡਦੇ ਹੁੰਦੇ ਸਨ। ਗਡੀਰਨਾ ਵੀ ਬਚਪਨ ਦਾ ਪੱਕਾ ਸਾਥੀ ਹੁੰਦਾ ਸੀ, ਜਿਸ ਨੂੰ ਕਿ ਭੁੱਲਿਆ ਨਹੀਂ ਜਾ ਸਕਦਾ। ਬੱਚੇ ਨਜ਼ਦੀਕੀ ਕਸਬਿਆਂ ਵਿੱਚ ਮੇਲੇ ਆਦਿ ਦੇਖਣ ਲਈ ਕਾਫ਼ੀ ਝੂਰਦੇ ਹੁੰਦੇ ਸਨ ਅਤੇ ਬੜੀ ਖੁਸ਼ੀ ਦੇ ਨਾਲ ਚਾਈਂ-ਚਾਈਂ ਮੇਲਾ ਦੇਖਣ ਜਾਂਦੇ ਹੁੰਦੇ ਸਨ। ਉਦੋਂ ਹਰ ਬੱਚੇ ਨੂੰ ਆਪਣੇ ਘਰ ਵਿਖੇ ਮਾਮੇ ਦੇ ਆਉਣ ਦੀ ਬੜੀ ਬੇਸਬਰੀ ਅਤੇ ਉਮੀਦ ਨਾਲ ਤਾਂਘ ਤੇ ਆਸ ਹੁੰਦੀ ਸੀ, ਕਿਉਂਕਿ ਮਾਮਾ ਸ਼ੁਰੂ ਤੋਂ ਹੀ ਸਾਡੇ ਸੱਭਿਆਚਾਰ ਵਿੱਚ ਖ਼ੁਸ਼ੀਆਂ ਤੇ ਭਾਵਨਾਵਾਂ ਦਾ ਪ੍ਰਤੀਕ ਜੋ ਰਿਹਾ ਹੈ। ਠੰਢ ਦੇ ਦਿਨਾਂ ਵਿੱਚ ਲੱਕੜ ਦੇ ਵੱਡੇ ਝੁੰਡਿਆਂ ਦੀ ਅੱਗ ਸੇਕਣੀ ਤੇ ਕੋਸੀ-ਕੋਸੀ ਧੁੱਪ ਸੇਕਣ ਦਾ ਪਿੰਡਾਂ ਵਿੱਚ ਬਚਪਨ ਵਿਚ ਇੱਕ ਵੱਖਰਾ ਹੀ ਨਜ਼ਾਰਾ ਸੀ। ਪੀਂਘਾਂ ਝੂਟਣਾ, ਭੂਕਨੇ ਖਾਣਾ ਅਤੇ ਕਾਂਚੇ (ਬੰਟੇ) ਖੇਡਣਾ ਸੱਚਮੁੱਚ ਰੰਗਲੇ ਬਚਪਨ ਦੀ ਮਹਾਨਤਾ ਸੀ। ਸੱਚਮੁਚ ਬੀਤੇ ਸਮੇਂ ਦੌਰਾਨ ਪਿੰਡਾਂ ਵਿਚਲੇ ਰੰਗਲੇ ਬਚਪਨ ਦੀ ਕੋਈ ਰੀਸ ਨਹੀਂ ਸੀ, ਜਿਸ ਵਿੱਚ ਕਿ ਹਾਸੇ-ਠੱਠੇ, ਸੁੱਖ, ਅਨੰਦ, ਖ਼ੁਸ਼ੀਆਂ, ਤਾਂਘ, ਆਸ, ਆਪਸੀ ਪਿਆਰ ਅਤੇ ਭਾਵਨਾਵਾਂ ਨੂੰ ਵਾਰ-ਵਾਰ ਤਵੱਜੋ ਦਿੱਤੀ ਗਈ ਸੀ।



ਕਾਸ਼! ਸਾਡੇ ਬਚਪਨ ਦੇ ਉਹ ਅਮੋਲਕ ਤੇ ਪਿਆਰੇ ਦਿਨ ਅੱਜ ਇੱਕ ਵਾਰ ਫਿਰ ਵਾਪਸ ਆ ਜਾਂਦੇ, ਕਾਸ਼! ਇੰਝ ਹੋ ਸਕਦਾ ਹੁੰਦਾ।

# ਬੱਚਿਆਂ ’ਚ ਨੈਤਿਕ ਸਿੱਖਿਆ ਦਾ ਵਿਕਾਸ



**ਬਲਜਿੰਦਰ ਜੌੜਕੀਆਂ**
**ਸੰਪਰਕ: ੯੪੬੩੦੨੪੫੭੫**

ਸ਼ਖ਼ਸੀਅਤ ਉਸਾਰੀ ਦੀਆਂ ਜੜਾਂ ਸਿੱਖਿਆ ਨਾਲ ਜੁੜੀਆਂ ਹੋਣ ਕਰ ਕੇ ਬੱਚਿਆਂ ’ਚ ਇਨਸਾਨੀ ਗੁਣ ਪੈਦਾ ਕਰਨ ਲਈ ਪ੍ਰਚੱਲਤ ਵਿੱਦਿਅਕ ਢਾਂਚੇ ’ਚ ਵੱਡੇ ਸੁਧਾਰਾਂ ਦੀ ਲੋੜ ਹੈ, ਜਿਸ ਦੀ ਸ਼ੁਰੂਆਤ ਸਕੂਲ ਪੱਧਰ ਤੋਂ ਕਰਨੀ ਬਣਦੀ ਹੈ। ਬੱਚਿਆਂ ਅੰਦਰ ਨੈਤਿਕ ਕਦਰਾਂ ਕੀਮਤਾਂ ਭਰਨ ਤੋਂ ਪਹਿਲਾਂ ਅਧਿਆਪਕਾਂ ਦਾ ਰੋਲ ਮਾਡਲ ਹੋਣਾ ਬਹੁਤ ਜ਼ਰੂਰੀ ਹੈ। ਪਾਠਕ੍ਰਮ ਦਾ ਬੋਝ ਘੱਟ ਕਰ ਕੇ ਆਊਟਡੋਰ ਗਤੀਵਿਧੀਆਂ ਵਧਾਉਣੀਆਂ ਚਾਹੀਦੀਆਂ ਹਨ। ਅਧਿਆਪਕ ਸਿਖਲਾਈ ਸੈਮੀਨਾਰਾਂ ’ਚ ਨੈਤਿਕ ਸਿੱਖਿਆ ਦੇ ਮਾਡਿਊਲ ਸ਼ਾਮਿਲ ਕਰ ਕੇ ਬੱਚਿਆਂ ਤੱਕ ਲੈ ਕੇ ਆਉਣ ਦੀ ਲੋੜ ਹੈ। ਫਿਜ਼ਾ ਹੀ ਅਜਿਹੀ ਹੈ ਕਿ ਬੱਚੇ ਪੜ ਤਾਂ ਰਹੇ ਹਨ ਪਰ ਫ਼ਰਜ਼ਾਂ ਤੋਂ ਬੇਮੁੱਖ ਹੁੰਦੇ ਜਾ ਰਹੇ ਹਨ, ਪਰ ਉਹ ਰਾਸ਼ਟਰ ਹੀ ਤਰੱਕੀ ਕਰਦੇ ਹਨ, ਜਿਸ ਦੇ ਨਾਗਰਿਕ ਆਪਣੇ ਕਰਤਵਾਂ ਪ੍ਰਤੀ ਜਵਾਬਦੇਹ ਹੁੰਦੇ ਹਨ। ਅੱਜ ਦਾ ਵਿਦਿਆਰਥੀ ਅਸ਼ਾਂਤ ਹੈ, ਉਸ ਕੋਲ ਭਵਿੱਖ ਦੀ ਕੋਈ ਕਾਰਜ ਯੋਜਨਾ ਨਾ ਹੋਣ ਕਰ ਕੇ ਉਹ ਘਬਰਾਹਟ ਵਿੱਚ ਹੈ। ਚਮਕ ਦਮਕ ਏਨੀ ਭਾਰੂ ਹੈ ਕਿ ਬੱਚੇ ਪਰਵਾਸ ਨੂੰ ਪਹਿਲ ਦੇ ਰਹੇ ਹਨ। ਬੇਸਬਰੀ ਹੋਣ ਕਰ ਕੇ ਉਨਾਂ ਦੇ ਸੁਭਾਅ ਅੰਦਰ ਮੁਰਗੀ ਮਾਰ ਕੇ ਸਾਰੇ ਆਂਡੇ ਇਕ ਦਿਨ ਹੀ ਕੱਢ ਲੈਣ ਦੀ ਪ੍ਰਵਿਰਤੀ ਭਾਰੂ ਹੈ। ਟੀਵੀ ਅਤੇ ਸੋਸ਼ਲ ਮੀਡੀਆ ਰਾਹੀਂ ਬੱਚਿਆਂ ਨੂੰ ਪਰੋਸੇ ਜਾ ਰਹੇ ਰੋਲ ਮਾਡਲ ਉਨਾਂ ਨੂੰ ਸਮਾਜਿਕ ਫਰਜ਼ਾਂ ਤੋਂ ਦੂਰ ਕਰ ਰਹੇ ਹਨ। ਕਿਤਾਬਾਂ ਜਾਂ ਸਾਹਿਤ ਨਾਲ ਜੁੜਨ ਦੀ ਥਾਂ ਮਹਿੰਗੇ ਸਮਾਰਟਫੋਨ ਖਰੀਦਣਾ



ਉਨਾਂ ਦਾ ਪ੍ਰਮੁੱਖ ਏਜੰਡਾ ਹੈ ਪਰ ਇਨਾਂ ਦੀ ਸਹੀ ਵਰਤੋਂ ਬਾਰੇ ਅਣਜਾਣ ਹਨ ਜਾਂ ਇਸ ਬਾਰੇ ਮਾਰਗਦਰਸ਼ਨ ਕਰਨ ਦੇ ਮਾਮਲੇ ’ਚ ਮਾਪੇ ਅਤੇ ਅਧਿਆਪਕ ਆਪਣਾ ਬਣਦਾ ਰੋਲ ਅਦਾ ਨਹੀਂ ਕਰ ਰਹੇ। ਬੱਚਿਆਂ ਨੂੰ ਦੱਸਣ ਦੀ ਲੋੜ ਹੈ ਕਿ ਫੇਸਬੁੱਕ, ਵਟਸਐਪ, ਯੂ-ਟਿਊਬ ਹੀ ਇੰਟਰਨੈੱਟ ਨਹੀਂ ਸਗੋਂ ਜ਼ਿੰਦਗੀ ਦੀਆਂ ਅਨੇਕਾਂ ਜ਼ਰੂਰਤਾਂ ਅਜਿਹੀਆਂ ਹਨ, ਜੋ ਅਸੀਂ ਘਰ ਬੈਠੇ ਮੋਬਾਈਲ ਰਾਹੀਂ ਪੂਰੀਆਂ ਕਰ ਸਕਦੇ ਹਾਂ ਬਸ਼ਰਤੇ ਸਾਨੂੰ ਇਸ ਦੀ ਸਹੀ ਵਰਤੋਂ ਬਾਰੇ ਸੂਝ ਹੋਵੇ। ਪਹਿਲੇ ਸਮੇਂ ਵਿੱਚ ਬੱਚੇ ਕੋਈ ਵੀ ਮੰਗ ਕਰਨ ਤੋਂ ਪਹਿਲਾਂ ਮਾਪਿਆਂ ਦੀ ਜੇਬ ਵੱਲ ਵੇਖਦੇ ਸਨ ਤੇ ਮਾਪਿਆਂ ਨੂੰ ਖੁਸ਼ੀ ਦੇਣ ਲਈ ਉਨਾਂ ਨਾਲ ਘਰ ਦੇ ਕੰਮਾਂ ਵਿੱਚ ਹੱਥ ਵਟਾਉਂਦੇ ਸਨ ਪਰ ਅੱਜ ਦੇ ਬੱਚੇ ਪਹਿਲੇ ਸਮੇਂ ਵਾਂਗ ਮਾਪਿਆਂ ਤੋਂ ਮੰਗ ਨਹੀਂ ਕਰਦੇ ਸਗੋਂ ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਨੂੰ ਅੱਖੋਂ-ਪਰੋਖੇ ਕਰ ਕੇ ਆਪਣੀ ਮੰਗ ਤੁਰੰਤ ਪੂਰੀ ਕਰਨ ਲਈ ਜ਼ਿੱਦ ਕਰਦੇ ਹਨ ਅਤੇ ਨਾ ਪੂਰੀ ਹੋਣ ਦੀ ਸੂਰਤ ਵਿੱਚ ਖ਼ੁਦਕੁਸ਼ੀ ਕਰਨ ਦੀ ਧਮਕੀ ਤੱਕ ਦੇ ਦਿੰਦੇ ਹਨ। ਸਿੱਖਿਆ ਦਾ ਮੂਲ ਮੰਤਵ ਵਿਅਕਤੀ ਦਾ ਸਰਬਪੱਖੀ ਵਿਕਾਸ ਹੈ ਪਰ ਵਿੱਦਿਆ ਪ੍ਰਾਪਤੀ ਨੂੰ ਕੇਵਲ ਸਰਟੀਫਿਕੇਟ ਰਾਹੀਂ ਪ੍ਰਦਰਸ਼ਿਤ ਕਰਨ ਦੀ ਹੋੜ ਨੇ ਬੱਚਿਆਂ ਦੇ ਸਰਬਪੱਖੀ ਵਿਕਾਸ ਨੂੰ ਢਾਹ ਲਾਈ ਹੈ। ਉੱਘੇ ਸਿੱਖਿਆ ਸ਼ਾਸਤਰੀ ਸਵਾਮੀ ਵਿਵੇਕਾਨੰਦ ਦਾ ਕਹਿਣਾ ਸੀ ਕਿ ਵਿੱਦਿਆ ਦਾ ਮਨੋਰਥ ਬੱਚੇ ਨੂੰ ਬਾਹਰੋਂ ਕੁਝ ਦੇਣਾ ਨਹੀਂ ਸਗੋਂ ਉਸ ਦੇ ਅੰਦਰ ਜੋ ਮੌਜੂਦ ਹੈ ਉਸ ਨੂੰ ਬਾਹਰ ਕੱਢਣਾ ਹੈ। ਉਨਾਂ ਨੇ ਬੱਚਿਆਂ ਦੀ ਊਰਜਾ ਦੀ ਬਹੁ-ਪ੍ਰਾਪਤੀ ਕਰਨ ਲਈ ਬੜੀ ਸੋਹਣੀ ਉਦਾਹਰਨ ਪੇਸ਼ ਕਰਦਿਆਂ ਕਿਹਾ ਕਿ ਜਿਸ ਤਰਾਂ ਡੈਮ ਬਣਾ ਕੇ ਪਹਾੜਾਂ ਤੋਂ ਅੱਥਰੇ ਵਹਿ ਰਹੇ ਪਾਣੀ ਤੋਂ ਸਿੰਚਾਈ, ਬਿਜਲੀ, ਮੱਛਲੀ ਪਾਲਣ, ਸੈਰਗਾਹ ਆਦਿ ਜਿਹੇ ਅਨੇਕਾਂ ਕੰਮ ਲਏ ਜਾਂਦੇ ਹਨ ਬਿਲਕੁਲ ਇਸੇ ਤਰਾਂ ਨੌਜਵਾਨਾਂ ਦੀ ਊਰਜਾ ਨੂੰ ਰੋਕ ਕੇ ਸਹੀ ਦਿਸ਼ਾ ਦੇ ਕੇ ਉਸ ਤੋਂ ਅਨੇਕਾਂ ਢੰਗਾਂ ਰਾਹੀਂ ਸਮਾਜ ਨਿਰਮਾਣ ਦਾ ਕੰਮ ਲਿਆ ਜਾ ਸਕਦਾ ਹੈ। ਬੱਚਿਆਂ ਦਾ ਚਰਿੱਤਰ ਨਿਰਮਾਣ ਕਰਨਾ ਬਹੁਤ ਜ਼ਰੂਰੀ ਹੈ। ਇੱਕ ਮਸ਼ਹੂਰ ਕਥਨ ਵੀ ਹੈ ਕਿ ਜੇਕਰ ਤੁਹਾਡਾ ਧਨ ਚਲਾ ਗਿਆ ਤਾਂ ਸਮਝੋ ਕੁਝ ਨਹੀਂ ਗਿਆ ਜੇ ਸਿਹਤ ਚਲੀ ਗਈ ਤਾਂ ਸਮਝੋ ਕੁਝ ਗਿਆ ਪਰ ਜੇਕਰ ਤੁਹਾਡਾ ਚਰਿੱਤਰ ਚਲਾ ਗਿਆ ਤਾਂ ਤੁਹਾਡੇ ਪੱਲੇ ਕੁਝ ਵੀ ਨਹੀਂ ਰਿਹਾ।

**ਬਾਕੀ ਸਫ਼ਾ 24 ’ਤੇ**

# ਪੰਜਾਬੀ ਮਾਂ ਬੋਲੀ ਗੁਰਮੁਖੀ ਦੇ ਅੱਖਰ




ੳ ਅ ੲ ਸ
ਪੜਿਓ ਹ ਕ ਖ
ਪੈਂਤੀ ਭੁੱਲ ਨਾ ਜਾਇਓ ਰੱਖਿਓ ,
ਯਾਦ ਬਈ ਇੱਕ ਇੱਕ ਸਤਰ
ਇਹ ਗੁਰਮੁਖੀ ਦੇ ਅੱਖਰ,
ਇਹ ਗੁਰਮੁਖੀ ਦੇ ਅੱਖਰ।
ਪੜੋ ਪੰਜਾਬੀ ਤੇ ਪੜਾਇਓ
ਮਾਂ ਬੋਲੀ ਦਾ ਨਾਂ ਚਮਕਾਇਓ
ਆਨ, ਸ਼ਾਨ ਤੇ ਮਾਣ ਹਮੇਸ਼ਾ,
ਸਾਰੇ ਜੱਗ ਵਿੱਚ ਤੁਸੀਂ ਵਧਾਇਓ
ਅਕਸ਼ ਨਾ ਇਸਦਾ ਧੁੰਦਲਾ ਪੈ ਜਾਏ,
ਰੱਖਿਓ ਪੂਰੀ ਪਕੜ,
ਇਹ ਗੁਰਮੁਖੀ ਦੇ ਅੱਖਰ।
ਬੋਹੜਾਂ ਵਰਗੀ ਛਾਂ ਹੈ ਬੋਲੀ
ਮਾਖਿਓਂ ਮਿੱਠੀ ਮਾਂ ਹੈ ਬੋਲੀ
ਬੁੱਲੇ, ਵਾਰਿਸ, ਸ਼ਿਵ, ਨੂਰਪੁਰੀ ਦਾ,
ਜੱਗ ਤੇ ਦੂਜਾ ਨਾਂ ਹੈ ਬੋਲੀ
ਮਿਸ਼ਰੇ, ਛੰਦ, ਬੈਂਤ, ਕਾਫੀਏ,
ਸੋਹਣੇ ਇਸਦੇ ਪੁੱਤਰ
ਇਹ ਗੁਰਮੁਖੀ ਦੇ ਅੱਖਰ।
ਸੁਹਾਗ, ਘੋੜੀਆਂ, ਬਾਲੋ, ਟੱਪੇ,
ਸੰਤ, ਫਕੀਰਾਂ ਲਾਇਆ ਮੱਥੇ
ਪੜਦਾ ਪੰਜ ਨਿਮਾਜ਼ਾਂ ਵਿੱਚ ਕੋਈ,
ਅੱਲਾ, ਰਾਮ, ਵਾਹਿਗੁਰੂ ਜੱਪੇ
ਵਿੱਚ ਗੁਰਬਾਣੀ ਦਰਜ ਏ ਕੀਤਾ,
ਨਾਨਕ ਨਾਲ ਹੈ ਫਖਰ,
ਇਹ ਗੁਰਮੁਖੀ ਦੇ ਅੱਖਰ।
ਵਿੱਦਿਆ ਦੀ ਗੁੜਤੀ ਸਭ ਪਾ ਲਓ
ਘਰ ਘਰ ਦਾ ਸ਼ਿੰਗਾਰ ਬਣਾ ਲਓ
ਸਿੱਖਿਓ ਲੱਖ ਬੋਲੀਆਂ ਚਾਹੇ,
ਪੰਜਾਬੀ ਬੱਚਿਆਂ ਨੂੰ ਸਿਖਾਂ ਲਓ
ਹੈ ਮਾਂ ਦੀ ਲੋਰੀ ‘ਪੰਮੇ ਬੰਗੜ’,
ਮਿੱਠੀ ਚੂਰੀ, ਗੁੜ, ਸ਼ੱਕਰ
ਇਹ ਗੁਰਮੁਖੀ ਦੇ ਅੱਖਰ,
ਇਹ ਗੁਰਮੁਖੀ ਦੇ ਅੱਖਰ।

**ਪੰਮਾ ਬੰਗੜ ਭੈਣੀ**
**੮੮੭੨੫-੯੬੬੩੯**

# ਨਾ ਮਾਂ ਸਿਰ ਅਹਿਸਾਨ ਨਾ ਬਾਪ ਸਿਰ ਅਹਿਸਾਨ

**ਜਸਵਿੰਦਰ ਸਿੰਘ**

ਇਹ ਕਹਾਵਤ ਬਜ਼ੁਰਗ ਅਕਸਰ ਵਰਤਦੇ ਹੁੰਦੇ ਸੀ ਮੈਂ ਕਈ ਵਾਰ ਪੁੱਛਣਾ ਕਿ ਬਜੁਰਗੋ ਇਸਦਾ ਮਤਲਬ ਕੀ ਹੈ ? ਉਹਨਾਂ ਕਹਿਣਾ ਵੱਡੇ ਹੋ ਕੇ ਆਪ ਹੀ ਪਤਾ ਚੱਲ ਜਾਣਾ ਏ। ਮੈਂ ਫਿਰ ਕਹਿਣਾ ਦੱਸੋ ਨਾ... ।

ਬਜ਼ੁਰਗਾਂ ਕਹਿਣਾ ਕਿ ਬਾਕੀ ਤੇ ਸਮੇਂ ਨਾਲ ਆਪ ਹੀ ਪਤਾ ਚੱਲ ਜੂ ਚਲੋ ਸ਼ੁਰੂਆਤੀ ਮਤਲਬ ਦੱਸ ਦਿੰਦੇ ਹਾਂ ...।

ਗੱਲ ਇਵੇਂ ਹੈ ਕਿ ਜੇ ਤੁਸੀ ਕਿਸੇ ਸੁੱਤੇ ਪਏ ਬੱਚੇ ਨੂੰ ਪਿਆਰ ਕਰਦੇ ਹੋ ਤੇ ਪਿਆਰ ਨਾਲ ਉਸਦਾ ਮੂੰਹ ਚੁੱਮਦੇ ਹੋ ਨਾ ਉਸ ਬੱਚੇ ਦੀ ਮਾਂ ਕੋਲ ਹੈ ਨਾ ਬਾਪ ਕੋਲ ਹੈ ਤੁਹਾਨੂੰ ਲਾਡ ਲਡਾਉਂਦੇ ਨੂੰ ਕਿਸੇ ਨੇ ਨਹੀਂ ਵੇਖਿਆ ਤਾਂ ਅਜਿਹੇ ਪਿਆਰ ਦਾ ਕੋਈ ਵੀ ਅਹਿਸਾਨ ਜਾਂ ਬੱਚੇ ਦੇ ਮਾਂ ਬਾਪ ਦੀਆਂ ਨਜ਼ਰਾਂ ਵਿੱਚ ਤੁਹਾਡੇ ਕੀਤੇ ਨੇਕ ਕੰਮ ਦਾ ਕੋਈ ਅਸਰ ਨਹੀਂ..। ਭਾਵ ਸਭ ਕੁਝ ਵਿਅਰਥ ਜਾਂਦਾ ਹੈ...। ਭਾਵੇਂ ਤੁਹਾਡੀਆਂ ਭਾਵਨਾਵਾਂ ਨੇਕ ਹਨ ਤੇ ਪ੍ਰਮਾਤਮਾ ਸਭ ਕੁਝ ਵੇਖਦਾ ਹੈ ਪਰ ਕਈ ਵਾਰ ਮਾਂ ਬਾਪ ਤੇ ਬੱਚੇ ਭਾਵ ਅਸਲ ਲਾਭ ਲੈਣ ਵਾਲੇ ਨੂੰ ਪਤਾ ਲੱਗਣਾ ਜਰੂਰੀ ਹੁੰਦਾ ਹੈ...।

ਸਮਾਂ ਬੀਤਦਾ ਗਿਆ ਮੈਂ ਕਈ ਵਾਰ ਇਸ ਕਹਾਵਤ ਨੂੰ ਯਾਦ ਕਰਨਾ ਤੇ ਸੋਚਣਾ ਕਿ ਕਿਹੋ ਜਿਹੀਆਂ ਬਜ਼ੁਰਗਾਂ ਨੇ ਗੱਲਾਂ ਬਣਾਈਆਂ ਹੋਈਆਂ ਹਨ...। ਭਲਾ ਪ੍ਰਮਾਤਮਾ ਤੇ ਵੇਖਦਾ ਹੈ ਨਾ ਸਾਡੀਆਂ ਭਾਵਨਾਵਾਂ ਨੂੰ...।

ਹੁਣ ਜਦ ਵੱਡਾ ਹੋਇਆ ਤਾਂ ਕਈ ਵਾਰ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨਾਂ ਦਾ ਜ਼ਿਕਰ ਮੈਂ ਕਰ ਰਿਹਾ ਹਾਂ ਜੋ ਉਪਰੋਕਤ ਵਿਸ਼ੇ ਨੂੰ ਜਿਆਦਾ ਵਧੀਆ ਸਮਝਾਉਂਦੀਆਂ ਹਨ....।

ਮੇਰੇ ਕੋਲੋਂ ਕਿਸੇ ਧਾਰਮਿਕ ਅਦਾਰੇ ਦੇ ਸੇਵਦਾਰ ਨੇ ਪੁਰਾਣੀ ਵਧੀਆ ਹਾਲਤ ਵਿੱਚ ਪਈ ਗੋਦਰੇਜ ਦੀ ਅਲਮਾਰੀ ਖ੍ਰੀਦੀ ਮੈਂ ਉਸਨੂੰ ਕਿਹਾ ਕਿ ਤੁਸੀ ਜਿੰਨੇ ਪੈਸੇ ਦੇਣੇ ਚਾਹੁੰਦੇ ਹੋ ਉਸ ਗਰੀਬ ਮਾਤਾ ਨੂੰ ਮਦਦ ਕਰ ਦਿਉ ਮੇਰਾ ਨਾਮ ਨਹੀਂ ਲੈਣਾ...। ਕਿਉਂਕਿ ਮੇਰਾ ਉਸ ਧਾਰਮਿਕ ਆਦਾਰੇ ਦੇ ਸੇਵਾਦਾਰ ਤੇ ਬਹੁਤ ਵਿਸ਼ਵਾਸ ਸੀ...। ਮੈਂ ਉਸਦੇ ਬੋਲਾਂ ਤੇ ਵਿਸ਼ਵਾਸ਼ ਰੱਖਿਆ ਕਿ ਮਾਤਾ ਨੂੰ ਸੇਵਾ ਪਹੁੰਚ ਗਈ ਹੈ...। ਕੁਝ ਸਮੇਂ ਬਾਅਦ ਉਕਤ ਸੇਵਾਦਾਰ ਨੂੰ ਕਿਸੇ ਹੇਰਾਫੇਰੀ ਕਰਨ ਕਾਰਨ ਹਟਾਇਆ ਗਿਆ ਤਾਂ ਕੁਦਰਤੀ ਉਸ ਮਾਤਾ ਨਾਲ ਗੱਲ ਹੋਈ ਤੇ ਮਾਤਾ ਸੌਂਹ ਖਾਂਦੀ ਫਿਰੇ ਕਿ ਪੁੱਤ ਮੈਨੂੰ ਕੋਈ ਪੈਸਾ ਉਸਨੇ ਨਹੀਂ ਦਿੱਤਾ...। ਉਸ ਸੇਵਾਦਾਰ ਨੂੰ ਪੁੱਛਿਆ ਤਾਂ ਉਹ ਪੈਰਾਂ ਤੇ ਪਾਣੀ ਨਾ ਪੈਣ ਦੇਵੇ...। ਮੈਨੂੰ ਮੇਰੇ ਵਲੋਂ ਕੀਤੀ ਸੇਵਾ ਵਿਅਰਥ ਗਈ ਲੱਗੀ ਇਹੋ ਮੈਂ ਹੱਥੀਂ ਪੈਸੇ ਦਿੱਤੇ ਹੁੰਦੇ ਤਾਂ ਉਸ ਮਾਤਾ ਦੇ ਕੰਮ ਆਉਂਦੇ....।

ਇਵੇਂ ਹੀ ਮੇਰੇ ਇਕ ਵਾਕਫਕਾਰ ਭੈਣ ਜੀ ਨੇ ਉਨਾਂ ਦਾ ਬੱਚਾ ਵਿਦੇਸ਼ ਵਿੱਚ ਪੱਕਾ ਹੈ, ਪਰ ਜਦ ਉਹ ਪੱਕਾ ਨਹੀਂ ਸੀ ਤੇ ਉਨਾਂ ਇਕ ਗੁਰੂ ਘਰ ਵਿਖੇ ਲਗਾਤਾਰ ਚਾਰ ਮਹੀਨੇ ਰੋਜਾਨਾ ਦੇਗ ਵਾਸਤੇ ਬਿਨਾਂ ਨਾਗਾ ਘਿਉ ਤੇ ਰਸਦਾਂ ਦੀ ਸੇਵਾ ਕਰਾਈ ਪਰ ਉਨਾਂ ਸੇਵਾ ਗੁਪਤ ਹੀ ਰੱਖੀ ਸਿਰਫ਼ ਬਾਬਿਆਂ ਨੂੰ ਹੀ ਪਤਾ ਸੀ...। ਜਦ ਬਾਬਿਆਂ ਨੂੰ ਕਿਸੇ ਕਾਰਨ ਬਦਲਿਆ ਗਿਆ ਤਾਂ ਭੇਦ ਖੁੱਲਿਆ ਕਿ ਚਾਰ ਮਹੀਨੇ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਤਾਂ ਉਸ ਬੀਬੀ ਜੀ ਨੇ ਸੇਵਾ ਕਰਵਾਈ ਸੀ ਤੇ ਇੱਧਰ ਬਾਬਿਆਂ ਨੇ ਕਮੇਟੀ ਪਾਸੋਂ ਵੀ ਪੈਸੇ ਇਸ ਵਾਸਤੇ ਲੈ ਲਏ ਸਨ (ਜੋ ਕਿ ਰੁਟੀਨ ਵਿੱਚ ਹੀ ਲੈਂਦੇ ਸਨ....) ਬੀਬੀ ਜੀ ਦੇ ਬਿਨਾਂ



ਦੱਸਿਆਂ ਸੇਵਾ ਕਰਵਾਉਣ ਦਾ ਪ੍ਰਬੰਧਕ ਕਮੇਟੀ ਨੂੰ ਕੋਈ ਲਾਭ ਨਹੀਂ ਹੋਇਆ...।

ਤੀਜਾ ਕਿੱਸਾ ਇੱਕਵਾਰ ਕੋਈ ਵਾਕਫਕਾਰ ਆਇਆ ਕਿ ਕਿਸੇ ਗਰੀਬ ਬੰਦੇ ਦੀ ਮਦਦ ਕਰਨੀ ਹੈ ਕੁਝ ਦੋਸਤਾਂ ਨੇ ਗੁਪਤ ਸੇਵਾ ਦੇ ਤੌਰ ਤੇ ਇਕ ਦੂਜੇ ਤੋਂ ਚੋਰੀ ਪੈਸੇ ਦਿੱਤੇ ਕਿ ਚਲੋ ਕਿਸੇ ਦੀ ਗਰੀਬ ਦੀ ਮਦਦ ਹੋ ਜਾਵੇਗੀ...। ਅਚਾਨਕ ਇਕ ਦਿਨ ਉਨਾਂ 'ਚੋਂ ਇਕ ਦੋਸਤ ਹਸਪਤਾਲ ਗਿਆ ਤਾਂ ਪਤਾ ਚੱਲਿਆ ਕਿ ਉਸ ਗਰੀਬ ਬੰਦੇ ਦੀ ਮਦਦ ਦੇ ਨਾਮ ਤੇ ਇਕੱਤਰ ਪੈਸੇ ਆਪ ਹੀ ਵਰਤ ਲਏ ਸਨ...। ਉਸਨੇ ਦੂਜੇ ਦੋਸਤਾਂ ਨਾਲ ਗੱਲ ਕੀਤੀ ਸਾਰੇ ਹੱਕੇ ਬੱਕੇ ਰਹਿ ਗਏ ਤੇ ਠੱਗੇ ਜਿਹੇ ਮਹਿਸੂਸ ਕਰਨ ਤੇ ਫਿਰ ਇਕ ਦੂਜੇ ਨੂੰ ਦੱਸਿਆ ਕਿ ਸਭ ਨੇ ਗੁਪਤ ਮਦਦ ਕੀਤੀ ਸੀ ਪਰ ਮਦਦ ਅੱਧ ਵਿਚਾਲੇ ਰਹਿ ਗਈ...। ਜਿਸਦਾ ਕਿ ਲੋੜਵੰਦ ਨੂੰ ਕੋਈ ਫ਼ਾਇਦਾ ਨਹੀਂ ਹੋਇਆ....।

ਹੁਣ ਸਮਝ ਆਇਆ ਕਿ ਅੱਜ ਸਮਾਂ ਇਹੋ ਜਿਹਾ ਆ ਗਿਆ ਕਿ ਅਸੀ ਕਿਸੇ ਦਾ ਧਾਰਮਿਕ ਪਹਿਰਾਵਾ ਵੇਖ ਕੇ ਉਸਤੇ ਯਕੀਨ ਕਰਕੇ ਚੁੱਪ ਚਪੀਤੇ ਦਾਨ ਜਾਂ ਕਿਸੇ ਗਰੀਬ ਦੀ ਮਦਦ ਦੇ ਨਾਮ ਤੇ ਗੁਪਤ ਸੇਵਾ ਕਰਦਿੰਦੇ ਹਾਂ...। ਪਰ ਉਹ ਅਸਲ ਲੋੜਵੰਦ ਤੱਕ ਨਹੀਂ ਪਹੁੰਚਦੀ ਤਾਂ ਸੇਵਾ ਦਾ ਕੋਈ ਤੁਕ ਨਹੀਂ ਰਹਿ ਜਾਂਦਾ ਨਾ ਰੱਬ ਦੇ ਘਰੋਂ ਉਸ ਸੇਵਾ ਦਾ ਫਲ ਮਿਲਿਆ ਨਾ ਕਿਸੇ ਗਰੀਬ ਦੀ ਮਦਦ ਹੀ ਹੋਈ...।

ਬਸ ਮੈਨੂੰ ਉਕਤ ਕਹਾਵਤ ਯਾਦ ਆ ਜਾਂਦੀ ਹੈ 'ਸੁੱਤੇ ਪਏ ਬਾਲਕ ਦਾ ਮੂੰਹ ਚੁੱਮਿਆ ਨਾ ਮਾਂ ਸਿਰ ਅਹਿਸਾਨ ਨਾ ਬਾਪ ਸਿਰ ਅਹਿਸਾਨ', ਸਚਮੁਚ ਜੀ ਬਜ਼ੁਰਗਾਂ ਦੀਆਂ ਕਹਾਵਤਾਂ ਵਿੱਚ ਕਿੰਨੇ ਗੁੱਝੇ ਰਾਜ਼ ਤੇ ਸੱਚ ਛੁਪੇ ਹੋਏ ਹੁੰਦੇ ਸਨ।

ਹੁਣ ਜਦ ਵੀ ਲੋੜਵੰਦ ਦੀ ਮਦਦ ਕਰਨੀ ਹੁੰਦੀ ਹੈ ਕੋਸ਼ਿਸ਼ ਰਹਿੰਦੀ ਹੈ ਕਿ ਸਿੱਧਾ ਉਸ ਤੱਕ ਪਹੁੰਚਿਆ ਜਾਵੇ ਜਾਂ ਕਿਸੇ ਯਕੀਨ ਵਾਲੇ ਰਾਹੀਂ ਮਦਦ ਭੇਜੀ ਜਾਵੇ...।

ਪਿੱਛੇ ਕਿਸੇ ਲੋੜਵੰਦ ਦਾ ਉਪਰੇਸ਼ਨ ਸੀ ਮੈਂ ਤੇ ਜੋ ਸੇਵਾ ਦੇਣੀ ਸੀ ਕੋਈ ਹੋਰ ਮੈਨੂੰ ਗੁਪਤ ਹੀ ਸੇਵਾ ਫੜਾ ਗਿਆ ਮੈਂ ਬਹੁਤ ਕਿਹਾ ਉਸਨੂੰ ਉਦਾਹਰਣਾਂ ਵੀ ਦਿੱਤੀਆਂ ਭਾਈ ਤੁਸੀ ਸਿੱਧੇ ਸੇਵਾ ਪਗੁੰਚਾਵੋ ਪਰ ਉਹ ਕਹਿੰਦਾ ਭਾਈ ਤੂੰ ਮੇਰਾ ਨਾਮ ਦੱਸਣਾ ਦੱਸ ਦੇ ਮੈਂ ਤੇ ਗੁਪਤ ਹੀ ਸੇਵਾ ਰੱਖਣੀ ਹੈ...। ਮੈਂ ਜਿਸਨੂੰ ਮਦਦ ਦੇਣੀ ਸੀ ਉਸਨੂੰ ਪਹਿਲਾਂ ਦੱਸ ਦਿੱਤਾ ਭਾਈ ਇਹ ਗੱਲ ਈ ਮੈਨੂੰ ਲੱਗਦਾ ਈ ਹੁਣ ਡਰ ਤੇ ਫਲਾਣੇ ਸਿੱਖ ਨੇ ਉਪਰੇਸ਼ਨ ਵਾਸਤੇ ਮਦਦ ਭੇਜੀ ਹੈ ਕੱਲ ਨੂੰ ਗੱਲ ਹੋਵੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿਸਨੇ ਕੀ ਕੀ ਭੇਜਿਆ ਹੈ।




## - ਬਾਲ ਕਵਿਤਾ -

### ਬੱਦਲ

ਸਾਨੂੰ ਚੰਗੇ ਲੱਗਦੇ ਬੱਦਲ,
ਇਹ ਠੰਢਕ ਪਹੁੰਚਾਉਂਦੇ ਨੇ,
ਬੱਚੇ ਖੁਸ਼ ਹੋ ਜਾਂਦੇ ਨੇ,
ਜਦ ਮੀਂਹ ਵਰਸਾਉਂਦੇ ਨੇ,
ਚਿੱਟੇ, ਭੂਰੇ, ਕਾਲੇ ਰੰਗ ਦੇ,
ਕਈ ਰੰਗਾਂ ਦੇ ਬਣ-ਬਣ ਆਉਂਦੇ ਨੇ,
ਸਾਨੂੰ ਚੰਗੇ ਲੱਗਦੇ ਬੱਦਲ,
ਇਹ ਠੰਢਕ ਪਹੁੰਚਾਉਂਦੇ ਨੇ।

**ਹਰਨੀਤ ਕੌਰ**, ਜਮਾਤ-ਚੌਥੀ
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਗੰਭੀਰਪੁਰ

### ਰੁੱਖ

ਹਰੇ-ਹਰੇ ਉੱਚੇ-ਉੱਚੇ ਕਿੰਨੇ ਸੋਹਣੇ ਰੁੱਖ ਨੇ,
ਰੁੱਖ ਇਹ ਕੱਟਦੇ ਸਭ ਦੇ ਦੁੱਖ ਨੇ,
ਜੀਅ ਕਰਦਾ ਇਨਾਂ ਵੱਲ ਦੇਖੀ ਜਾਵਾਂ,
ਕੋਲ ਇਨਾਂ ਦੇ ਘਰ ਮੈਂ ਪਾਵਾਂ,
ਰੁੱਖਾਂ ਦੇ ਨਾਲ ਗੱਲਾਂ ਕਰਾਂ,
ਰੁੱਖਾਂ ਕੋਲ ਹੀ ਬਹਿ ਜਾਵਾਂ,
ਮਿੱਠੇ-ਮਿੱਠੇ ਫਲ ਰੁੱਖਾਂ ਦੇ ਮੈਂ ਖਾਵਾਂ,
ਰੁੱਖਾਂ ਦੀ ਮੈਂ ਰਾਖੀ ਕਰਾਂ,
ਰੁੱਖਾਂ ਨੂੰ ਮੈਂ ਪਾਣੀ ਪਾਵਾਂ,
ਰੁੱਖ ਲਗਾਓ-ਰੁੱਖ ਲਗਾਓ,
ਇਨਾਂ ਨੂੰ ਨਾ ਕੱਟੋ, ਰੁੱਖਾਂ ਨੂੰ ਬਚਾਓ।

**ਪ੍ਰਿੰਸ ਸਿੰਘ**, ਜਮਾਤ-ਚੌਥੀ,
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਗੰਭੀਰਪੁਰ

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਪੰਜਾਬ ਦਾ ਸਿਆਸੀ ਦ੍ਰਿਸ਼ ਭੰਬਲਭੂਸਿਆਂ ਵਿਚ ਪਾਉਣ ਵਾਲਾ

**✪ ਕਾਂਗਰਸ ਦੀ ਜਥੇਬੰਦੀ ਅਤੇ ਸਰਕਾਰ ਲਗਾਤਾਰ ਟਕਰਾਉ ਦੀ ਸਥਿਤੀ ਵਿਚ ✪ ਆਪ ਲਈ ਮੁੱਖ ਮੰਤਰੀ ਦੇ ਉਮੀਦਵਾਰ ਨੂੰ ਚੁਣਨਾ ਪਾਰਟੀ ਲਈ ਵੱਡੀ ਚੁਣੌਤੀ ✪ ਸ਼੍ਰੋਮਣੀ ਅਕਾਲੀ ਦਲ ਇਸ ਵਾਰ ਬਸਪਾ ਨਾਲ ਗੱਠਜੋੜ ਕਰ ਕੇ ਮਜਬੂਤ ਹੋਇਆ ✪ ਕੈਪਟਨ ਤੇ ਭਾਜਪਾ ਗੱਠਜੋੜ ਨੂੰ ਦਿਹਾਤੀ ਇਲਾਕਿਆਂ ਵਿਚ ਹੁੰਗਾਰਾ ਮਿਲਣਾ ਅਸੰਭਵ**

ਅੰਮ੍ਰਿਤਸਰ ਟਾਈਮਜ਼ ਬਿਊਰੋ

ਪੰਜਾਬ ਦਾ ਸਿਆਸੀ ਦ੍ਰਿਸ਼ ਭੰਬਲਭੂਸਿਆਂ ਵਿਚ ਪਾਉਣ ਵਾਲਾ ਹੈ। ਚਰਨਜੀਤ ਸਿੰਘ ਚੰਨੀ ਦੇ ਸੂਬੇ ਦਾ ਮੁੱਖ ਮੰਤਰੀ ਬਣਨ ਤੋਂ ਬਾਅਦ ਸਿਆਸੀ ਮਾਹਿਰ ਇਹ ਸਮਝ ਰਹੇ ਸਨ ਕਿ ਕਾਂਗਰਸ ਨੇ ਵੱਡੀ ਸਿਆਸੀ ਪਹਿਲਕਦਮੀ ਕੀਤੀ ਹੈ ਜਿਸ ਨਾਲ ਉਹ ਵਿਧਾਨ ਸਭਾ ਦੀਆਂ ਆਉਣ ਵਾਲੀਆਂ ਚੋਣਾਂ ਸਹਿਜੇ ਹੀ ਜਿੱਤ ਜਾਵੇਗੀ ਪਰ ਕਾਂਗਰਸ ਦੀ ਜੱਥੇਬਦੀ ਅਤੇ ਸਰਕਾਰ ਲਗਤਾਰ ਟਕਰਾਉ ਦੀ ਸਥਿਤੀ ਵਿਚ ਹਨ। ਲੋਕ ਇਸ ਟਕਰਾਉ ਦੀਆਂ ਪਰਤਾਂ ਦੇ ਮਾਅਨੇ ਸਮਝਣ ਤੋਂ ਅਸਮਰੱਥ ਹਨ ਕਿ ਇਸ ਦੇ ਕਾਰਨ ਸਿਧਾਂਤਕ ਹਨ ਜਾਂ ਨਿੱਜੀ। ਕਾਂਗਰਸ ਸਰਕਾਰ ਕੋਲ ਆਪਣੇ ਵਾਅਦੇ ਪੂਰੇ ਕਰਨ ਲਈ ਬਹੁਤ ਥੋੜਾ ਸਮਾਂ ਹੈ ਅਤੇ ਅਜਿਹਾ ਟਕਰਾਉ ਇਸ ਸਮੱਸਿਆ ਨੂੰ ਹੋਰ ਜਟਿਲ ਬਣਾ ਸਕਦਾ ਹੈ।ਕਈ ਦਹਾਕਿਆਂ ਤੋਂ ਪੰਜਾਬ ਨਸ਼ਿਆਂ ਦੇ ਫੈਲਾਉ, ਬੇਰੁਜ਼ਗਾਰੀ ਅਤੇ ਰਿਸ਼ਵਤਖ਼ੋਰੀ ਦੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਜਿੱਥੇ ਬੇਰੁਜ਼ਗਾਰੀ, ਸਿਸਟਮ ਅਤੇ ਅਸਾਵੇਂ ਆਰਥਿਕ ਵਿਕਾਸ ਦੇ ਮਾਡਲ ਨਾਲ ਜੁੜੀ ਸਮੱਸਿਆ ਹੈ ਉੱਥੇ ਨਸ਼ਿਆਂ ਦਾ ਫੈਲਾਉ ਅਤੇ ਰਿਸ਼ਵਤਖ਼ੋਰੀ ਦੀਆਂ ਸਮੱਸਿਆਵਾਂ ਦਾ ਬੁਨਿਆਦੀ ਕਾਰਨ ਜ਼ਮੀਨੀ ਪੱਧਰ 'ਤੇ ਸਰਕਾਰੀ ਤੰਤਰ ਦਾ ਜਵਾਬਦੇਹ ਨਾ ਹੋਣਾ ਹੈ। ਰਿਸ਼ਵਤਖ਼ੋਰੀ ਸਾਡੀ ਜੀਵਨ ਜਾਚ ਦਾ ਹਿੱਸਾ ਬਣ ਚੁੱਕੀ ਹੈ। ਲੋਕਾਂ ਨੂੰ ਸਰਕਾਰੀ ਦਫ਼ਤਰਾਂ ਅਤੇ ਥਾਣਿਆਂ ਵਿਚ ਨਿੱਤ ਜ਼ਿੱਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਸੂਬੇ ਦੀ ਮੁੱਖ ਵਿਰੋਧੀ ਪਾਰਟੀ ਆਪ ਪਾਰਟੀ ਜ਼ਮੀਨੀ ਪੱਧਰ 'ਤੇ ਸਰਕਾਰੀ ਤੰਤਰ ਦੀ ਅਸਫ਼ਲਤਾ 'ਤੇ ਨਿਸ਼ਾਨਾ ਸੇਧਦਿਆਂ ਲੋਕਾਂ ਤੱਕ ਇਹ ਸੁਨੇਹਾ ਪਹੁੰਚਾਉਣ ਵਿਚ ਜੁਟੀ ਹੋਈ ਹੈ ਕਿ ਉਹ ਦਿੱਲੀ ਦੀ ਤਰਜ਼ 'ਤੇ ਅਜਿਹਾ ਸ਼ਾਸਨ ਦੇਵੇਗੀ ਜਿਸ ਵਿਚ ਰਿਸ਼ਵਤਖ਼ੋਰੀ ਘਟੇਗੀ ਤੇ ਲੋਕਾਂ ਦੀ ਸਿਆਸਤਦਾਨਾਂ ਅਤੇ ਅਧਿਕਾਰੀਆਂ ਤਕ ਪਹੁੰਚ ਵਧੇਗੀ। ਪਾਰਟੀ ਨੂੰ ਪੰਜਾਬ ਲਈ ਮੁੱਖ ਮੰਤਰੀ ਦੇ ਚਿਹਰੇ ਦੀ ਤਲਾਸ਼ ਵਿਚ ਲੱਗ ਰਹੀ ਦੇਰੀ ਪਾਰਟੀ ਦੁਆਰਾ ਬਣਾਈ ਭਵਿੱਖ ਦੀ ਤਸਵੀਰ ਨੂੰ ਧੁੰਦਲਿਆਂ ਕਰਦੀ ਹੈ। ਅਰਵਿੰਦ ਕੇਜਰੀਵਾਲ ਐਲਾਨ ਕਰ ਚੁੱਕੇ ਹਨ ਕਿ ਉਨਾਂ ਵੱਲੋਂ ਪੇਸ਼ ਕੀਤਾ ਜਾਣ ਵਾਲਾ ਮੁੱਖ ਮੰਤਰੀ ਦਾ ਉਮੀਦਵਾਰ ਸਿੱਖ ਹੋਵੇਗਾ। ਪਾਰਟੀ ਵੱਖ ਵੱਖ ਸਿਆਸਤਦਾਨਾਂ, ਕਲਾਕਾਰਾਂ, ਕਿਸਾਨ ਆਗੂਆਂ, ਸੇਵਾਮੁਕਤ ਅਫ਼ਸਰਾਂ, ਜਰਨੈਲਾਂ ਆਦਿ ਨੂੰ ਪਾਰਟੀ ਵਿਚ ਸ਼ਾਮਿਲ ਕਰਨ ਦੀ ਚਾਹਵਾਨ ਹੈ ਪਰ ਮੁੱਖ ਮੰਤਰੀ ਦੇ ਉਮੀਦਵਾਰ ਨੂੰ ਚੁਣਨਾ ਪਾਰਟੀ ਲਈ ਵੱਡੀ ਚੁਣੌਤੀ ਬਣ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਇਸ ਵਾਰ ਬਸਪਾ ਨਾਲ ਗੱਠਜੋੜ ਕਰ ਕੇ ਚੋਣਾਂ ਲੜ ਰਿਹਾ ਹੈ। ਹਰ ਹਲਕੇ ਵਿਚ ਜਥੇਬੰਦਕ ਤਾਕਤ ਅਤੇ ਮਜ਼ਬੂਤ ਕਾਡਰ ਪਾਰਟੀ ਦੀ ਸ਼ਕਤੀ ਹਨ। ਅਤੀਤ ਵਿਚ ਭਾਜਪਾ ਨਾਲ ਸਾਂਝ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਕਾਰਨ ਪਾਰਟੀ ਆਪਣੇ ਰਵਾਇਤੀ ਵੋਟਰਾਂ ਨੂੰ ਉਤਸ਼ਾਹਿਤ ਕਰਨ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ। ਕੇਂਦਰ ਸਰਕਾਰ ਦਆਰਾ ਖੇਤੀ ਕਾਨੂੰਨ ਵਾਪਸ ਲੈਣ ਦੇ ਐਲਾਨ ਤੋਂ ਬਾਅਦ ਭਾਜਪਾ ਫਿਰ ਸਰਗਰਮ ਹੋ ਰਹੀ ਹੈ। ਸੰਭਾਵਨਾ ਹੈ ਕਿ ਪਾਰਟੀ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਨਵੀਂ ਬਣਾਈ ਪੰਜਾਬ ਲੋਕ ਕਾਂਗਰਸ ਨਾਲ ਮਿਲ ਕੇ ਚੋਣਾਂ ਲੜੇਗੀ। ਅਮਰਿੰਦਰ ਸਿੰਘ ਕੌਮੀ ਸੁਰੱਖਿਆ ਦੇ ਮਾਮਲਿਆਂ 'ਤੇ ਕੇਂਦਰ ਸਰਕਾਰ ਅਤੇ ਭਾਜਪਾ ਦੀ ਹਾਂ ਵਿਚ ਹਾਂ ਮਿਲਾਉਂਦੇ ਰਹੇ ਹਨ। ਦੋਵੇਂ ਪਾਰਟੀਆਂ ਇਹ ਸਮਝਦੀਆਂ ਹਨ ਕਿ ਉਹ ਸ਼ਹਿਰੀ ਹਲਕਿਆਂ ਵਿਚ ਸੀਟਾਂ ਜਿੱਤ ਸਕਦੀਆਂ ਹਨ ਪਰ ਇਸ ਗੱਠਜੋੜ ਨੂੰ ਦਿਹਾਤੀ ਇਲਾਕਿਆਂ ਵਿਚ ਹੁੰਗਾਰਾ ਮਿਲਣਾ ਮੁਸ਼ਕਲ ਹੈ।ਸਾਬਕਾ ਮੁੱਖ ਮੰਤਰੀ ਕੈਪਟਨ ਨੇ ਦਾਅਵਾ ਕੀਤਾ ਕਿ ਉਨਾਂ ਦੀ ਪਾਰਟੀ ਭਾਜਪਾ ਨਾਲ ਮਿਲ ਕੇ ਚੋਣ ਲੜੇਗੀ ਅਤੇ ਸਰਕਾਰ ਬਣਾਵੇਗੀ। ਕੈਪਟਨ ਜਿਨਾਂ ਮੁੱਖ ਮੰਤਰੀ ਹਰਿਆਣਾ ਮਨੋਹਰ ਲਾਲ ਖੱਟਰ ਨਾਲ ਮੁਲਾਕਾਤ ਕੀਤੀ ਨੇ ਦੱਸਿਆ ਕਿ ਭਾਵੇਂ ਮੇਰੀ ਅਕਾਲੀ ਆਗੂ ਸ. ਸੁਖਦੇਵ ਸਿੰਘ ਢੀਂਡਸਾ ਨਾਲ ਕੋਈ ਗੱਲਬਾਤ ਜਾਂ ਮੀਟਿੰਗ ਨਹੀਂ ਹੋਈ ਪਰ ਉਹ ਸਾਡੇ ਚੋਣ ਗੱਠਜੋੜ ਵਿਚ ਹੀ ਸ਼ਾਮਿਲ ਹੋਣਗੇ ਅਤੇ ਸਾਡੇ ਨਾਲ ਮਿਲ ਕੇ ਹੀ ਚੋਣ ਲੜਨਗੇ। ਕੈਪਟਨ ਨੇ ਕਿਹਾ ਕਿ 2022 ਵਿੱਚ ਆਪਣੇ ਸਹਿਯੋਗੀਆਂ ਦੀ ਮਦਦ ਨਾਲ ਪੰਜਾਬ ਵਿੱਚ ਸਰਕਾਰ ਬਣੇਗੀ। ਕੈਪਟਨ ਨੇ ਕਿਹਾ ਕਿ ਪੰਜਾਬ ਵਿੱਚ ਉਨਾਂ ਦੀ ਤੇਜ਼ੀ ਨਾਲ ਮੈਂਬਰਸ਼ਿਪ ਮੁਹਿੰਮ ਚੱਲ ਰਹੀ ਹੈ।ਉਨਾਂ ਕਿਹਾ ਕਿ ਉਹ ਦਿੱਲੀ ਜਾ ਕੇ ਭਾਜਪਾ ਨਾਲ ਸੀਟਾਂ ਦੀ ਵੰਡ ਲਈ ਭਾਜਪਾ ਹਾਈਕਮਾਂਡ ਨੂੰ ਮਿਲਣਗੇ। ਉਹ ਉੱਤਰਾਖੰਡ ਤੇ ਯੂ.ਪੀ. ਵਿੱਚ ਵੀ ਭਾਜਪਾ ਲਈ ਪ੍ਰਚਾਰ ਕਰਨਗੇ।

ਕਿਸਾਨ ਅੰਦੋਲਨ ਨੇ ਸੂਬੇ ਨੂੰ ਨਵੀਆਂ ਆਸਾਂ ਅਤੇ ਸੰਭਾਵਨਾਵਾਂ ਦਿੱਤੀਆਂ ਹਨ। ਲੋਕਾਂ ਦਾ ਧਿਆਨ ਕਿਸਾਨ ਆਗੂਆਂ 'ਤੇ ਕੇਂਦਰਿਤ ਹੈ ਕਿ ਕੀ ਅੰਦੋਲਨ ਕਰਨ ਵਾਲੀਆਂ ਧਿਰਾਂ ਵਿਚੋਂ ਕੋਈ ਸਿਆਸੀ ਪਾਰਟੀ ਜਾਂ ਗਰੁੱਪ ਜਨਮ ਲੈ ਸਕਦਾ ਹੈ। ਸਮੇਂ ਦੀ ਘਾਟ ਕਾਰਨ ਕਿਸਾਨ ਆਗੂਆਂ ਲਈ ਅਜਿਹਾ ਫ਼ੈਸਲਾ ਲੈਣ ਵਿਚ ਬਹੁਤ ਮੁਸ਼ਕਿਲਾਂ ਆ ਸਕਦੀਆਂ ਹਨ। ਸਿਆਸੀ ਪਾਰਟੀਆਂ ਇਕ ਖ਼ਾਸ ਤਰਾਂ ਦੀ ਪ੍ਰਕਿਰਿਆ ਰਾਹੀਂ ਜਨਮ ਲੈਂਦੀਆਂ ਹਨ ਜਿਸ ਵਿਚ ਸਮਾਂ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਆਉਣ ਵਾਲੇ ਦਿਨ ਵੀ ਇਹ ਦੱਸਣਗੇ ਕਿ ਕੀ ਪੰਜਾਬ ਦੀ ਸਿਆਸਤ ਵਿਚ ਕੋਈ ਨਵੀਂ ਸ਼ਕਤੀ ਪ੍ਰਵੇਸ਼ ਕਰ ਕੇ ਸੂਬੇ ਦੇ ਭਵਿੱਖ ਨੂੰ ਕੋਈ ਵੱਖਰੀ ਸੇਧ ਦੇ ਸਕਦੀ ਹੈ ਜਾਂ ਵੋਟਰਾਂ ਨੂੰ ਰਵਾਇਤੀ ਪਾਰਟੀਆਂ ਵਿਚੋਂ ਹੀ ਚੋਣ ਕਰਨੀ ਪਵੇਗੀ।




## ਪਰਨੀਤ ਕੌਰ ਕੈਪਟਨ ਦੀ ਹਮਾਇਤ ਵਿਚ

ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਉਨਾਂ ਦੀ ਪਤਨੀ ਪਰਨੀਤ ਕੌਰ ਨੇ ਵੀ ਕਾਂਗਰਸ ਨੂੰ ਬਾਗੀ ਤੇਵਰ ਵਿਖਾ ਦਿੱਤੇ ਹਨ। ਹਾਈਕਮਾਨ ਦੀ ਘੁਰਕੀ ਦੇ ਬਾਵਜੂਦ ਸਾਂਸਦ ਪਰਨੀਤ ਕੌਰ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ 'ਕੈਪਟਨ ਫਾਰ 2022' ਦੀ ਪ੍ਰੋਫਾਈਲ ਤਸਵੀਰ ਲਗਾ ਦਿੱਤੀ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪਰਨੀਤ ਕੌਰ ਨੂੰ ਕਾਂਗਰਸ ਨੋਟਿਸ ਵੀ ਜਾਰੀ ਚੁੱਕੀ ਹੈ, ਹਾਲਾਂਕਿ ਅਜੇ ਤਕ ਉਨਾਂ ਨੇ ਕਾਂਗਰਸ ਨਹੀਂ ਛੱਡੀ ਹੈ ਪਰ ਉਨਾਂ ਨੇ ਪਤੀ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ ਖੁੱਲੇ ਤੌਰ 'ਤੇ ਨਿੱਤਰ ਕੇ ਕਾਂਗਰਸ ਦੀ ਚਿੰਤਾ ਜ਼ਰੂਰ ਵਧਾ ਦਿੱਤੀ ਹੈ।

ਪਰਨੀਤ ਕੌਰ ਵਲੋਂ ਲਗਾਈ ਗਈ ਇਸ ਤਸਵੀਰ ਨੇ ਜਿੱਥੇ ਸਿਆਸੀ ਗਲਿਆਰਿਆਂ ਵਿਚ ਖਲਬਲੀ ਮਚਾ ਦਿੱਤੀ ਹੈ, ਉਥੇ ਹੀ ਸਾਫ ਕਰ ਦਿੱਤਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਉਹ ਕਾਂਗਰਸ ਛੱਡ ਚੁੱਕੇ ਪਤੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਹੀ ਹੋਣਗੇ ਅਤੇ ਕੈਪਟਨ ਦੀ ਪੰਜਾਬ ਲੋਕ ਕਾਂਗਰਸ ਪਾਰਟੀ ਵਲੋਂ ਚੋਣ ਪ੍ਰਚਾਰ ਕਰਨਗੇ। ਕੈਪਟਨ ਇਸ ਪਾਰਟੀ ਰਾਹੀਂ ਭਾਜਪਾ ਨਾਲ ਸੀਟਾਂ ਦੀ ਵੰਡ ਕਰਕੇ ਵਿਧਾਨ ਸਭਾ ਚੋਣਾਂ ਲੜ ਸਕਦੇ ਹਨ।



# ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ ॥ ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ 16**

**ਸੰਪਾਦਤ: ਸਰਬਜੀਤ ਕੌਰ ਸਰਬ**

ਧਾਰਮਿਕ ਦੁਨੀਆਂ ਵਿਚ ਈਸ਼ਵਰ ਤੋਂ ਬਾਅਦ ਵਿਚਾਰ ਕਰਨ ਲਈ ਅਗਰ ਕੁਝ ਹੈ ਤਾਂ ਉਹ ਹੈ ਮਾਇਆ। ਅਕਾਲ ਪੁਰਖ ਪ੍ਰਮਾਤਮਾ ਤੋਂ ਬਾਅਦ ਅਗਰ ਕੋਈ ਸਮਰੱਥ ਹੈ ਅਤੇ ਉਸ ਨੂੰ ਸਮਝਣਾ ਬਹੁਤ ਬਰੀਕ ਹੋਵੇ ਤਾਂ ਉਹ ਹੈ ਮਾਇਆ। ਪ੍ਰਮਾਤਮਾ ਤੋਂ ਬਾਅਦ ਅਗਰ ਸਭ ਤੋਂ ਜ਼ਿਆਦਾ ਕਿਸੇ ਦਾ ਪ੍ਰਭਾਵ ਹੈ ਤਾਂ ਉਹ ਹੈ ਮਾਇਆ ਈਸ਼ਵਰ ਵਿਆਪਕ ਹੈ ਮਾਇਆ ਵਿਆਪਕ ਹੈ।ਜੇਕਰ ਮਾਇਆ ਵਿਆਪਕ ਨਹੀਂ ਜਾਂ ਜਿੱਥੇ ਮਾਇਆ ਨਹੀਂ ਫਿਰ ਉੱਥੇ ਤਾਂ ਈਸ਼ਵਰ ਹੀ ਈਸ਼ਵਰ ਹੈ ਇਕ ਈਸ਼ਵਰ ਹੈ ਇੱਕ ਮਾਇਆ ਹੈ। ਲੇਕਿਨ ਇਹ ਮਾਇਆ ਹੈ ਜਿਸ ਬਾਰੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਉਂ ਬਿਆਨ ਕਰਦੇ ਹਨ :

**ਤੀਨਿ ਗੁਣਾ ਇਕ ਸਕਤਿ ਉਪਾਇਆ॥**
**ਮਹਾ ਮਾਇਆ ਤਾ ਕੀ ਹੈ ਛਾਇਆ॥**
**ਅਛਲ ਅਛੇਦ ਅਭੇਦ ਦਇਆਲ॥**
**ਦੀਨ ਦਇਆਲ ਸਦਾ ਕਿਰਪਾਲ॥**
**ਤਾ ਕੀ ਗਤਿ ਮਿਤਿ ਕਛੂ ਨ ਪਾਇ॥**
**ਨਾਨਕ ਤਾ ਕੈ ਬਲਿ ਬਲਿ ਜਾਇ ॥**

ਮਾਇਆ ਛਾਇਆ ਹੈ ਸ਼ਾਇਰ ਨੂੰ ਕੋਈ ਪਕੜਨ ਦੀ ਕੋਸ਼ਿਸ਼ ਕਰੇ ਨਹੀਂ ਪਕੜੀ ਜਾ ਸਕਦੀ । ਪਰਛਾਵੇ ਦੀ ਕੋਈ ਪੋਟਲੀ ਬੰਨਣੀ ਚਾਹੇ ਨਹੀਂ ਬਣ ਸਕੇਗਾ ਈਸ਼ਵਰ ਨਿਹਚਲ ਹੈ ਅਤੇ ਉਸ ਨੂੰ ਆਪਣੇ ਨਾ ਚਲਾਣਾ ਚਾਹੇ ਨਹੀਂ ਚੱਲ ਸਕਦਾ ਤੇ ਨਾ ਹੀ ਉਹ ਚੱਲੇਗਾ।ਲੇਕਿਨ ਇੱਥੇ ਇੱਕ ਪ੍ਰਸ਼ਨ ਖੜਾ ਹੋਵੇਗਾ ਕੀ ਛਾਇਆ ਕੀ ਹੈ ? ਛਾਇਆ ਜੋ ਪ੍ਰਤੀਤ ਹੋਵੇ ਛਾਇਆ ਜੋ ਦਿਖਾਈ ਦੇਵੇ। ਧੁੱਪ ਦਾ ਸਤਾਇਆ ਹੋਇਆ ਮਨੁੱਖ ਅਗਰ ਛਾਇਆ ਵਿੱਚ ਬੈਠ ਕੇ ਆਨੰਦ ਵੀ ਮਾਣਿਆ ਸਕੂਨ ਵੀ ਮਾਣੇ ਤਾਂ ਫਿਰ ਵੀ ਛਾਇਆ ਦੀ ਪੋਟਲੀ ਨਹੀਂ ਬੰਨੀ ਜਾ ਸਕਦੇ। ਛਾਇਆ ਨੂੰ ਬਕਸੇ ਵਿੱਚ ਨਹੀਂ ਰੱਖਿਆ ਜਾ ਸਕਦਾ ਨਾ ਹੀ ਅਸੀਂ ਛਾਇਆ ਨੂੰ ਸਮੇਟ ਕੇ ਰੱਖ ਸਕਦੇ ਹਾਂ। ਉਹ ਹੈ ਦਿਖਾਈ ਦੇ ਰਹੀ ਹੈ ਪਰ ਫਿਰ ਵੀ ਪਕੜ ਵਿੱਚ ਨਾ ਆਵੇ ਫਿਰ ਵੀ ਗ੍ਰਿਫਤ ਵਿਚ ਨਾ ਆਵੇ । ਉਸ ਦੀ ਪੋਟਲੀ ਨਾ ਬੰਨੀ ਜਾ ਸਕੇ ਤੇ ਇਸ ਛਾਇਆ ਨੂੰ ਹੀ ਜੋ ਨਾਮ ਦਿੱਤਾ ਗਿਆ ਹੈ ਉਹ ਹੈ ਮਾਇਆ।



ਇਸਲਾਮ ਨੇ ਮਾਇਆ ਦਾ ਅਨੁਵਾਦ ਕੀਤਾ ਹੈ ਹਊਆ। ਏਨੀ ਕੁ ਗੱਲ ਹੈ ਉਹ ਵੀ ਤਸਲੀਮ ਕਰਦਾ ਹੈ ਕਿ ਖ਼ੁਦਾ ਤੋਂ ਬਾਅਦ ਅਗਰ ਕਿਸੇ ਦੀ ਖ਼ੁਦਾਈ ਹੈ ਤਾਂ ਉਹ ਹੈ ਹਊਆ । ਖ਼ੁਦਾ ਤੋਂ ਬਾਅਦ ਦੁਨੀਆਂ ਵਿੱਚ ਕੋਈ ਸਮਝਣ ਤੇ ਸਮਝਾਉਣ ਦਾ ਧਾਰਮਿਕ ਦੁਨੀਆਂ ਵਿੱਚ ਕੋਈ ਮੁੱਦਾ ਹੈ ਤਾਂ ਉਹ ਹੈ ਹਊਆ। ਭਾਰਤ ਦੇਸ਼ ਵੀ ਮੰਨਦਾ ਹੈ ਚਾਹੇ ਇੱਥੇ ਸਨਾਤਨ ਮੱਤ ਦਾ ਬੜਾ ਅਸਰ ਰਿਹਾ ਹੈ ਬੜੇ ਪ੍ਰਾਚੀਨ ਮਹਾਂ ਗ੍ਰੰਥਾਂ ਨੇ, ਪਰ ਫੇਰ ਵੀ ਬੁੱਧ ਦਾ ਜ਼ਮਾਨਾ ਆਇਆ ਮਹਾਂਵੀਰ ਦਾ ਜ਼ਮਾਨਾ ਆਇਆ ਗੁਰੂ ਨਾਨਕ ਪਾਤਸ਼ਾਹ ਦੀ ਦੁਨੀਆ ਦਾ ਪਸਾਰਾ ਹੋਇਆ, ਪਰ ਫਿਰ ਵੀ ਮਾਇਆ ਤੋਂ ਇਕ ਨੇ ਵੀ ਇਨਕਾਰ ਨਹੀਂ ਕੀਤਾ। ਅਕਾਲ ਪੁਰਖ ਹੈ ਪਰ ਛਾਇਆ ਵੀ ਹੈ, ਇਹ ਛਾਇਆ ਹੀ ਮਨੁੱਖ ਨੂੰ ਉਸ ਅਕਾਲ ਪੁਰਖ ਤੋਂ ਦੂਰ ਕਰਦੀ ਹੈ । ਇਸ ਦੂਰੀ ਨੂੰ ਮਿਟਾਉਣ ਦੇ ਲਈ ਹੀ ਪੈਗੰਬਰ ਰਹਿਬਰਾਂ ਦਾ ਜਨਮ ਇਸ ਧਰਤੀ ਉੱਤੇ ਹੋਇਆ ਸੀ।

ਇਹ ਜਗਤ ਅੱਧ ਤੋਂ ਵੱਧ ਛਾਇਆ ਤੋਂ ਹੀ ਪ੍ਰਭਾਵਿਤ ਹੈ ਈਸ਼ਵਰ ਤੋਂ ਨਹੀਂ । ਉਸ ਦਾ ਇੱਕ ਕਾਰਨ ਹੈ ਛਾਇਆ ਆਦ੍ਰਿਸ਼ਟ ਹੈ ਅਕਸਰ ਦ੍ਰਿਸ਼ਟਮਾਨ ਦੀ ਛਾਇਆ ਬਣੇਗੀ ਪਰ ਗਜ਼ਬ ਦੀ ਗੱਲ ਹੈ ਧਰਮ ਇਹ ਕਹਿ ਰਿਹਾ ਹੈ ਕਿ ਮਾਇਆ ਆਦ੍ਰਿਸ਼ਟ ਦੀ ਛਾਇਆ ਹੈ। ਆਦ੍ਰਿਸ਼ਟ ਦੀ ਛਾਇਆ ਕਿਸ ਤਰਾਂ ਹੋਈ ? ਦਰਅਸਲ ਉਹ ਆਦ੍ਰਿਸ਼ਟ ਸਾਡੇ ਲਈ ਹੈ ਈਸ਼ਵਰ ਆਦ੍ਰਿਸ਼ਟ ਨਹੀਂ ਹੈ ਪਰ ਸਾਡੇ ਲਈ ਆਦਰਸ਼ ਹੈ ਹਰ ਉਹ ਚੀਜ਼ ਆਦ੍ਰਿਸ਼ਟ ਹੈ ਜਿੱਥੇ ਤੱਕ ਨਿਗਾ ਨਾ ਪਹੁੰਚੇ । ਜਿੱਥੇ ਨਿਗਾ ਪਹੁੰਚ ਗਈ ਦ੍ਰਿਸ਼ਟਮਾਨ ਹੋ ਗਿਆ ਪਰ ਜਿੱਥੇ ਨਜ਼ਰ ਨਹੀਂ ਪਹੁੰਚੀ ਉਹ ਆਦ੍ਰਿਸ਼ਟ ਹੋ ਗਿਆ । ਅਕਾਲ ਪੁਰਖ ਪ੍ਰਮਾਤਮਾ ਇਕ ਮਾਅਨੇ ਵਿੱਚ ਆਦ੍ਰਿਸ਼ਟ ਹੈ ਨਿਗਾ ਨਹੀਂ ਪਹੁੰਚੀ ਨਜ਼ਰਾਂ ਨਹੀਂ ਪਹੁੰਚੀਆਂ, ਕਿਉਂ ਕੀ ਉਸ ਨੂੰ ਸਿਰਫ਼ ਅੰਦਰੋਂ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਨਿਰੰਕਾਰ ਪ੍ਰਮਾਤਮਾ ਇਸ ਸੰਸਾਰ ਦੀ ਹਰ ਵਸਤੂ ਵਿੱਚ ਮੌਜੂਦ ਹੈ ਪਰ ਉਹ ਸਾਡੀਆਂ ਅੱਖਾਂ ਤੋਂ ਓਹਲੇ ਐ ਉਸ ਨੂੰ ਵੇਖਣ ਦੇ ਲਈ ਸਾਨੂੰ ਆਪਣੇ ਅੰਦਰ ਝਾਤ ਮਾਰਨੀ ਪੈਂਦੀ ਹੈ। ਲੇਕਿਨ ਉਸ ਦੀ ਛਾਇਆ ਦ੍ਰਿਸ਼ਟਮਾਨ ਹੋ ਰਹੀ ਹੈ ਛਾਇਆ ਨੂੰ ਵੇਖਣ ਲਈ ਅੱਖਾਂ ਸਮਰੱਥ ਹੋ ਸਕਿਆ ਨੇ ਜਿਸ ਦੀ ਛਾਇਆ ਹੈ ਉਸ ਤੱਕ ਨਿਗਾ ਨਹੀਂ ਪਹੁੰਚੀ, ਉਸ ਤੱਕ ਨਜ਼ਰਾਂ ਨਹੀਂ ਪਹੁੰਚੀਆਂ। ਧਾਰਮਿਕ ਸਾਧਨ ਸਿਰਫ਼ ਆਪਣੀ ਨਜ਼ਰ ਨੂੰ ਵਿਕਸਿਤ ਕਰਨ ਦਾ ਇੱਕ ਵਸੀਲਾ ਹੀ ਹੈ ਹੋਰ ਕੁਝ ਨਹੀਂ ਆਪਣੀ ਨਜ਼ਰ ਨੂੰ ਪਾਰਦਰਸ਼ੀ ਕਰਨ ਦਾ ਇਕ ਵਸੀਲਾ ਹੈ ਜੋ ਉਸ ਅਕਾਲ ਪੁਰਖ ਪ੍ਰਮਾਤਮਾ ਤਕ ਪੁੱਜਣ ਦਾ ਰਸਤਾ ਦੱਸਦਾ ਹੈ। ਸਾਡੀਆਂ ਨਿਗਾਹਵਾਂ ਓਰਾ ਤਾਂ ਦੇਖ ਸਕਦੀਆਂ ਹਨ ਪਰ ਪਾਰ ਤੱਕ ਨਹੀਂ ਪਹੁੰਚਦੀਆਂ ਹਨ। ਇਹ ਗੱਲ ਵੱਖਰੀ ਹੈ ਕਿ ਇਨਾਂ ਬੈਰੂਨੀ ਅੱਖਾਂ ਦੀ ਸ਼ਕਤੀ ਵਿਗਿਆਨ ਨੇ ਵਧਾਈ ਹੈ। ਵੈਸੇ ਸਾਰੇ ਗਿਆਨ ਇੰਦਰੀਆਂ ਦੀ ਸ਼ਕਤੀ ਨੂੰ ਵਧਾਉਣ ਵਿੱਚ ਵਿਗਿਆਨ ਸਮਰੱਥ ਹੋ ਸਕਿਆ ਹੈ। ਮਨੁੱਖ ਬਹੁਤ ਵੀ ਉੱਚਾ ਬੋਲੇ ਤਾਂ ਫੇਰ ਵੀ ਉਹ ਪੰਜ ਸੌ ਗਜ਼ ਤੋਂ ਜ਼ਿਆਦਾ ਤੱਕ ਅਵਾਜ਼ ਨਹੀਂ ਪਹੁੰਚਾ ਸਕੇਗਾ। ਇਸ ਦੂਰੀ ਤੋਂ ਅੱਗੇ ਤੱਕ ਉਸ ਦੀ ਆਵਾਜ਼ ਨਹੀਂ ਜਾ ਸਕੇਗੀ ਲੇਕਿਨ ਰੇਡੀਓ, ਟੀ.ਵੀ, ਟੈਲੀਫੋਨ ਰਾਹੀਂ ਲੋਕ ਆਪਣੀ ਆਵਾਜ਼ ਨੂੰ ਆਪਣੇ ਬੋਲਾਂ ਨੂੰ ਹਜ਼ਾਰਾਂ ਮੀਲ ਦੂਰ ਪਹੁੰਚਾ ਰਿਹਾ ਹੈ । ਸੱਤ ਸਮੁੰਦਰਾਂ ਤੋਂ ਪਾਰ ਵੀ ਇਸ ਦੇ ਬੋਲ ਜਾ ਰਹੇ ਨੇ ਇਸ ਦੀ ਅਵਾਜ਼ ਜਾ ਰਹੀ ਹੈ ਆਵਾਜ਼ ਨੂੰ ਵਿਗਿਆਨ ਨੇ ਦੂਰ ਪਹੁੰਚਾਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ। ਨਿਗਾਹਾਂ ਨੂੰ ਵੀ ਦੂਰ ਤੱਕ ਪਹੁੰਚਾਣ ਵਿਚ ਕਾਮਯਾਬੀ ਹਾਸਲ ਕੀਤੀ ਹੈ। ਐਸੀਆਂ ਦੂਰਬੀਨਾਂ ਹਨ ਕਿ ਜਿੱਥੋਂ ਤੱਕ ਨਿਗਾਹ ਦੀ ਸੀਮਾ ਹੈ ਉਸ ਤੋਂ ਵੀ ਅਗਾਂਹ ਤੱਕ ਦੇਖ ਸਕਦੀਆਂ ਹਨ ਇਹ ਅੱਖਾਂ ਦਿਨ ਨੂੰ ਵੀ ਤਾਰੇ ਦੇਖ ਸਕਦੀਆਂ ਹਨ, ਅਜਿਹੀਆਂ ਦੂਰਬੀਨਾਂ ਸਾਇੰਸਦਾਨਾਂ ਨੇ ਪੈਦਾ ਕਰ ਦਿੱਤੀਆਂ ਹਨ। ਇਹ ਦੂਰ ਦਰਾਜ਼ ਨਛੱਤਰਾਂ ਵਿੱਚ ਕੀ ਹੋ ਰਿਹਾ ਹੈ ਵੇਖ ਸਕਦੀਆਂ ਹਨ, ਬਰੀਕ ਤੋਂ ਬਰੀਕ ਚੀਜ਼ ਜੋ ਇਨਾਂ ਮੋਟੀਆਂ ਅੱਖਾਂ ਦੀ ਨਿਗਾ ਤੋਂ ਪਰੇ ਹੈ ਖ਼ੁਰਦਬੀਨ ਦੇ ਰਾਹੀਂ ਅਸੀਂ ਵੇਖ ਸਕਦੇ ਹਾਂ ਅਤੇ ਵੇਖਣ ਵਿਚ ਸਫਲ ਹੋਏ ਹਾਂ। ਇਸੇ ਤਰੀਕੇ ਨਾਲ ਕੰਨਾਂ ਦੀ ਸ਼ਕਤੀ ਵਧੀ ਹੈ, ਕਰਮ ਇੰਦਰੀਆਂ ਦੀ ਸ਼ਕਤੀ ਵਧੀ ਹੈ। ਲੇਕਿਨ ਇਹ ਵਾਧਾ ਜਿਤਨਾ ਵੀ ਹੋਇਆ ਹੈ ਅਸੀਂ ਸਿਰਫ਼ ਛਾਇਆ ਨੂੰ ਵੇਖਣ ਤੇ ਸੁਣਨ ਵਿਚ ਹੀ ਸਮਰੱਥ ਹੋ ਸਕੇ ਹਾਂ ਪਰ ਜਿਸ ਦੀ ਇਹ ਛਾਇਆ ਹੈ, ਉਸ ਨੂੰ ਨਾ ਵੇਖ ਸਕੇ ਹਾਂ, ਨਾ ਹੀ ਉਹ ਵਿਖਾਈ ਦਿੱਤਾ ਹੈ । ਇਸ ਲਈ ਇਹ ਆਦ੍ਰਿਸ਼ਟ ਹੈ, ਆਦ੍ਰਿਸ਼ਟ ਦਾ ਮਤਲਬ ਇਤਨਾ ਨਹੀਂ ਹੈ ਕਿ ਬਿਲਕੁਲ ਸੂਖਸ਼ਮ ਅਤੇ ਅਤਿ ਸੂਖ਼ਮ ਹੈ। ਆਦ੍ਰਿਸ਼ਟ ਦਾ ਮਤਲਬ ਇਹ ਨਹੀਂ ਹੈ ਕਿ ਸਾਡੀ ਪਹੁੰਚ ਤੋਂ ਪਰੇ ਹੈ, ਬਲਕਿ ਸਾਡੀ ਸੋਚ ਤੋਂ ਪਰੇ ਹੈ, ਸਾਡੀ ਨਿਗਾ ਤੋਂ ਪਰੇ ਹੈ, ਜੋ ਹੋ ਰਿਹਾ ਹੈ ਦਿਖਾਈ ਦੇ ਰਿਹਾ ਹੈ ਅਤੇ ਜੋ ਦਿਖਾਈ ਦੇ ਰਿਹਾ ਦੇਖਦਿਆਂ ਦੇਖਦਿਆਂ ਅੱਖਾਂ ਮਲੀਨ ਹੋ ਜਾਂਦੀਆਂ ਹਨ । ਅਕਾਲ ਪੁਰਖ ਪ੍ਰਮਾਤਮਾ ਨੂੰ ਸਿਰਫ਼ ਮਨ ਦੀਆਂ ਅੱਖਾਂ ਨਾਲ ਵੇਖਿਆ ਜਾ ਸਕਦਾ ਹੈ, ਤਨ ਦੀਆਂ ਅੱਖਾਂ ਸਿਰਫ਼ ਉਸ ਨੂੰ ਮਹਿਸੂਸ ਕਰ ਸਕਦੀਆਂ ਹਨ।

---

# ਜਥੇਦਾਰ ਅਕਾਲ ਤਖਤ ਅਕਾਲੀ ਦਲ ਦੀ "ਹਿਜ਼ ਮਾਸਟਰ ਵਾਇਸ" ਨਾ ਬਣਨ, ਓਹ ਸਮੂਹ ਕੌਮ ਦੇ ਜਥੇਦਾਰ ਹਨ- ਪਰਮਜੀਤ ਸਿੰਘ ਸਰਨਾ

## ਸ੍ਰੀ ਅਕਾਲ ਤਖਤ ਸਾਹਿਬ ਨੂੰ ਨਿਰਪੱਖ ਤੇ ਪੰਥਕ ਰਹਿਣ ਦਿਓ

**ਅੰਮ੍ਰਿਤਸਰ ਟਾਈਮਜ਼/ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):-** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ੍ਰ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋ ਸਿਰਸੇ ਦੀ ਭਾਜਪਾ ਵਿੱਚ ਸ਼ਮੂਲੀਅਤ ਨੂੰ ਦਰੁਸਤ ਠਹਿਰਾਉਣ ਤੇ ਕੁਝ ਵਿਰੋਧੀਆ ਨੂੰ ਜਿੰਮੇਵਾਰ ਠਹਿਰਾਉਣ ਦਾ ਕੜਾ ਨੋਟਿਸ ਲੈਦਿਆ ਕਿਹਾ ਕਿ ਜਥੇਦਾਰ ਅਕਾਲ ਤਖਤ ਸਿਰਫ ਸ੍ਰੋਮਣੀ ਅਕਾਲੀ ਦਲ ਬਾਦਲ ਦੀ ਭਾਸ਼ਾ ਬੋਲ ਕੇ "ਹਿਜ਼ ਮਾਸਟਰ ਵਾਇਸ" ਬਨਣ ਦੀ ਕੋਸ਼ਿਸ਼ ਨਾ ਕਰਨ ਤੇ ਜਥੇਦਾਰ ਦੇ ਕੱਦ ਬੁੱਤ ਨੂੰ ਗ੍ਰਹਿਣ ਨਾ ਲਗਾਉਣ ਅਤੇ ਇਹ ਵੀ ਸਪੱਸ਼ਟ ਕਰਨ ਕਿ ਕਿਹੜੇ ਲੋਕ ਸਿਰਸੇ ਨੂੰ ਭਾਜਪਾ ਵਿੱਚ ਭੇਜਣ ਲਈ ਜਿੰਮੇਵਾਰ ਹਨ।

ਅਜ ਜਾਰੀ ਕੀਤੇ ਗਏ ਬਿਆਨ ਰਾਹੀ ਸ੍ਰ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਤੋ ਨਿਰਪੱਖ ਤੇ ਪੰਥਕ ਅਵਾਜਾਂ ਆਉਣੀਆ ਚਾਹੀਦੀਆ ਹਨ ਪਰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਇੱਕ ਭ੍ਰਿਸ਼ਟ ਤੇ ਗੁਰੂ ਦੀ ਗੋਲਕ ਨੂੰ ਲੁੱਟਣ ਵਾਲੇ ਦੀ ਪੁਸ਼ਤਪਨਾਹੀ ਹੀ ਨਹੀ ਕਰ ਰਹੇ ਸਗੋ ਨਨਕਾਣਾ ਸਾਹਿਬ ਪਾਲਕੀ ਭੇਜਣ ਦੇ ਨਾਮ ਤੇ ਸੰਗਤਾਂ ਕੋਲੋ ਕਰੋੜਾਂ ਰੁਪਏ ਠੱਗਣ ਤੇ ਕਈ ਕਿਲੋ ਸੋਨਾ ਹਜ਼ਮ ਕਰਨ ਵਾਲੇ ਦੀ ਪੁਸ਼ਤਪਨਾਹੀ ਕਰ ਰਹੇ ਹਨ। ਜਿਹੜੀ ਮਾਇਆ ਸੰਗਤਾਂ ਕੋਲੋ ਇਕੱਠੀ ਕੀਤੀ ਸੀ ਉਸ ਵਿਸਥਾਰ ਰੂਪ ਵਿੱਚ ਜਾਣਕਾਰੀ ਦੇਣ ਲਈ ਜਥੇਦਾਰ ਨੇ ਸਿਰਸੇ ਨੂੰ ਸੰਗਤਾਂ ਦੀ ਜਾਣਕਾਰੀ ਲਈ ਦਿਲੀ ਕਮੇਟੀ ਦੇ ਦਫਤਰ ਦੇ ਬਾਹਰ ਤੇ ਹੋਰ ਦਿੱਲੀ ਵਿੱਚ ਸਿੱਖ ਅਬਾਦੀ ਵਾਲੇ ਇਲਾਕਿਆ ਵਿੱਚ ਲਗਾਉਣ ਦਾ ਆਦੇਸ਼ ਦਿੱਤੇ ਸਨ ਪਰ ਇਹ ਆਦੇਸ਼ ਅੱਜ ਤੱਕ ਲਾਗੂ ਨਹੀ ਹੋਏ। ਉਹਨਾਂ ਕਿਹਾ ਕਿ ਜਨਵਰੀ ੨੦੨੦ ਵਿੱਚ ਜਦੋ ਦਿੱਲੀ ਕਮੇਟੀ ਦੇ ਤੱਤਕਾਲੀ ਪ੍ਰਧਾਨਾਂ ਤੇ ਸਾਬਕਾ ਪ੍ਰਧਾਨਾਂ ਦੀ ਮੀਟਿੰਗ ਬੁਲਾ ਕੇ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਸੀ ਕਿ ਦਿੱਲੀ ਕਮੇਟੀ ਦੇ ਖਾਤਿਆ ਦੀ ਇੱਕ ਹਫਤੇ ਵਿੱਚ ਕਮੇਟੀ ਬਣਾ ਕੇ ਪਿਛਲੇ ੨੦ ਸਾਲਾਂ ਦੀ ਜਾਂਚ ਕੀਤੀ ਜਾਵੇਗੀ ਤੇ ਕਮੇਟੀ ਦੋ ਮਹੀਨਿਆ ਦੇ ਅੰਦਰ ਆਪਣੀ ਰਿਪੋਰਟ ਦੇਵੇਗੀ ਪਰ ਅੱਜ ਤੱਕ ਕਰੀਬ ਦੋ ਸਾਲ ਬੀਤ ਜਾਣ ਦੇ ਬਾਅਦ ਵੀ ਨਾ ਕਮੇਟੀ ਬਣੀ ਹੈ ਤੇ ਨਾ ਹੀ ਜਾਂਚ ਹੋਈ ਹੈ ਜਦ ਕਿ ਉਹ (ਪਰਮਜੀਤ ਸਿੰਘ ਸਰਨਾ) ਕਈ ਵਾਰੀ ਜਥੇਦਾਰ ਨੂੰ ਫੋਨ ਤੇ ਬੇਨਤੀਆ ਕਰ ਚੁੱਕੇ ਹਨ ਪਰ ਭ੍ਰਿਸ਼ਟ ਆਗੂਆਂ ਨੂੰ ਬਚਾਇਆ ਜਾ ਰਿਹਾ ਹੈ। ਜੇਕਰ ਜਥੇਦਾਰ ਨੇ ਸਮੇ ਸਿਰ ਕਾਰਵਾਈ ਕੀਤੀ ਹੁੰਦੀ ਤਾਂ ਸ਼ਾਇਦ ਅੱਜ ਅਜਿਹਾ ਹਾਲਤ ਦਿੱਲੀ ਕਮੇਟੀ ਦੀ ਨਾ ਹੁੰਦੀ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਤੇ ਜਦੋਂ ਵਿਦੇਸ਼ੀ ਹੁਕਮਰਾਨ ਭਾਰਤ ਆਏ ਤਾਂ ਉਹਨਾਂ ਕਿਹਾ ਕਿ ਜਾਂ ਧਰਮ ਚੁਣ ਲਵੋ ਜਾਂ ਕਰਮ ਚੁਣ ਲਉ ਤੇ ਜਦੋ ਮੁਗਲ ਭਾਰਤ ਆਏ ਤਾਂ ਉਹਨਾਂ ਕਿਹਾ ਕਿ ਜਾਂ ਧਰਮ ਚੁਣ ਲਊ ਤੇ ਜਾਂ ਫਿਰ ਜਿੰਦਗੀ ਚੁਣ ਲਉ , ਕਈਆ ਤੇ ਨੇ ਧਰਮ ਚੁਣਿਆ ਤੇ ਕਈਆ ਨੇ ਕਰਮ ਤੇ ਜਿੰਦਗੀ ਚੁਣੀ। ਠੀਕ ਇਸੇ ਤਰਾ ਜਥਦੇਰਾ ਨੇ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ ਦਾ ਉਹਨਾਂ ਨੂੰ ਫੋਨ ਆਇਆ ਤੇ ਕਿਹਾ ਕਿ ਭਾਜਪਾ ਆਗੂ ਕਹਿ ਰਹੇ ਹਨ ਕਿ ਜਾਂ ਉਹ ਭਾਜਪਾ ਵਿੱਚ ਆ ਜਾਣ ਜਾਂ ਫਿਰ ਜੇਲ ਜਾਣ ਦੀ ਤਿਆਰੀ ਕਰ ਲੈਣ। ਸਿਰਸੇ ਨੇ ਵੀ ਜੇਲ ਦੀ ਬਜਾਏ ਭਾਜਪਾ ਵਿੱਚ ਜਾਣਾ ਹੀ ਠੀਕ ਸਮਝਿਆ। ਸ੍ਰ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਜੇਕਰ ਸਿਰਸਾ ਵਾਕਿਆ ਹੀ ਗੁਰੂ ਦਾ ਸਿੱਖ ਹੈ ਤੇ ਉਸ ਨੇ ਕੋਈ ਗਲਤ ਕੰਮ ਨਹੀ ਕੀਤਾ ਤਾਂ ਫਿਰ ਉਸ ਨੂੰ ਜੇਲ ਜਾਣ ਤੋ ਡਰਨ ਦੀ ਕੀ ਲੋੜ ਸੀ ? ਕੀ ਅੱਜ ਸਿੱਖ ਆਗੂਆਂ ਦਾ ਕਿਰਦਾਰ ਅਜਿਹਾ ਹੀ ਹੈ ? ਕੀ ਉਹ ਬਜ਼ੁਰਗਾਂ ਦੀਆਂ



ਕੁਰਬਾਨੀਆ ਨੂੰ ਭੁੱਲ ਗਏ ਹਨ ਜਿਹਨਾਂ ਧਰਮ ਦੀ ਖਾਤਰ ਆਪਾ ਵਾਰ ਦਿੱਤਾ, ਆਰਿਆਂ ਨਾ ਚਿਰਾਏ ਗਏ, ਪੁੱਠੀਆ ਖੱਲਾਂ ਲੁਹਾਈਆ। ਬੱਬਰ ਅਕਾਲੀਆ ਦੀਆਂ ਕੁਰਬਾਨੀਆ ਜਿਹਨਾਂ ਨੇ ਕਈ ਕਈ ਸਾਲ ਜੇਲਾਂ ਕੱਟੀਆ ਪਰ ਮਾਮੂਲੀ ਕੇਸਾਂ ਵਿੱਚ ਵੀ ਆਪਣੀਆ ਜ਼ਮਾਨਤਾਂ ਨਹੀ ਕਰਵਾਈਆ ਸਨ। ਉਹਨਾਂ ਕਿਹਾ ਕਿ ਸਿਰਸੇ ਨੇ ਗੁਰੂ ਦਾ ਲੜ ਛੱਡ ਦਿੱਤਾ ਜਾਂ ਫਿਰ ਸਿਰਸੇ ਨੂੰ ਗੁਰੂ ਤੇ ਵਿਸ਼ਵਾਸ਼ ਨਹੀ ਰਿਹਾ ਸੀ ਜਾਂ ਫਿਰ ਉਸ ਦੇ ਪਾਪ ਕੰਬਦੇ ਹਨ ਜਿਹਨਾਂ ਕਰਕੇ ਉਸ ਨੂੰ ਜੇਲ ਜਾਣ ਦਾ ਡਰ ਸਤਾ ਰਿਹਾ ਹੈ। ਜਥੇਦਾਰ ਜੀ ਸੰਗਤਾਂ ਨੂੰ ਇਹ ਵੀ ਦੱਸਣ ਦੀ ਕਿਰਪਾਲਤਾ ਕਰਨ ਕਿ ਕੀ ਅੱਜ ਸ਼੍ਰੋਮਣੀ ਸਿੱਖ ਸੰਸਥਾਵਾਂ ਦੇ ਪ੍ਰਧਾਨ ਜੇਲਾਂ ਤੋ ਡਰ ਕੇ ਆਪਣਾ ਕਰਮ ਭੁੱਲ ਗਏ ਹਨ ? ਜਥੇਦਾਰ ਵੱਲੋ ਇਹ ਕਹਿਣਾ ਕਿ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਕੁਝ ਆਗੂ ਵੀ ਜਿੰਮੇਵਾਰ ਹਨ ਜਿਹਨਾਂ ਨੇ ਅਜਿਹੀ ਗਰਾਊਡ ਤਿਆਰ ਕੀਤੀ ਪਰ ਜਥੇਦਾਰ ਜੀ ਨੂੰ ਪੁੱਛਣਾ ਚਾਹੁੰਦੇ ਹਾ ਕਿ ਉਹ ਗੁੰਗੀ ਬੈ ਨਾ ਰੱਖਣ ਤੇ ਸਪੱਸ਼ਟ ਨਾ ਕੇ ਦੱਸਣ ਕਿ ਉਹ ਕਿਹੜੇ ਆਗੂ ਹਨ ? ਨਾਲ ਇਹ ਵੀ ਸਪੱਸ਼ਟ ਕਰ ਦੇਣ ਕਿ ਜਿਹੜਾ ਆਗੂ ਗੁਰੂ ਦੀ ਗੋਲਕ ਨੂੰ ਲੁੱਟ ਰਿਹਾ ਹੈ ਉਸ ਨੂੰ ਖੁੱਲੀ ਛੁੱਟੀ ਦੇ ਦਿੱਤੀ ਜਾਣੀ ਚਾਹੀਦੀ ਹੈ। ਅਕਾਲੀ ਦਲ ਬਾਦਲ ਨੇ ਵੀ ਅਜਿਹਾ ਹੀ ਬਿਆਨ ਦਿੱਤਾ ਤੇ ਜਥੇਦਾਰ ਉਸ ਦਾ "ਹਿਜ਼ ਮਾਸਟਰ ਵਾਇਸ" ਬਣ ਕੇ ਦੁਹਰਾ ਰਹੇ ਹਨ। ਉਹਨਾਂ ਕਿਹਾ ਕਿ ਜਥੇਦਾਰ ਅਕਾਲ ਤਖਤ ਨੂੰ ਉਹ ਅਪੀਲ ਕਰਦੇ ਹਨ ਕਿ ਗੁਰੂ ਦੇ ਭੈਅ ਵਿੱਚ ਰਹਿਣ ਵਾਲੇ ਸਿੱਖ ਨੂੰ ਕਿਸੇ ਦਾ ਕੋਈ ਡਰ ਨਹੀ ਹੁੰਦਾ ਤੇ ਲੁੱਟੇਰੇ ਤੇ ਭ੍ਰਿਸ਼ਟ ਆਗੂਆਂ ਦੀ ਹਮਾਇਤ ਕਰਕੇ ਉਹ ਮਜ਼ਾਕ ਦੇ ਪਾਤਰ ਨਾ ਬਨਣ। ਅੱਜ ਉਹਨਾਂ ਦੇ ਬਿਆਨ ਦੀ ਖਿੱਲੀ ਦੁਨੀਆਂ ਭਰ ਉਡਾਈ ਜਾ ਰਹੀ ਹੈ ਜਿਹੜੀ ਸਿੱਖ ਕੌਮ ਲਈ ਨਮੋਸ਼ੀ ਦੀ ਕਾਰਨ ਬਣ ਰਹੀ ਹੈ।

# ਕੀ ਰਾਜਨੀਤਕ ਸਿਆਸਤਦਾਨਾਂ ਨੂੰ ਵੋਟਾਂ ਡੇਰਿਆਂ ਤੋਂ ਮਿਲਦੀਆਂ ਹਨ ?



**ਸਰਬਜੀਤ ਕੌਰ ਸਰਬ**




ਪੰਜਾਬ ਦੇ ਨੇਤਾਵਾਂ ਵਿੱਚ 2022 ਦੀਆਂ ਚੋਣਾਂ ਨੂੰ ਲੈ ਕੇ ਦਲ ਬਦਲੀਆਂ ਕੀਤੀਆਂ ਜਾ ਰਹੀਆਂ ਹਨ । ਕਹਿੰਦੇ ਕਹਾਉਂਦੇ ਪਾਰਟੀ ਲੀਡਰ ਆਪਣੀਆਂ ਪਾਰਟੀਆਂ ਨੂੰ ਛੱਡ ਕੇ ਦੂਜੀਆਂ ਪਾਰਟੀਆਂ ਵਿੱਚ ਸ਼ਾਮਲ ਹੋ ਰਹੇ ਹਨ ਜਿਸ ਦੀ ਤਾਜ਼ਾ ਉਦਾਹਰਣ ਮਨਜਿੰਦਰ ਸਿੰਘ ਸਿਰਸਾ ਦੀ ਹੈ। ਜਿਸ ਨੇ ਬਹੁਤਾ ਸਮਾਂ ਅਕਾਲੀ ਦਲ ਵਿੱਚ ਬਤੀਤ ਕਰ ਕੇ ਚੋਣਾਂ ਨੇੜੇ ਹੋਣ ’ਤੇ ਬੀ ਜੇ ਪੀ ਪਾਰਟੀ ਦਾ ਪੱਲਾ ਫੜ ਲਿਆ ਹੈ। ਬੇਸ਼ੱਕ ਕਿਰਸਾਨੀ ਅੰਦੋਲਨ ਤੋਂ ਪਹਿਲਾਂ ਬੀਜੇਪੀ ਤੇ ਅਕਾਲੀ ਦਲ ਦਾ ਗੱਠਜੋੜ ਸੀ। ਇਹ ਰਾਜਨੀਤਿਕ ਪਾਰਟੀਆਂ ਅੰਦਰੋਂ ਗਤੀ ਕੀ ਕਰ ਰਹੀਆਂ ਹਨ ਇਸ ਦਾ ਆਮ ਵੋਟਰ ਨੂੰ ਪਤਾ ਨਹੀਂ ਚਲਦਾ । ਇਸ ਸਮੇਂ ਰਾਜਨੀਤਿਕ ਲੀਡਰ ਡੇਰਿਆਂ ਨਾਲ ਵੀ ਰਾਬਤਾ ਕਾਇਮ ਕਰ ਰਹੇ ਹਨ । ਸੋਸ਼ਲ ਮੀਡੀਆ ਉੱਤੇ ਅਜਿਹੀਆਂ ਬਹੁਤ ਸਾਰੀਆਂ ਵੀਡੀਓ ਕਲਿਪਸ ਆ ਰਹੀਆਂ ਹਨ ਜਿਨਾਂ ਵਿਚ ਦੱਸਿਆ ਜਾ ਰਿਹਾ ਹੈ ਕਿ ਇਹ ਰਾਜਨੀਤਿਕ ਲੀਡਰ ਡੇਰਿਆਂ ਵਿੱਚ ਜਾ ਰਹੇ ਹਨ । ਇਸ ਸਮੇਂ ਮੈਂ ਪੰਜਾਬ ਵਿੱਚ ਸੰਤ ਸਮਾਜ ਵੱਲੋਂ ਲਾਏ ਡੇਰਿਆਂ ਦੀ ਗੱਲ ਨਹੀਂ ਕਰ ਰਹੀ ਸਗੋਂ ਉਨਾਂ ਡੇਰਿਆਂ ਦੀ ਗੱਲ ਕਰ ਰਹੀ ਹਾਂ ਜੋ ਰਾਜਨੈਤਿਕ ਪ੍ਰਭਾਵ ਦੇ ਅਧੀਨ ਹਨ, ਭਾਵ ਸਰਕਾਰਾਂ ਵੱਲੋਂ ਚਲਾਏ ਜਾਂਦੇ ਹਨ, ਜਿਨਾਂ ਵਿੱਚੋਂ ਰਾਮ ਰਹੀਮ ਦਾ ਡੇਰਾ ਇੱਕ ਹੈ। ਜਿੱਥੇ ਅੱਜ ਵੀ ਲੱਖਾਂ ਦੀ ਗਿਣਤੀ ਵਿਚ ਲੋਕ ਸ਼ਾਮਲ ਹੁੰਦੇ ਹਨ ਇਨਾਂ ਡੇਰਿਆਂ ਵਿੱਚ ਜਾ ਕੇ ਰਾਜਨੈਤਿਕ ਲੀਡਰ ਹਾਜ਼ਰੀ ਭਰਦੇ ਹਨ ।

ਭਾਰਤੀ ਹਕੂਮਤ ਵੱਲੋਂ ਵੀ ਅਨੇਕਾਂ ਅਜਿਹੇ ਡੇਰਿਆਂ ਨੂੰ ਸ਼ਰਨ ਦਿੱਤੀ ਜਾ ਰਹੀ ਹੈ ਜੋ ਸਿੱਖੀ ਨੂੰ ਢਾਹ ਲਾ ਰਹੇ ਹਨ ਅਤੇ ਆਪਣੇ ਮੱਤ ਦਾ ਪ੍ਰਚਾਰ ਕਰ ਕੇ ਲੋਕਾਂ ਨੂੰ ਆਪਣੇ ਪ੍ਰਭਾਵ ਅਧੀਨ ਲਿਆ ਰਹੇ ਹਨ। ਸਰਕਾਰ ਇਨਾਂ ਡੇਰਿਆਂ ਦਾ ਇਸਤੇਮਾਲ ਚੋਣਾਂ ਦੌਰਾਨ ਕਰਦੀ ਹੈ ਕਿਉਂ ਕਿ ਉਨਾਂ ਨੂੰ ਪਤਾ ਹੈ ਕਿ ਇਨਾਂ ਡੇਰਿਆਂ ਨਾਲ ਆਮ ਲੋਕ ਜੁੜੇ ਹੋਏ ਹਨ ਤੇ ਇਨਾਂ ਲੋਕਾਂ ਕੋਲੋਂ ਵੋਟਾਂ ਕਿਵੇਂ ਲਈਆਂ ਜਾਣ ਇਹ ਉਨਾਂ ਨੁਮਾਇੰਦਿਆਂ ਨੂੰ ਪਤਾ ਹੈ ਜੋ ਸਰਕਾਰਾਂ ਦੀ ਚਮਚਾਗਿਰੀ ਕਰਦੇ ਹਨ। ਸਰਕਾਰਾਂ ਦੀ ਸੱਤਰ ਛਾਇਆ ਹੇਠ ਚੱਲਦੇ ਇਨਾਂ ਡੇਰਿਆਂ ’ਤੇ ਕੋਈ ਰੋਕ ਨਹੀਂ ਹੈ ਕਿਉਂਕਿ ਸਮੇਂ ਆਉਣ ’ਤੇ ਸਰਕਾਰਾਂ ਇਨਾਂ ਤੋਂ ਕੰਮ ਲੈਂਦੀਆਂ ਹਨ। ਇਨਾਂ ਡੇਰਾਵਾਦ ਲੋਕਾਂ ਨੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਸਲ ਸੱਚਾਈ ਤੋਂ ਲੋਕਾਂ ਨੂੰ ਬੇਮੁੱਖ ਕੀਤਾ ਹੋਇਆ ਹੈ। ਆਮ ਇਨਸਾਨ ਇਨਾਂ ਡੇਰਾ ਮੁਖੀਆਂ ਨੂੰ ਰੱਬ ਮੰਨੀ ਬੈਠਾ ਹੈ ਤੇ ਇਨਾਂ ਦੇ ਕਹਿਣ ਅਨੁਸਾਰ ਹੀ ਉਹ ਆਪਣਾ ਜੀਵਨ ਬਤੀਤ ਕਰ ਰਿਹਾ ਹੈ। ਇਸ ਲਈ ਡੇਰੇ ਦੇ ਨੁਮਾਇੰਦਿਆਂ ਵੱਲੋਂ ਧਾਰਮਿਕ ਪ੍ਰਚਾਰ ਹੇਠ ਚਲਾਈ ਜਾਂਦੀ ਰਾਜਨੀਤੀ ਦਾ ਅਸਲ ਸੱਚ ਇਹ ਹੀ ਹੈ ਕਿ ਉਹ ਆਪਣੇ ਪ੍ਰਭਾਵ ਅਧੀਨ ਕਰ ਕੇ ਲੋਕਾਂ ਨੂੰ ਜਿਸ ਪਾਸੇ ਵੋਟ ਕਰਨ ਲਈ ਕਹਿਣਗੇ ਉਹ ਭੋਲੇ ਲੋਕ ਉਸ ਪਾਸੇ ਹੀ ਵੋਟ ਦੇ ਦੇਣਗੇ। ਇਹ ਹੀ ਅਸਲ ਕਾਰਨ ਹੈ ਕਿ ਇਸ ਸਮੇਂ ਵਧੇਰੇ ਨੇਤਾ ਲੋਕ ਇਨਾਂ ਡੇਰਿਆਂ ਵਿੱਚ ਹਾਜ਼ਰੀ ਭਰ ਰਹੇ ਹਨ ਤੇ ਉਨਾਂ ਸਮਾਗਮਾਂ ਵਿਚ ਜਾ ਰਹੇ ਹਨ ਜੋ ਇਨਾਂ ਡੇਰਿਆਂ ਵੱਲੋਂ ਕਰਵਾਏ ਜਾਂਦੇ ਹਨ। ਜੇਕਰ ਲੋਕ ਇਨਾਂ ਡੇਰਿਆਂ ਵਿੱਚ ਜਾਣਾ ਬੰਦ ਕਰ ਦੇਣ ਤਾਂ ਹੀ ਉਹ ਚੰਗੇ ਮਾੜੇ ਰਾਜਨੀਤਿਕ ਸਿਆਸਤਦਾਨ ਵਿੱਚ ਭੇਦ ਸਮਝ ਸਕਣਗੇ। ਜੇਕਰ ਚੰਗੇ ਲੋਕ ਇੱਕ ਪੰਥ ਅਤੇ ਇਕ ਗੁਰੂ ਵਿੱਚ ਵਿਸਵਾਸ਼ ਰੱਖਣਗੇ ਤਾਂ ਹੀ ਉਨਾਂ ਦਾ ਭਵਿੱਖ ਸੰਵਰ ਸਕਦਾ ਹੈ ਨਹੀਂ ਤਾਂ ਜਿਵੇਂ ਪਹਿਲਾਂ ਰਾਜਨੀਤਿਕ ਖੇਡ ਚਲਦੀ ਆ ਰਹੀ ਹੈ ਉਵੇਂ ਹੀ ਅੱਗੇ ਚਲਦੀ ਰਹੇਗੀ।

# ਜ਼ਿੰਦਗੀ ਦਾ ਮਕਸਦ



**ਸੰਜੀਵ ਸਿੰਘ ਸੈਣੀ, ਮੋਹਾਲੀ**

ਜ਼ਿੰਦਗੀ ਖ਼ੂਬਸੂਰਤ ਹੈ ।ਅਸੀਂ ਸਾਰੇ ਇਸ ਸੰਸਾਰ ਵਿਚ ਵਿਚਰਦੇ ਹਾਂ। ਹਰ ਇਕ ਇਨਸਾਨ ਦਾ ਜ਼ਿੰਦਗੀ ਵਿੱਚ ਕੋਈ ਨਾ ਕੋਈ ਉਦੇਸ਼ ਹੁੰਦਾ ਹੈ। ਸਾਨੂੰ ਨਿਰੰਕਾਰ ਪ੍ਰਭੂ ਪ੍ਰਮਾਤਮਾ ਨੇ ਇਸ ਧਰਤੀ ਤੇ ਭੇਜਿਆ ਹੈ। ਇਸ ਧਰਤੀ ਤੇ ਆਉਣ ਦਾ ਸਾਡਾ ਵੀ ਕੋਈ ਉਦੇਸ਼ ਹੈ। ਅਸੀਂ ਇੱਥੇ ਕੋਈ ਸਦਾ ਲਈ ਨਹੀਂ ਆਏ ਹਾਂ। ਅਸੀਂ ਕੋਈ ਸਦਾ ਇਥੇ ਰਹਿਣ ਲਈ ਰਜਿਸਟਰੀ ਨਹੀਂ ਕਰਵਾ ਲਈ ਐ। ਅਸੀਂ ਇੱਕ ਨਾ ਇੱਕ ਦਿਨ ਇਸ ਸੰਸਾਰ ਤੋਂ ਰੁਖ਼ਸਤ ਹੋਣਾ ਹੈ। ਜੋ ਅਸੀਂ ਇੱਥੇ ਮਹਿਲ ਮਾੜੀਆਂ ਬਣਾ ਰਹੇ ਹਨ, ਇਕ ਨਾ ਇਕ ਦਿਨ ਅਸੀਂ ਇਸ ਸੰਸਾਰ ਤੋਂ ਸਾਰਿਆਂ ਨੂੰ ਛੱਡ ਕੇ ਚਲੇ ਜਾਣਾ ਹੈ। ਪਰ ਜੋ ਅੱਜ ਦਾ ਇਨਸਾਨ ਹੈ, ਉਹ ਜ਼ਿੰਦਗੀ ਦਾ ਮਕਸਦ ਭੁੱਲ ਚੁੱਕਾ ਹੈ। ਨਿਰੰਕਾਰ ਪ੍ਰਭੂ ਨੇ ਉਸਨੂੰ ਧਰਤੀ ਤੇ ਕੀ ਕਰਨ ਲਈ ਭੇਜਿਆ ਸੀ ਤੇ ਉਹ ਅੱਜ ਕੀ ਕਰ ਰਿਹਾ ਹੈ ? ਉਸਨੇ ਜ਼ਿੰਦਗੀ ਦਾ ਅਸਲੀ ਉਦੇਸ਼ ਭੁਲਾ ਦਿੱਤਾ ਹੈ।ਅਸੀਂ ਇਸ ਧਰਤੀ ਤੇ ਕੀ ਕਰਨ ਲਈ ਆਏ ਹਾਂ ਤੇ ਕੀ ਕਰ ਰਹੇ ਹਾਂ ? ਸਾਨੂੰ ਗੁਰੂ ਨਾਨਕ ਦੇਵ ਜੀ ਨੇ ਦਸਾਂ ਨਹੁੰਆਂ ਦੀ ਕਿਰਤ ਕਰਨ ਲਈ ਕਿਹਾ ਸੀ। ਨਿੱਜੀ ਸਵਾਰਥਾਂ ਖਾਤਰ ਅਸੀਂ ਕੁਦਰਤ ਨਾਲ ਵੀ ਖਿਲਵਾੜ ਕਰ ਰਹੇ ਹਾਂ। ਪੈਸੇ ਦੀ ਹੋੜ ਲੱਗੀ ਹੋਈ ਹੈ। ਮਾਇਆ, ਪੈਸਾ ਤਾਂ ਸਾਨੂੰ ਗੁਜ਼ਰਾਨ ਲਈ ਹੈ। ਇਨਸਾਨ ਗਲਤ ਕੰਮ ਕਰ ਕੇ ਆਪਣੇ ਬੈਂਕਾਂ ਵਿੱਚ ਮਾਇਆ ਇਕੱਠੀ ਕਰ ਰਿਹਾ ਹੈ। ਇਨਸਾਨੀਅਤ ਖ਼ਤਮ ਹੋ ਚੁੱਕੀ ਹੈ। ਪੈਸੇ ਦੀ ਹੋੜ ਕਾਰਨ ਭਰਾ -ਭਰਾ ਦਾ ਦੁਸ਼ਮਣ ਬਣ ਗਿਆ ਹੈ। ਇਨਸਾਨ ਨੂੰ ‘ਨਿਰੰਕਾਰ ‘ਪ੍ਰਭੂ ਦਾ ਬਿਲਕੁਲ ਵੀ ਡਰ ਨਹੀਂ ਰਿਹਾ ਹੈ। ਵਿਚਾਰਨ ਵਾਲੀ ਗੱਲ ਹੈ ਕਿ ਨਿਰੰਕਾਰ ਨੇ ਸਾਨੂੰ ਇਸ ਧਰਤੀ ਤੇ ਮਾਇਆ ਇਕੱਠੀ ਕਰਨ ਲਈ ਭੇਜਿਆ ਹੈ ? ਜੋ ਸਾਡਾ ਜ਼ਿੰਦਗੀ ਦਾ ਅਸਲੀ ਮਕਸਦ ਹੈ, ਉਹ ਅਸੀਂ ਭੁੱਲ ਗਏ ਹਾਂ। ਜ਼ਿੰਦਗੀ ਦਾ ਅਸਲੀ ਮਕਸਦ ਹੈ ‘ਭਗਤੀ’। ਜਦੋਂ ਅਸੀਂ ਇਸ ਸੰਸਾਰ ਤੋਂ ਰੁਖ਼ਸਤ ਹੋਵਾਂਗੇ ਤਾਂ ਨਿਰੰਕਾਰ ਦੀ ਦਰਗਾਹ ਵਿੱਚ ਸਾਡੇ ਕਰਮਾਂ ਦਾ ਲੇਖਾ ਜੋਖਾ ਹੋਵੇਗਾ। ਜਦੋਂ ਅਸੀਂ ਗਲਤ ਕੰਮ ਕਰ ਰਹੇ ਹੁੰਦੇ ਹਾਂ, ਤਾਂ ਨਿਰੰਕਾਰ ਹਰ ਜਗਾ ਹਾਜ਼ਰ ਹੈ। ਸਾਨੂੰ ਹਰ ਸਾਹ ਨਿਰੰਕਾਰ ਦਾ ਸਿਮਰਨ ਕਰਨਾ ਚਾਹੀਦਾ ਹੈ। ਗੁਰਬਾਣੀ ਵਿਚ ਵੀ ਫ਼ਰਮਾਇਆ ਗਿਆ ਹੈ ‘ਸਾਸਿ ਸਾਸਿ ਸਿਮਰਹੁ ਗੋਬਿੰਦ, ਮਨ ਅੰਤਰ ਕੀ ਉਤਰੈ ਚਿੰਦ।’ ਨਿਰੰਕਾਰ ਦੀ ਕਚਹਿਰੀ ਵਿੱਚ ਸਾਨੂੰ ਸਾਰਿਆਂ ਨੂੰ ਹੀ ਆਪਣੇ ਕਰਮਾਂ ਦਾ ਹਿਸਾਬ ਦੇਣਾ ਹੋਵੇਗਾ। ਜ਼ਿੰਦਗੀ ਬਹੁਤ ਛੋਟੀ ਹੈ। ਅੱਜ ਕੱਲ ਤਾਂ ਪਤਾ ਹੀ ਨਹੀਂ ਲੱਗਦਾ, ਕਦੋਂ ਨਿਰੰਕਾਰ ਦਾ ਸੱਦਾ ਆ ਜਾਣਾ ਹੈ। ਕਦੋਂ ਚੱਕਲੋ ਚੱਕਲੋ ਹੋ ਜਾਣੀ ਹੈ। ਬਿਨਾਂ ਭਗਤੀ ਤੋਂ ਇਹ ਜੀਵਨ ਬੇਕਾਰ ਹੈ। ਸਮਾਂ ਰਹਿੰਦਿਆਂ ਸਾਨੂੰ ਨਿਰੰਕਾਰ ਪ੍ਰਭੂ ਪ੍ਰਮਾਤਮਾ ਨੂੰ ਜਾਣ ਕੇ ਭਗਤੀ ਕਰਨੀ ਚਾਹੀਦੀ ਹੈ। ਅਕਸਰ ਕਿਹਾ ਵੀ ਜਾਂਦਾ ਹੈ ਕਿ ‘ਜੇ ਸਾਡਾ ਲੋਕ ਸੁਖੀ ਹੋਵੇਗਾ ਤਾਂ ਪ੍ਰਲੋਕ ਆਪਣੇ ਆਪ ਸੁਹੇਲਾ ਹੋ ਜਾਵੇਗਾ।

# ਭਾਂਡਿਆਂ ’ਤੇ ਨਾਂ ਲਿਖਣਾ

**ਬਲਵਿੰਦਰ ਸਿੰਘ ਭੁੱਲਰ**
**ਮੋਬਾ: ੯੮੮੮੨ ੭੫੯੧੩**



ਕਾਰੋਬਾਰ ਤੇ ਕਲਾ ਦਾ ਵੀ ਇੱਕ ਸੁਮੇਲ ਹੈ, ਵੱਡੇ ਕਾਰੋਬਾਰ ਨਾਲ ਵੱਡੀ ਕਲਾ ਜੁੜੀ ਹੁੰਦੀ ਹੈ ਅਤੇ ਛੋਟੇ ਕਾਰੋਬਾਰ ਨਾਲ ਛੋਟੀ। ਇੱਥੇ ਮੈਂ ਇਕ ਛੋਟੇ ਜਿਹੇ ਕਾਰੋਬਾਰ ਭਾਂਡਿਆਂ ਦੀ ਦੁਕਾਨ ਦੀ ਗੱਲ ਕਰਨ ਲੱਗਾ ਹਾਂ। ਦਹਾਕਿਆਂ ਪਹਿਲਾਂ ਭਾਂਡੇ ਪਿੱਤਲ ਦੇ ਹੋਇਆ ਕਰਦੇ ਸਨ, ਸਭ ਘਰਾਂ ਵਿੱਚ ਗਲਾਸ, ਥਾਲੀਆਂ ਬਾਟੀਆਂ ਆਦਿ ਇੱਕੋ ਜਿਹੀਆਂ ਹੀ ਹੋਇਆ ਕਰਦੀਆਂ ਸਨ। ਲੋਕਾਂ ਦੀ ਭਾਈਚਾਰਕ ਸਾਂਝ ਬਹੁਤ ਗੂੜੀ ਹੋਇਆ ਕਰਦੀ ਸੀ, ਖਾਣ ਪੀਣ ਵਾਲੀਆਂ ਵਸਤਾਂ ਇੱਕ ਦੂਜੇ ਦੇ ਘਰੀਂ ਜਾਇਆ ਕਰਦੀਆਂ ਸਨ। ਇਸ ਤਰਾਂ ਭਾਂਡੇ ਰੁਲ ਜਾਂਦੇ ਸਨ। ਇਸ ਸਮੱਸਿਆ ਨੇ ਹੀ ਇਸ ਛੋਟੇ ਕਾਰੋਬਾਰ ਨਾਲ ਇੱਕ ਛੋਟੀ ਜਿਹੀ ਕਲਾ ਦਾ ਜਨਮ ਹੋਇਆ ‘ਭਾਂਡਿਆਂ ਤੇ ਨਾਂ ਲਿਖਣਾ।’

ਇਹ ਕਲਾ ਦੁਕਾਨਦਾਰ ਨੂੰ ਸਿੱਖਣੀ ਪੈਂਦੀ ਸੀ। ਦੁਕਾਨਦਾਰ ਬਰਤਨ ਨੂੰ ਇੱਕ ਲੋਹੇ ਦੇ ਟੁਕੜੇ ਤੇ ਰੱਖ ਕੇ ਮੇਖ ਤੇ ਛੋਟੀ ਜਿਹੀ ਹਥੌੜੀ ਦੀ ਸੱਟ ਮਾਰ ਕੇ ਨਾਂ ਲਿਖਦਾ ਸੀ। ਅਣਜਾਣ ਦੁਕਾਨਦਾਰ ਥੋੜੀ ਜਿਹੀ ਸੱਟ ਵੱਧ ਮਾਰ ਕੇ ਭਾਂਡੇ ਵਿੱਚ ਗਲੀ ਕੱਢ ਦਿੰਦਾ ਸੀ। ਆਮ ਤੌਰ ’ਤੇ ਮਾਲਕ ਦੇ ਨਾਂ ਦਾ ਇੱਕ ਅੱਖਰ ਹੀ ਲਿਖਿਆ ਜਾਂਦਾ ਸੀ। ਪਿੰਡ ਦੇ ਸਾਂਝੇ ਬਰਤਨਾਂ, ਜਿਨਾਂ ਨੂੰ ਵੇਲ ਦੇ ਭਾਂਡੇ ਕਿਹਾ ਜਾਂਦਾ ਸੀ, ਉਨਾਂ ਉੱਪਰ ਪੱਤੀ ਦਾ ਨਾਂ ਲਿਖਿਆ ਜਾਂਦਾ ਸੀ। ਜਦੋਂ ਪਿੱਤਲ ਦੀ ਥਾਂ ਸਟੀਲ ਨੇ ਲੈ ਲਈ, ਭਾਵ ਭਾਂਡੇ ਸਟੀਲ ਦੇ ਆ ਗਏ ਤਾਂ ਉਦੋਂ ਤੱਕ ਭਾਂਡਿਆਂ ਤੇ ਨਾਂ ਲਿਖਣ ਵਾਲੀ ਮਸ਼ੀਨ ਵੀ ਬਣ ਗਈ। ਇਸ ਗੰਨ ਮਸ਼ੀਨ ਦੀ ਵਰਤੋਂ ਕਰਦਿਆਂ ਆਸਾਨੀ ਨਾਲ ਨਾਂ ਉੱਕਰਿਆ ਜਾ ਸਕਦਾ ਸੀ। ਜਦੋਂ ਬਜ਼ਾਰ ਵਿਚਦੀ ਭਾਂਡਿਆਂ ਵਾਲੀ ਦੁਕਾਨ ਦੇ ਨਜ਼ਦੀਕ ਲੰਘਦੇ ਤਾਂ ਘੀਂ ਘੀਂ ਦੀ ਆਵਾਜ਼ ਸੁਣਾਈ ਦਿੰਦੀ, ਜੋ ਨਾਂ ਲਿਖਣ ਵਾਲੀ ਇਸ ਮਸ਼ੀਨ ਦੀ ਹੀ ਹੁੰਦੀ ਸੀ।

ਹੁਣ ਇਹ ਆਵਾਜ਼ ਕਦੇ ਕਦਾਈਂ ਹੀ ਸੁਣਾਈ ਦਿੰਦੀ ਹੈ, ਕਿਉਂਕਿ ਸਟੀਲ ਦੇ ਭਾਂਡਿਆਂ ਤੇ ਨਾਂ ਲਿਖਵਾਉਣ ਦਾ ਰਿਵਾਜ ਵੀ ਹੁਣ ਖਤਮ ਹੋਣ ਦੇ ਨੇੜੇ ਹੀ ਪਹੁੰਚ ਚੁੱਕਾ ਹੈ। ਪਰ ਇਹ ਰਿਵਾਜ ਖਤਮ ਹੋਣ ਦਾ ਕਾਰਨ ਕੀ ਹੈ ? ਇਹ ਸਵਾਲ ਵੀ ਕਦੀ ਕਦੀ ਜਿਹਨ ਵਿੱਚ ਉੱਘੜਦਾ ਹੈ। ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਇਸ ਪਿੱਛੇ ਭਾਈਚਾਰਕ ਸਾਂਝ ਦਾ ਘੱਟ ਹੋਣਾ ਹੈ। ਲੋਕਾਂ ਦਾ ਖਾਣ ਪੀਣ ਵਾਲੀਆਂ ਵਸਤਾਂ ਦਾ ਇੱਕ ਦੂਜੇ ਨਾਲ ਆਦਾਨ ਪ੍ਰਦਾਨ ਨਹੀਂ ਰਿਹਾ, ਜਦੋਂ ਕਿਸੇ ਦੇ ਘਰ ਨਾ ਕੋਈ ਚੀਜ਼ ਭੇਜਣੀ ਹੈ ਤੇ ਨਾ ਹੀ ਆਉਣੀ ਹੈ, ਫਿਰ ਬਰਤਨਾਂ ਦੇ ਰੁਲ ਜਾਣ ਦਾ ਤਾਂ ਕੋਈ ਡਰ ਹੀ ਨਹੀਂ ਰਿਹਾ। ਆਂਢ ਗੁਆਂਢ ਨਾਲ ਮੋਹ ਦੀ ਕਮੀ, ਭਾਈਚਾਰਕ ਸਾਂਝ ਦੀ ਘਾਟ ਨੇ ਇਸ ਛੋਟੀ ਕਲਾ ‘ਭਾਂਡਿਆਂ ਤੇ ਨਾਂ ਲਿਖਣਾ’ ਨੂੰ ਖਾਤਮੇ ’ਤੇ ਲਿਆ ਖੜਾ ਕੀਤਾ ਹੈ।

ਇਸਨੂੰ ਸਮਾਜ ਦੀ ਗਿਰਾਵਟ ਜਾਂ ਤਸ਼ੱਦਦ ਦੀ ਇੰਤਹਾ ਹੀ ਕਿਹਾ ਜਾ ਸਕਦਾ ਹੈ ਕਿ ਇਸ ਭਾਂਡਿਆਂ ’ਤੇ ਨਾਂ ਲਿਖਣ ਵਾਲੀ ਮਸ਼ੀਨ ਨੂੰ ਪੁਲਿਸ ਵੱਲੋਂ ਸੈਂਸੀ ਬਰਾਦਰੀ ਦੀਆਂ ਔਰਤਾਂ ਦੇ ਮੱਥਿਆਂ ਤੇ ਜੇਬ ਕਤਰੀ ਜਾਂ ਜੇਲ ’ਚ ਬੰਦ ਕੈਦੀ ਦੀ ਪਿੱਠ ’ਤੇ ਅੱਤਵਾਦੀ ਵਰਗੇ ਸ਼ਬਦ ਉੱਕਰਨ ਲਈ ਵਰਤੋਂ ’ਚ ਲਿਆਉਣ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਪਕਾਸਿਤ ਹੁੰਦੀਆਂ ਰਹੀਆਂ ਹਨ। ਕਾਸ਼! ਲੋਕਾਂ ਦੀ ਭਾਈਚਾਰਕ ਸਾਂਝ ਪਹਿਲਾਂ ਵਾਂਗ ਬਣੀ ਰਹੇ ਤੇ ਇਹ ਮਸ਼ੀਨ ਆਪਣੇ ਅਸਲ ਕੰਮ ਲਈ ਵਰਤੀ ਜਾਂਦੀ ਰਹੇ।

ਇਥੇ
ਇਸ਼ਤਿਹਾਰ
ਲਗਾਉਣ ਲਈ
ਕਾਲ ਕਰੋ:
510-240-5949
Email:asrtimes@gmail.com

# ਜੇਕਰ ਸਮਾਜ ਸੇਵਾ ਬੋਝ ਬਣ ਜਾਵੇ

**ਰਿਸ਼ੀ ਗੁਲਾਟੀ, ਐਡੀਲੇਡ (ਆਸਟ੍ਰੇਲੀਆ)**
+61 433 442 722

ਹਰੇਕ ਇਨਸਾਨ ਦਾ ਸੁਭਾਅ ਵੱਖਰਾ ਹੁੰਦਾ ਹੈ। ਬਹੁਤ ਸਾਰੇ ਲੋਕ ਸਮਾਜ ਸੇਵਾ ਜਾਂ ਦੂਜਿਆਂ ਦੀ ਮੱਦਦ ਨੂੰ 'ਲੋੜੋਂ ਵੱਧ' ਮਹੱਤਤਾ ਦਿੰਦੇ ਹਨ। ਸ਼ੁਰੂਆਤੀ ਦੌਰ ਵਿੱਚ ਉਹਨਾਂ ਨੂੰ ਅਜਿਹਾ ਕਰਨਾ ਚੰਗਾ ਜਾਪਦਾ ਹੈ ਅਤੇ ਉਹ ਸਮਾਜਿਕ ਕਾਰਜਾਂ ਜਾਂ ਹੋਰਨਾਂ ਦੀ ਮੱਦਦ ਕਰਨ ਲਈ ਆਪਣੇ ਵਿਤੋਂ ਵਧ ਕੇ ਮਿਹਨਤ ਕਰਦੇ ਹਨ। ਉਸ ਵਿਅਕਤੀ ਦੁਆਰਾ ਕੀਤੇ ਜਾ ਰਹੇ ਅਜਿਹੇ ਕਾਰਜਾਂ ਦੇ ਬਦਲੇ ਲੋਕਾਂ ਦੁਆਰਾ ਕੀਤੀ ਗਈ ਤਾਰੀਫ਼ ਸੁਪਨਮਈ ਆਨੰਦ ਦਿੰਦੀ ਹੈ।

ਜਿਵੇਂ ਜਿਵੇਂ ਸਮਾਂ ਬੀਤਦਾ ਹੈ, ਸੰਭਵ ਹੈ ਕਿ ਅਖ਼ਬਾਰਾਂ ਜਾਂ ਰਸਾਲਿਆਂ ਆਦਿ ਵਿੱਚ ਉਸ ਵਿਅਕਤੀ ਦੀਆਂ ਖ਼ਬਰਾਂ ਜਾਂ ਲੇਖ ਵੀ ਛਪਣ ਲੱਗ ਜਾਣ। ਇਸ ਤਰੀਕੇ ਨਾਲ ਉਸ ਵਿਅਕਤੀ ਬਾਰੇ ਜਿਹਨਾਂ ਲੋਕਾਂ ਨੂੰ ਨਹੀਂ ਵੀ ਪਤਾ ਹੁੰਦਾ, ਉਹਨਾਂ ਨੂੰ ਵੀ ਪਤਾ ਲੱਗ ਜਾਂਦਾ ਹੈ। ਅਖ਼ਬਾਰਾਂ ਵਿੱਚ ਹੋ ਰਹੀ ਚੜਾਈ ਕਰਕੇ ਵਧਾਈਆਂ ਦੇ ਆਉਂਦੇ ਫੋਨ ਉਸ ਵਿਅਕਤੀ ਦੀ ਮਾਨਸਿਕ ਭੁੱਖ ਨੂੰ ਸ਼ਾਂਤ ਕਰਦੇ ਹਨ। ਜਿਸ ਮੰਤਵ ਨੂੰ ਲੈ ਕੇ ਸੇਵਾ ਜਾਂ ਮੱਦਦ ਕਰਨ ਦਾ ਕਾਰਜ ਅਰੰਭਿਆ ਗਿਆ ਸੀ, ਕਈ ਵਾਰ ਉਹ ਕਿਤੇ ਪਿੱਛੇ ਰਹਿ ਜਾਂਦਾ ਹੈ ਅਤੇ ਉਸ ਵਿਅਕਤੀ ਦਾ ਨਵਾਂ ਮੰਤਵ 'ਵਾਹ-ਵਾਹ' ਖੱਟਣ ਦੇ ਰੂਪ ਵਿਚ ਤਬਦੀਲ ਹੋ ਜਾਂਦਾ ਹੈ। ਸੰਭਵ ਹੈ ਕਿ ਕੋਈ ਵੀ ਇਸ ਗੱਲ ਨੂੰ ਸਵੀਕਾਰ ਨਾ ਕਰੇ ਪਰ ਆਪਣੇ ਅੰਦਰਲੀ ਆਵਾਜ਼ ਤੇ ਲੋੜ ਨੂੰ ਉਹ ਬਾਖੂਬੀ ਜਾਣਦਾ ਹੁੰਦਾ ਹੈ।

ਉਸਨੇ ਹੋਰਨਾਂ ਦੀ ਮੱਦਦ ਕਰਨ ਦੀ ਜੋ ਸੀਮਾ ਰੇਖਾ ਤੈਅ ਕੀਤੀ ਹੁੰਦੀ ਹੈ, ਉਹ ਅਛੋਪਲੇ ਜਿਹੇ ਉਲੰਘੀ ਜਾਂਦੀ ਹੈ, ਅਤੇ ਇਸ ਬਾਰੇ ਉਸਨੂੰ ਖੁਦ ਵੀ ਪਤਾ ਨਹੀਂ ਲੱਗਦਾ। ਉਸਦੇ ਆਪਣੇ ਘਰ ਦੇ ਕੰਮ ਸਿਰ ਚੜੇ ਰਹਿੰਦੇ ਹਨ ਪਰ ਉਸਨੂੰ ਲੋਕਾਂ ਦੇ ਕੰਮਾਂ ਤੋਂ ਹੀ ਵਿਹਲ ਨਹੀਂ ਮਿਲਦੀ। ਘਰ ਦੇ ਕੰਮਾਂ ਲਈ ਉਹ ਘਰ ਦਿਆਂ ਦੇ ਦੁਆਲੇ ਹੋਇਆ ਰਹਿੰਦਾ ਹੈ। ਹੌਲੀ-ਹੌਲੀ ਇਹ ਮੱਦਦ ਲੋਕਾਂ ਦੀ ਲੋੜ ਮੁਤਾਬਿਕ ਆਰਥਿਕ ਮੱਦਦ ਦਾ ਰੂਪ ਵੀ ਧਾਰਨ ਕਰਨ ਲੱਗ ਜਾਂਦੀ ਹੈ। ਅਜਿਹੀ ਮੱਦਦ ਕਰਨ ਲਈ ਉਹ ਸਮਰੱਥ ਲੋਕਾਂ ਨੂੰ ਬੇਨਤੀਆਂ ਵੀ ਕਰਦਾ ਹੈ।

ਮੱਦਦ ਪ੍ਰਾਪਤ ਕਰਨ ਵਾਲਿਆਂ ਵਿੱਚੋਂ ਵਧੇਰੇ ਦੀ ਕੋਈ ਸੀਮਾ ਨਹੀਂ ਹੁੰਦੀ। ਉਨਾਂ ਨੂੰ ਜੋ ਵੀ ਮਿਲਦਾ ਹੈ, ਉਸ ਤੋਂ ਵਧ ਕੇ ਪ੍ਰਾਪਤ ਕਰਨਾ ਚਾਹੁੰਦੇ ਹਨ। ਉਹ ਮੱਦਦ ਕਰਨ ਵਾਲਿਆਂ ਨੂੰ ਕੋਈ ਵੀ ਜਾਇਜ਼-ਨਜਾਇਜ਼ ਸੁਆਲ ਕਰਨ ਲੱਗਿਆਂ ਨਾ ਤਾਂ ਸੋਚਦੇ ਹਨ, ਨਾ ਹੀ ਸਮਝਦੇ ਹਨ ਤੇ ਨਾ ਹੀ ਮੱਦਦ ਕਰਨ ਵਾਲੇ ਦੀ ਸਥਿਤੀ ਦਾ ਵਿਸਲੇਸ਼ਣ ਕਰਦੇ ਹਨ ਕਿ ਉਹ ਮੰਗੀ ਗਈ ਮੱਦਦ ਕਰਨ ਦੇ ਕਾਬਿਲ ਹੈ ਵੀ ਜਾਂ ਨਹੀਂ। ਉਹਨਾਂ ਨੂੰ ਕੀਤੀ ਜਾ ਰਹੀ ਮੱਦਦ ਦੀ ਲੋੜ ਹੋਵੇ ਜਾਂ ਨਹੀਂ, ਇਹ ਤਾਂ ਉਹ ਵਿਚਾਰ ਹੀ ਨਹੀਂ ਕਰਦੇ ਬਲਕਿ ਉਨਾਂ ਵਿਚੋਂ ਬਹੁਤ ਸਾਰੇ ਲੋਕਾਂ ਦੀ ਸੋਚ ਇਹ ਵੀ ਹੋ ਸਕਦੀ ਹੈ ਕਿ 'ਜੇਕਰ ਤੇਲ ਮੁਫ਼ਤ ਮਿਲਦਾ ਹੈ ਤਾਂ ਨਾਂਹ ਨਾ ਕਰੋ, ਉਹ ਲੈ ਕੇ ਜੁੱਤੀ ਵਿੱਚ ਪਾ ਲਵੋ' ਗੱਲ ਕੀ, ਉਹ ਦਿੱਤੀ ਜਾ ਰਹੀ ਮੱਦਦ ਨੂੰ ਡਾਂਗਾਂ ਦੇ ਗਜ਼ ਨਾਲ ਮਿਣਦੇ ਹਨ।

ਇੱਕ ਵੇਲਾ ਅਜਿਹਾ ਆਉਂਦਾ ਹੈ ਕਿ ਮਦਦ ਕਰਨ ਵਾਲਾ ਮਾਨਸਿਕ ਤੌਰ 'ਤੇ ਇਸ ਸਭ ਤੋਂ ਅੱਕ ਜਾਂਦਾ ਹੈ, ਕਿਉਂ ਜੋ ਉਹ ਮਦਦ ਪ੍ਰਾਪਤ ਕਰਨ ਵਾਲਿਆਂ ਦੀ ਮਾਨਸਿਕਤਾ ਨੂੰ ਸਮਝਣ ਲੱਗ ਪੈਂਦਾ ਹੈ। ਉਸਨੂੰ ਸਾਫ਼ ਸਪੱਸ਼ਟ ਨਜ਼ਰ ਆਉਣ ਲੱਗ ਪੈਂਦਾ ਹੈ ਕਿ ਇਸ ਸਭ ਵਿਚ ਉਸਦਾ ਕੋਈ ਵੀ ਨਿੱਜੀ ਸੁਆਰਥ ਜਾਂ ਲਾਭ ਨਹੀਂ ਹੈ ਪਰ ਬਹੁਤ ਸਾਰੇ ਲੋਕ ਉਸਨੂੰ ਨਜਾਇਜ਼ ਤਰੀਕਿਆਂ ਨਾਲ ਤੰਗ ਕਰਨ ਲੱਗ ਪਏ ਹਨ, ਉਸਨੂੰ ਵਰਤਣ ਲੱਗ ਪਏ ਹਨ। ਚੇਤੇ ਰਹੇ ਕਿ ਇਹ ਸਭ ਰਾਤੋ-ਰਾਤ ਨਹੀਂ ਵਾਪਰਦਾ, ਇਸ ਲਈ ਸਮਾਂ ਲੱਗਦਾ ਹੈ।

ਮੱਦਦ ਪ੍ਰਾਪਤ ਕਰਨ ਵਾਲੇ ਨੂੰ ਤਾਂ ਇਹੀ ਜਾਪਦਾ ਹੈ ਕਿ ਉਹ ਦਿੱਕਤਾਂ ਦਾ ਸਾਹਮਣਾ ਕਰ ਰਿਹਾ ਹੈ, ਦੁਨੀਆ ਵਿੱਚ ਉਸ ਨਾਲੋਂ ਵਧੇਰੇ ਔਖਾ ਤੇ ਮਜ਼ਬੂਰ ਕੋਈ ਹੋਰ ਨਹੀਂ ਹੈ। ਮੱਦਦ ਕਰਨ ਵਾਲਾ ਕਿੰਝ ਤੇ ਕਿਹੜੇ ਹਾਲਾਤ ਵਿਚ ਮੱਦਦ ਕਰ ਰਿਹਾ ਹੈ, ਇਸ ਬਾਰੇ ਵਿਚਾਰ ਕਰਨ ਜੋਗੀ ਸਮਝ ਉਸਦੀ ਨਹੀਂ ਹੁੰਦੀ ਜਾਂ ਸੰਭਵ ਹੈ ਕਿ ਉਹ ਸਮਝਣਾ ਹੀ ਨਾ ਚਾਹੁੰਦਾ ਹੋਵੇ। ਮੱਦਦ ਕਰਨ ਵਾਲਿਆਂ ਕੋਲ ਕਿੰਨੇ ਮੱਦਦ ਪ੍ਰਾਪਤ ਕਰਨ ਵਾਲਿਆਂ ਦੀ ਲਾਈਨ ਲੱਗੀ ਹੁੰਦੀ ਹੈ, ਇਸ ਬਾਰੇ ਕੋਈ ਨਹੀਂ ਜਾਣਦਾ।

ਜ਼ਿਕਰਯੋਗ ਹੈ ਕਿ ਇਸ ਤਰਾਂ ਸਮਾਜਿਕ ਕਾਰਜ ਕਰਨ ਵਾਲੇ ਅਜਿਹੇ ਵਿਅਕਤੀਆਂ ਵਿੱਚੋਂ ਵਧੇਰੇ ਮੱਧ ਵਰਗੀ ਪਰਿਵਾਰਾਂ ਨਾਲ ਸਬੰਧਤ ਹੁੰਦੇ ਹਨ। ਆਪਣੇ ਆਲੇ-ਦੁਆਲੇ ਨਜ਼ਰ ਮਾਰ ਕੇ ਵੇਖ ਲਵੋ, ਕੋਈ ਵੀ ਅਮੀਰ ਵਿਅਕਤੀ ਉਹਨਾਂ ਵਾਂਗ ਮੁਫ਼ਤ ਵਿੱਚ ਹੱਥੀਂ ਕਾਰ ਕਰਦਾ ਨਹੀਂ ਮਿਲੇਗਾ। ਅਮੀਰ ਵਿਅਕਤੀ ਪੈਸੇ ਦੀ ਮੱਦਦ ਤਾਂ ਕਰ ਸਕਦਾ ਹੈ, ਪਰ ਜਦੋਂ ਵੀ ਚਾਰ ਲੋਕਾਂ ਵਿੱਚ ਵਿਚਰੇਗਾ, ਮੱਦਦਗਾਰ ਦੀ ਤਰਾਂ ਨਹੀਂ ਬਲਕਿ ਉਹ ਲੋਕਾਂ ਵਿੱਚ ਅਲੱਗ ਹੀ ਨਜ਼ਰ ਆਵੇਗਾ। ਜ਼ਮੀਨੀ ਪੱਧਰ 'ਤੇ ਉਨਾਂ ਦੁਆਰਾ ਕੀਤੀ ਜਾਣ ਵਾਲੀ ਸੇਵਾ ਬਹੁਤੀ ਕਰਕੇ ਉਹਨਾਂ ਦੁਆਰਾ ਬੋਲੇ ਜਾ ਰਹੇ ਵਾਕਾਂ ਦੇ ਰੂਪ ਵਿੱਚ ਹੋਵੇਗੀ।




- 'ਮੁੰਡਿਓ, ਆਹ ਕੰਮ ਕਰ ਲਵੋ ਬਈ!'
- 'ਸ਼ਾਬਾਸ਼ੇ ਬਈ ਤੁਹਾਡੇ, ਬਹੁਤ ਵਧੀਆ ਤਰੀਕੇ ਨਾਲ ਸੇਵਾ ਕਰ ਰਹੇ ਹੋ!'
- 'ਫਿਕਰ ਹੀ ਕੋਈ ਨਹੀਂ, ਅਸੀਂ ਤੁਹਾਡੇ ਨਾਲ ਹਾਂ। ਜੋ ਲੋੜ ਹੋਵੇ ਬੱਸ ਹੁਕਮ ਕਰੋ!', ਆਦਿ।

ਉਨਾਂ ਦਾ ਕੰਮ ਹੱਲਾਸ਼ੇਰੀ ਦੇ ਕੇ ਉਥੋਂ ਤੁਰ ਜਾਣਾ ਹੁੰਦਾ ਹੈ। ਅਸਲ ਸੇਵਾਦਾਰ ਆਪਣਾ ਕੰਮ ਛੱਡ, ਦਿਹਾੜੀਆਂ ਭੰਨ ਉਥੇ ਲੱਗਾ ਰਹਿੰਦਾ ਹੈ। ਜੋ ਵਰਤਾਰਾ ਹੁਣ ਤੱਕ ਵਰਤਣ ਲੱਗ ਪਿਆ ਹੁੰਦਾ ਹੈ, ਉਸ ਦਾ ਪ੍ਰਭਾਵ ਮੱਦਦ ਕਰਨ ਵਾਲੇ ਦੀ ਨਿੱਜੀ ਜ਼ਿੰਦਗੀ 'ਤੇ ਵੀ ਪੈਣਾ ਸ਼ੁਰੂ ਹੋ ਚੁੱਕਾ ਹੁੰਦਾ ਹੈ। ਪਰ ਸਮਾਜ ਵਿੱਚ ਉਸਦਾ ਅਕਸ ਹੀ ਇਸ ਤਰਾਂ ਦਾ ਬਣ ਚੁੱਕਿਆ ਹੁੰਦਾ ਹੈ ਕਿ 'ਕੋਈ ਵੀ ਸਮੱਸਿਆ ਜਾਂ ਲੋੜ ਹੋਵੇ, ਫਲਾਣੇ ਬੰਦੇ ਨੂੰ ਫੋਨ ਕਰ ਲਵੋ। ਉਹ ਆਪਣੇ-ਆਪ ਤੁਹਾਡੀ ਲੋੜ ਦੀ ਪੂਰਤੀ ਕਰੇਗਾ!' ਬਹੁਤ ਸਾਰੇ ਲੋਕ ਆਪਣੀਆਂ ਲੋੜਾਂ ਤਾਂ ਉਸ ਕੋਲੋਂ ਪੂਰੀਆਂ ਕਰਦੇ ਹੀ ਹਨ, ਬਲਕਿ ਦੂਜਿਆਂ ਨੂੰ ਵੀ ਉਸ ਕੋਲ ਭੇਜਣਾ ਸ਼ੁਰੂ ਕਰ ਦਿੰਦੇ ਹਨ। ਵਿਚਾਰਨਯੋਗ ਹੈ ਕਿ ਜਦੋਂ ਲੋੜ ਵੇਲੇ ਉਨਾਂ ਨੇ ਆਪ ਮਦਦ ਲੈ ਲਈ ਸੀ ਤਾਂ ਹੁਣ ਉਹ ਖੁਦ ਦੂਜਿਆਂ ਦੇ ਕੰਮ ਕਿਉਂ ਨਹੀਂ ਆਉਂਦੇ? ਭਲਾ ਇੱਕ ਵਿਅਕਤੀ ਕਿੰਨੇ ਕੁ ਲੋਕਾਂ ਦਾ ਬੋਝ ਝੱਲ ਸਕਦਾ ਹੈ?

ਜੋ ਵਰਤਾਰਾ ਜਾਂ ਲੋਕਾਂ ਦੀ ਵਾਹ-ਵਾਹ ਸ਼ੁਰੂਆਤੀ ਦੌਰ ਵਿਚ ਮੱਦਦਕਰਤਾ ਨੂੰ ਆਨੰਦ ਦਿੰਦੀ ਸੀ, ਹੁਣ ਉਹ ਮੁਸੀਬਤ ਜਾਪਣ ਲੱਗ ਪੈਂਦੀ ਹੈ। ਉਸਦੇ ਪਰਿਵਾਰ ਅਤੇ ਪਰਿਵਾਰਕ ਰਿਸ਼ਤਿਆਂ 'ਤੇ ਵੀ ਇਸ ਦਾ ਬੁਰਾ ਪ੍ਰਭਾਵ ਪੈਣਾ ਸ਼ੁਰੂ ਹੋ ਜਾਂਦਾ ਹੈ। ਹੁਣ ਉਹ ਲੋਕਾਂ ਨੂੰ ਉਹਨਾਂ ਦੀਆਂ ਮੰਗਾਂ ਪੂਰੀਆਂ ਕਰਨ ਤੋਂ 'ਨਾਂਹ' ਕਹਿਣੀ ਚਾਹੁੰਦਾ ਹੈ ਪਰ ਚਾਹੁੰਦਿਆਂ ਹੋਇਆਂ ਵੀ ਇਸ ਮੱਕੜਜਾਲ ਵਿੱਚੋਂ ਬਾਹਰ ਨਹੀਂ ਨਿੱਕਲ ਸਕਦਾ। ਉਸਨੂੰ ਜਾਪਦਾ ਹੈ ਕਿ ਜੇਕਰ ਉਸਨੇ ਕਿਸੇ ਨੂੰ ਨਾਂਹ ਕਰ ਦਿੱਤੀ ਤਾਂ ਉਸਦਾ ਅਕਸ ਖਰਾਬ ਹੋ ਜਾਵੇਗਾ, ਜਾਂ ਲੋਕ ਕੀ ਕਹਿਣਗੇ?

ਇੱਕ ਗੱਲ ਤਾਂ ਮੰਨਣਯੋਗ ਹੈ ਕਿ ਸੇਵਾ ਜਾਂ ਸਮਾਜਿਕ ਕਾਰਜ ਕਿਸੇ ਵੀ ਤਰਾਂ ਦੇ ਕਿਉਂ ਨਾ ਹੋਣ, ਸੇਵਾਦਾਰ ਨੂੰ ਕੀਤੀ ਜਾ ਰਹੀ ਸੇਵਾ ਵਿੱਚੋਂ ਓਨਾ ਚਿਰ ਹੀ ਰਸ ਆਵੇਗਾ, ਜਿਨਾ ਚਿਰ ਉਹ ਆਪਣੀ ਮਰਜ਼ੀ, ਸਮੇਂ ਅਤੇ ਸਾਧਨਾਂ ਦੇ ਮੁਤਾਬਿਕ ਸੇਵਾ ਕਰਦਾ ਹੈ। ਜਦੋਂ ਇਸ ਵਿਚ ਦਿੱਕਤਾਂ ਆੜੇ ਆਉਣ ਲੱਗ ਜਾਣ ਤਾਂ ਇਹ ਮਜ਼ਬੂਰੀਆਂ ਦੇ ਸੌਦੇ ਰਹਿ ਜਾਂਦੇ ਹਨ। ਜਦੋਂ ਕੋਈ ਹੋਰ ਉਸਦੀਆਂ ਆਪਣੀਆਂ ਆਸਾਂ 'ਤੇ ਖਰਾ ਨਹੀਂ ਉਤਰਦਾ ਜਾਂ ਕੀਤੇ ਗਏ ਕਾਰਜਾਂ ਦਾ ਸਾਰਥਿਕ ਮੁੱਲ ਉਸਨੂੰ ਨਹੀਂ ਮਿਲਦਾ ਤਾਂ ਉਹ ਆਪਣੇ ਧੁਰ-ਅੰਦਰੋਂ ਕਿਤੋਂ ਟੁੱਟ ਜਾਂਦਾ ਹੈ। ਉਸਦੀ ਹਾਲਤ ਸੱਪ ਦੇ ਮੂੰਹ ਵਿੱਚ ਕੋਹੜ-ਕਿਰਲੀ ਵਰਗੀ ਹੋ ਜਾਂਦੀ ਹੈ, ਕਿ ਨਾ ਨਿਗ਼ਲ ਸਕਦਾ ਹੈ, ਨਾ ਹੀ ਉਗ਼ਲ ਸਕਦਾ ਹੈ।ਅਜਿਹੀ ਸਥਿਤੀ ਵਿੱਚ ਉਸ ਵਿਅਕਤੀ ਭਾਵ ਸੇਵਾਦਾਰ ਨੂੰ ਖੁਦ ਫੈਸਲਾ ਕਰਨਾ ਪਵੇਗਾ ਕਿ 'ਉਹ ਕੀ ਚਾਹੁੰਦਾ ਹੈ?'

ਜੇਕਰ ਇਸ ਮੱਕੜਜਾਲ ਵਿੱਚ ਤੁਸੀਂ ਵੀ ਫਸੇ ਹੋਏ ਹੋ ਤਾਂ ਇਸ ਵਿੱਚੋਂ ਬਾਹਰ ਨਿੱਕਲਣ ਲਈ ਤੁਹਾਨੂੰ ਆਪਣੀ ਮੱਦਦ ਆਪ ਕਰਨੀ ਪਵੇਗੀ। ਤੁਹਾਨੂੰ ਆਪਣੀ ਸੀਮਾ ਰੇਖਾ ਤੈਅ ਕਰਨੀ ਪਵੇਗੀ ਕਿ ਕਿਸ ਹੱਦ ਤੱਕ ਤੁਸੀਂ ਸਮਾਜਿਕ ਕਾਰਜਾਂ ਵਿੱਚ ਭਾਗ ਲੈਣ ਲਈ ਰਾਜ਼ੀ ਹੋ। ਚਾਹੀਦਾ ਤਾਂ ਇਹ ਸੀ ਕਿ ਤੁਸੀਂ ਆਪਣੀ ਹੱਦ ਨਾ ਉਲੰਘਦੇ ਪਰ ਜੇਕਰ ਇਹ ਸਭ ਹੋ ਹੀ ਚੁੱਕਿਆ ਹੈ ਤਾਂ ਅਜੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਤੁਸੀਂ ਹੁਣ ਵੀ ਆਪਣੀ ਸੀਮਾ ਰੇਖਾ ਤੈਅ ਕਰ ਸਕਦੇ ਹੋ। ਤੁਹਾਨੂੰ ਇਹ ਤੈਅ ਕਰਨਾ ਪਵੇਗਾ ਕਿ :

- ਤੁਸੀਂ ਕਿਸ ਪ੍ਰਕਾਰ ਦੇ ਕਾਰਜਾਂ ਵਿੱਚ ਹਿੱਸਾ ਲਵੋਗੇ?
- ਤੁਸੀਂ ਇੱਕ ਦਿਨ ਜਾਂ ਹਫ਼ਤੇ ਵਿੱਚ ਕਿੰਨੇ ਘੰਟੇ ਜਾਂ ਕਿਹੜੇ-ਕਿਹੜੇ ਦਿਨ ਲੋਕਾਂ ਲਈ ਉਪਲਭਧ ਰਹੋਗੇ?
- ਤੁਹਾਨੂੰ ਵਿਸਲੇਸ਼ਣ ਕਰਨਾ ਪਵੇਗਾ ਕਿ ਤੁਹਾਡੇ ਦੁਆਰਾ ਕੀਤੇ ਗਏ ਕਾਰਜਾਂ ਦਾ ਤੁਹਾਡੇ ਪਰਿਵਾਰ 'ਤੇ ਕੀ ਪ੍ਰਭਾਵ ਪੈ ਰਿਹਾ ਹੈ?
- ਕੀ ਤੁਹਾਡਾ ਪਰਿਵਾਰ ਤੁਹਾਨੂੰ ਦਿਲੋਂ ਸਹਿਯੋਗ ਦੇ ਰਿਹਾ ਹੈ ਜਾਂ ਮਜ਼ਬੂਰੀ ਕਰਕੇ? ਹੋ ਸਕਦਾ ਹੈ ਕਿ ਪਤਨੀ ਤੇ ਬੱਚੇ ਡਰਦੇ ਕੁਝ ਨਾ ਕਹਿ ਸਕਦੇ ਹੋਣ।
- ਕੀ ਤੁਸੀਂ ਲੋਕਾਂ ਦੀ ਆਰਥਿਕ ਮਦਦ ਕਰਨ ਲਈ ਰਾਜੀ ਹੋ, ਜੇਕਰ ਹਾਂ ਤਾਂ ਕਿੰਨੀ?
- ਤੁਸੀਂ ਕਿਸੇ ਦੀ ਜੋ ਆਰਥਿਕ ਮਦਦ ਕਰੋਗੇ, ਉਹ ਤੁਹਾਡੀ ਜੇਬ ਵਿੱਚੋਂ ਹੋਵੇਗੀ ਜਾਂ ਹੋਰਨਾਂ ਤੋਂ ਉਹਨਾਂ ਦੀ ਮੱਦਦ ਕਰਵਾਓਗੇ?
- ਇਹ ਵੀ ਚੇਤੇ ਰੱਖਣਾ ਪਵੇਗਾ ਕਿ ਜਿਹੜੇ ਲੋਕਾਂ ਨੂੰ ਤੁਸੀਂ ਦੂਜਿਆਂ ਦੀ ਮੱਦਦ ਕਰਨ ਲਈ ਸੁਆਲ ਪਾ ਰਹੇ ਹੋ, ਆਪਣੀ ਲੋੜ ਵੇਲੇ ਉਹ ਤੁਹਾਨੂੰ ਹੀ ਸੰਪਰਕ ਕਰਨਗੇ। ਫਿਰ ਉਨਾਂ ਨੂੰ ਤੁਸੀਂ ਨਾਂਹ ਨਹੀਂ ਕਹਿ ਸਕੋਗੇ।
- ਤੁਹਾਨੂੰ ਇਹ ਵਿਸਲੇਸ਼ਣ ਕਰਨਾ ਪਵੇਗਾ ਕਿ ਤੁਸੀਂ ਆਪਣੇ ਪਰਿਵਾਰ ਦੇ ਮਹੱਤਵਪੂਰਨ ਦਿਨਾਂ ਨੂੰ ਕਿੰਨਾ ਕੁ ਯਾਦ ਰੱਖ ਪਾਉਂਦੇ ਹੋ?
- ਕੀ ਪਰਿਵਾਰਕ ਪ੍ਰੋਗਰਾਮਾਂ ਜਾਂ ਬੱਚਿਆਂ ਦੇ ਸਕੂਲ ਵਿਚ ਤੁਹਾਡੀ ਗ਼ੈਰਹਾਜ਼ਰੀ ਹੀ ਹੁੰਦੀ ਹੈ?

ਇਹ ਤਾਂ ਸਪੱਸ਼ਟ ਹੈ ਕਿ ਤੁਸੀਂ ਸਮਾਜ ਵਿਚ ਆਪਣੇ ਬਣ ਚੁੱਕੇ ਅਕਸ ਜਾਂ ਹੋਰ ਕਾਰਨਾਂ ਕਰਕੇ ਸਪੱਸ਼ਟ ਨਾਂਹ ਤਾਂ ਨਹੀਂ ਕਰ ਸਕੋਗੇ। ਕਿਸੇ ਨੂੰ ਨਾਂਹ ਕਰਨੀ ਮੁਸ਼ਕਿਲ ਤਾਂ ਹੈ ਪਰ ਇਹ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਮਹੱਤਵਪੂਰਨ ਹੈ। ਜੇਕਰ ਤੁਸੀਂ ਚਾਹੋ ਤਾਂ ਸਕਾਰਤਮਕ ਤਰੀਕੇ ਨਾਲ ਬਿਨਾ ਝੂਠ ਬੋਲਿਆਂ ਹੋਰਨਾਂ ਨੂੰ ਆਪਣੀ ਸਥਿਤੀ ਸਪੱਸ਼ਟ ਕਰ ਸਕਦੇ ਹੋ।

- ਇਸਦਾ ਪਹਿਲਾ ਕਦਮ ਜ਼ਿੰਦਗੀ ਵਿੱਚ ਆਪਣੀ ਤੇ ਆਪਣੇ ਪਰਿਵਾਰ ਦੀ ਮਹੱਤਤਾ ਨੂੰ ਪਹਿਲੇ ਸਥਾਨ 'ਤੇ ਰੱਖਣਾ ਹੋਵੇਗਾ, ਜੋ ਕਿ ਕਿਸੇ ਵੀ ਪੱਖੋਂ ਗ਼ਲਤ ਨਹੀਂ ਹੈ।
- ਤੁਹਾਨੂੰ ਇਹ ਸਮਝਣਾ ਪਵੇਗਾ ਕਿ ਤੁਸੀਂ ਅਜਿਹੇ ਕਾਰਜਾਂ ਵਿੱਚ ਹਿੱਸਾ ਕਿਉਂ ਲੈਂਦੇ ਹੋ? ਆਪਣੀ ਮਾਨਸਿਕ ਸੰਤੁਸ਼ਟੀ ਲਈ, ਵਾਹ-ਵਾਹ ਲਈ ਜਾਂ ਇਸਦਾ ਕੋਈ ਹੋਰ ਮੰਤਵ ਹੈ? ਮੈਂ ਇਸ ਸੁਆਲ ਦਾ ਜੁਆਬ ਲਿਖ ਕੇ ਲੱਭਣ ਦੀ ਸਿਫ਼ਾਰਿਸ਼ ਕਰਦਾ ਹਾਂ। ਜੇਕਰ ਕੇਵਲ ਮਨ ਹੀ ਮਨ ਵਿਚਾਰ ਕੀਤੀ ਤਾਂ ਮਨ ਹਰ ਪਲ ਡੋਲਦਾ ਹੈ। ਜਦੋਂ ਤਰਕ ਭਰਪੂਰ ਲਿਖਤ ਸਾਹਮਣੇ ਹੋਵੇਗੀ ਤਾਂ ਤੁਹਾਨੂੰ ਸਿਹਤਮੰਦ ਫੈਸਲਾ ਲੈਣ ਵਿੱਚ ਮੱਦਦ ਮਿਲੇਗੀ।
- ਵਿਚਾਰਨਾ ਪਵੇਗਾ ਕਿ ਅਜਿਹੇ ਕਿਹੜੇ ਲੋਕ ਹਨ, ਜੋ ਤੁਹਾਨੂੰ ਗਾਰੰਟਿਡ ਰੂਪ ਵਿੱਚ ਲੈ ਰਹੇ ਹਨ। ਉਨਾਂ ਤੋਂ ਕਿਨਾਰਾ ਕਰਨਾ ਪਵੇਗਾ।
- ਸਮਝਣਾ ਪਵੇਗਾ ਕਿ ਉਹ ਕਿਹੜੇ ਲੋਕ ਹਨ, ਜੋ ਤੁਹਾਡੀਆਂ ਭਾਵਨਾਵਾਂ ਜਾਂ ਕੀਤੀ ਜਾ ਰਹੀ ਮਦਦ ਦਾ ਨਜਾਇਜ਼ ਫਾਇਦਾ ਚੁੱਕ ਰਹੇ ਹਨ।
- ਉਹ ਕਿਹੜੇ ਲੋਕ ਹਨ, ਜੋ ਤੁਹਾਨੂੰ ਕੇਵਲ ਮੁਸੀਬਤ ਵੇਲੇ ਯਾਦ ਕਰਦੇ ਹਨ ਅਤੇ ਫਿਰ ਬੜੀ ਛੇਤੀ ਭੁੱਲ ਜਾਂਦੇ ਹਨ।

ਅਣਚਾਹੇ ਲੋਕਾਂ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਦੀ ਤੁਹਾਡੇ ਵਿੱਚ ਜੁਰਅੱਤ ਹੋਣੀ ਚਾਹੀਦੀ ਹੈ। ਜੇਕਰ ਨਹੀਂ ਤਾਂ ਉਹ ਤੁਹਾਨੂੰ ਆਪਣੀਆਂ ਗੱਲਾਂ ਦੇ ਜਾਲ ਵਿੱਚ ਲਾਜ਼ਿਮੀ ਫਸਾ ਲੈਣਗੇ। ਜੇਕਰ ਸਪੱਸ਼ਟ ਨਾਂਹ ਨਾ ਕਰ ਸਕੋ ਤਾਂ ਕਿਹਾ ਜਾ ਸਕਦਾ ਹੈ :

- ਇਹ ਮੇਰੀ ਵੀ ਇੱਛਾ ਹੈ ਕਿ ਮੈਂ ਇਹ ਕੰਮ ਕਰ ਸਕਦਾ ਪਰ,
- ਕਾਸ਼ ਕਿ ਮੈਂ ਇਸ ਕਾਬਲ ਹੁੰਦਾ ਪਰਤ
- ਮੈਨੂੰ ਜਾਪਦਾ ਹੈ ਕਿ ਮੈਂ ਇਹ ਕੰਮ ਨਹੀਂ ਕਰ ਸਕਾਂਗਾ ਕਿਉਂਕਿ,
- ਮੁਆਫ਼ ਕਰਨਾ, ਮੈਂ ਸਮਝਦਾ ਹਾਂ ਕਿ ਇਹ ਕੰਮ ਕਰਨ ਲਈ ਮੈਂ ਸਮਾਂ ਨਹੀਂ ਕੱਢ ਸਕਾਂਗਾ, ਮੇਰੇ ਆਪਣੇ ਕੁਝ ਪਰਿਵਾਰਕ ਰੁਝੇਵੇਂ ਹਨ।
- ਮੈਂ ਪਰਿਵਾਰਕ ਰੁਝੇਵਿਆਂ ਵਿੱਚ ਵਿਅਸਤ ਹੋਣ ਕਰਕੇ ਥੋੜਾ ਸਮਾਂ ਸਮਾਜਿਕ ਕਾਰਜਾਂ ਤੋਂ ਛੁੱਟੀ ਲਈ ਹੋਈ ਹੈ। ਤੁਹਾਡੀ ਮੱਦਦ ਨਾ ਕਰ ਸਕਣ ਕਰਕੇ ਮੁਆਫ਼ੀ ਚਾਹੁੰਦਾ ਹਾਂ।
- ਮੈਂ ਲੰਬਾ ਸਮਾਂ ਕੰਮ ਵੱਲ ਧਿਆਨ ਨਹੀਂ ਦੇ ਸਕਿਆ। ਹੁਣ ਮੇਰਾ ਧਿਆਨ ਆਪਣੇ ਕੰਮ ਵੱਲ ਹੈ। ਕ੍ਰਿਪਾ ਕਰਕੇ ਇਸ ਵਾਰ ਮੈਨੂੰ ਮੁਆਫ਼ੀ ਦਿਓ।
- ਮੈਂ ਇਹ ਕੰਮ ਕਰਨ ਵਿੱਚ ਆਪਣੇ ਆਪ ਨੂੰ ਸਹਿਜ ਮਹਿਸੂਸ ਨਹੀਂ ਕਰ ਰਿਹਾ। ਇਸ ਲਈ ਮੇਰੇ ਕੁਝ ਨਿੱਜੀ ਕਾਰਣ ਹਨ, ਜੋ ਕਿ ਮੈਂ ਤੁਹਾਡੇ ਨਾਲ ਸਾਂਝੇ ਨਹੀਂ ਕਰ ਸਕਦਾ।
- ਪਹਿਲਾਂ ਮੈਂ ਇਸ ਪ੍ਰਕਾਰ ਦੀ ਮੱਦਦ ਕਰਦਾ ਸੀ, ਇਹ ਕੰਮ ਕਰਦਾ ਸੀ ਪਰ ਹੁਣ ਕੁਝ ਮਹੱਤਵਪੂਰਣ ਕਾਰਣਾਂ ਕਰਕੇ ਇਹ ਸਭ ਬੰਦ ਕਰ ਦਿੱਤਾ ਹੈ।

ਚੇਤੇ ਰਹੇ ਕਿ ਜੇਕਰ ਮੱਦਦ ਦੀ ਇੱਛਾ ਕਰਨ ਵਾਲਾ ਵਿਅਕਤੀ ਸੱਚਮੁੱਚ ਤੁਹਾਡੇ ਦੁਆਰਾ ਕੀਤੇ ਗਏ ਕਾਰਜਾਂ ਦੀ ਕਦਰ ਕਰਨ ਵਾਲਾ ਹੋਇਆ ਤਾਂ ਉਹ ਤੁਹਾਡੇ ਫੈਸਲੇ ਦਾ ਸਤਿਕਾਰ ਕਰੇਗਾ। ਜੇਕਰ ਉਸਦਾ ਮਕਸਦ ਹੀ ਤੁਹਾਡੇ ਕੋਲੋਂ ਕੁਝ ਨਾ ਕੁਝ 'ਝਾੜਨਾ' ਹੋਇਆ ਤਾਂ ਉਹ ਤੁਹਾਡੇ ਨਾਲ ਬਹਿਸ ਵੀ ਕਰ ਸਕਦਾ ਹੈ ਅਤੇ ਤੁਹਾਡੇ ਫੈਸਲੇ ਨਾਲ ਸਹਿਮਤ ਵੀ ਨਹੀਂ ਹੋਵੇਗਾ।

ਤੁਹਾਡੇ ਦੁਆਰਾ ਕਿਸੇ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਨਾਂਹ ਕਹਿਣ ਦਾ ਨਤੀਜਾ ਭਾਵੇਂ ਕੁਝ ਵੀ ਹੋਵੇ, ਤੁਹਾਨੂੰ ਆਪਣੇ ਆਪ 'ਤੇ ਹਮੇਸ਼ਾ ਮਾਣ ਹੋਣਾ ਚਾਹੀਦਾ ਹੈ ਕਿ ਜਿੰਨਾ ਸੰਭਵ ਹੋ ਸਕਿਆ ਤੁਸੀਂ ਲੋਕਾਂ ਦੀ ਮੱਦਦ ਹੀ ਕੀਤੀ ਹੈ। ਜੇਕਰ ਕਿਸੇ ਕਾਰਣ ਕਿਸੇ ਦੀ ਮਦਦ ਨਹੀਂ ਵੀ ਕਰ ਸਕੇ ਤਾਂ ਵੀ ਕੋਈ ਗੱਲ ਨਹੀਂ, ਦੁਨੀਆ 'ਤੇ ਹੋਰ ਬਹੁਤ ਸਾਰੇ ਲੋਕ ਹਨ ਜੋ ਕਿ ਉਸਦੀ ਮੱਦਦ ਕਰ ਸਕਦੇ ਹਨ। ਤੁਹਾਨੂੰ ਆਪਣੇ ਆਪ ਪ੍ਰਤੀ ਇਮਾਨਦਾਰ ਰਹਿਣ ਦੀ ਲੋੜ ਹੈ, ਜੋ ਤੁਹਾਨੂੰ ਪਸੰਦ ਨਹੀਂ ਹੈ, ਆਪਣੇ ਆਪ ਨਾਲ ਜ਼ਬਰਦਸਤੀ ਨਾ ਕਰੋ। ਸਿਆਣੇ ਕਹਿੰਦੇ ਹਨ ਕਿ ਸਾਰੀ ਦੁਨੀਆ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ ਅਤੇ ਤੁਸੀਂ ਆਪਣੀ ਬਿਹਤਰ ਕੋਸ਼ਿਸ਼ ਪਹਿਲਾਂ ਹੀ ਕਰ ਰਹੇ ਹੋ। ਇਸ ਲਈ ਆਪਣੇ ਆਪ 'ਤੇ ਮਾਣ ਅਤੇ ਮਾਣ ਬਖ਼ਸ਼ਣ ਵਾਲੇ ਦਾਤਾਰ ਦਾ ਸ਼ੁਕਰਾਨਾ ਲਾਜ਼ਮੀ ਕਰੋ।

# ਸਾਈਬਰ ਅਪਰਾਧਾਂ ਦਾ ਮੱਕੜਜਾਲ

**ਡਾ. ਸੀ.ਪੀ. ਕੰਬੋਜ**

ਸਾਈਬਰ ਅਪਰਾਧਾਂ ਦਾ ਦੌਰ ਇੰਟਰਨੈੱਟ ਦੇ ਪੁਰਾਣੇ ਸੰਸਕਰਨ 'ਅਰਪਾਨੈੱਟ' ਤੋਂ ਹੀ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਸੰਨ 1988 ਵਿਚ ਜਦੋਂ ਅਮਰੀਕਾ ਦੀ 'ਐਡਵਾਂਸ ਰਿਸਰਚ ਪ੍ਰਾਜੈਕਟ ਏਜੰਸੀ ਨੈੱਟਵਰਕ' ਦੇ ਕੁਝ ਕੰਪਿਊਟਰਾਂ 'ਤੇ ਇਕ ਅਣਪਛਾਤੇ ਪ੍ਰੋਗਰਾਮ ਨੇ ਬਿਨਾਂ ਬੁਲਾਏ ਮਹਿਮਾਨ ਵਾਂਗ ਦਸਤਕ ਦਿੱਤੀ ਤਾਂ ਪਤਾ ਲੱਗਾ ਕਿ ਇਹ ਮਾਰੂ ਵਾਇਰਸ ਹੈ ਜੋ ਨੈੱਟਵਰਕ ਨਾਲ ਜੁੜੇ ਕੰਪਿਊਟਰਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਉਦੋਂ ਤੋਂ ਹੀ ਅਮਰੀਕੀ ਸਰਕਾਰ ਨੇ 30 ਨਵੰਬਰ ਦਾ ਦਿਨ ਨਾਗਰਿਕਾਂ ਨੂੰ ਸਾਈਬਰ ਸੁਰੱਖਿਆ ਦੀ ਯਾਦ ਦਿਵਾਉਣ ਲਈ ਰਾਖਵਾਂ ਰੱਖ ਲਿਆ।

ਜਿਵੇਂ-ਜਿਵੇਂ ਮਨੁੱਖ ਦੀ ਕੰਪਿਊਟਰ ਅਤੇ ਇੰਟਰਨੈੱਟ 'ਤੇ ਨਿਰਭਰਤਾ ਵਧਦੀ ਜਾ ਰਹੀ ਹੈ ਤਿਵੇਂ-ਤਿਵੇਂ ਇਸ ਉੱਤੇ ਡਾਟੇ ਦਾ ਭਾਰ ਵੀ ਵਧਦਾ ਜਾ ਰਿਹਾ ਹੈ। ਸਾਡੀ ਨਿੱਜੀ ਜਾਣਕਾਰੀ, ਬੈਂਕ ਅਤੇ ਹਿਸਾਬ-ਕਿਤਾਬ ਦਾ ਸਾਰਾ ਡਾਟਾ ਇੰਟਰਨੈੱਟ ਅਤੇ ਇਲੈਕਟ੍ਰਾਨਿਕ ਗੈਜੇਟਸ ਉੱਤੇ ਉਪਲਬਧ ਹੈ। ਸਾਰੀ ਜ਼ਿੰਦਗੀ ਦੀਆਂ ਕਈ ਅਹਿਮ ਘਟਨਾਵਾਂ ਅਤੇ ਨਿੱਜੀ ਤਸਵੀਰਾਂ ਸੋਸ਼ਲ ਮੀਡੀਆ ਦਾ ਸ਼ਿੰਗਾਰ ਬਣ ਚੁੱਕੀਆਂ ਹਨ। ਅਜਿਹੇ ਵਿਚ ਸਾਨੂੰ ਆਪਣਾ ਡਾਟਾ, ਪ੍ਰੋਗਰਾਮ, ਹਾਰਡਵੇਅਰ ਭਾਗਾਂ ਆਦਿ ਦੀ ਸੁਰੱਖਿਆ ਲਈ ਪੁਖਤਾ ਇੰਤਜ਼ਾਮ ਕਰਨ ਦੀ ਲੋੜ ਪਵੇਗੀ। ਸਾਨੂੰ ਆਪਣੇ ਕੰਪਿਊਟਰਾਂ, ਲੈਪਟਾਪਾਂ, ਸਮਾਰਟਫੋਨਾਂ, ਟੈਬਲਟਾਂ ਤੇ ਹੋਰ ਸਾਜ਼ੋ-ਸਾਮਾਨ ਨੂੰ ਸਾਈਬਰ ਠੱਗਾਂ, ਸੰਨਮਾਰਾਂ ਅਤੇ ਫਿਰੌਤੀ ਮੰਗਣ ਵਾਲਿਆਂ ਦੇ ਮੱਕੜਜਾਲ ਤੋਂ ਬਚਣ ਲਈ ਸੁਰੱਖਿਆ ਸੂਤਰ ਸਿੱਖ ਕੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਦਾ ਅਭਿਆਸ ਕਰਨਾ ਪਵੇਗਾ। ਸਾਈਬਰ ਅਪਰਾਧੀਆਂ ਨੂੰ ਨੱਥ ਪਾਉਣ ਲਈ ਭਾਰਤ ਸਰਕਾਰ ਨੇ ਸੰਨ



2000 ਵਿਚ ਕਾਨੂੰਨ ਪਾਸ ਕੀਤਾ ਸੀ ਜਿਸ ਨੂੰ ਆਈਟੀ ਐਕਟ-2000 ਜਾਂ ਸਾਈਬਰ ਕਾਨੂੰਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸੰਨ 2008 ਵਿਚ ਇਸ ਕਾਨੂੰਨ ਨੂੰ ਸੋਧ ਕੇ ਇਸ ਵਿਚ ਡਾਟੇ ਨਾਲ ਸਬੰਧਤ ਧਾਰਾ 66-ਏ ਜੋੜ ਦਿੱਤੀ ਗਈ। ਇਹ 2009 ਵਿਚ ਫਿਰ ਸੋਧਿਆ ਗਿਆ ਜਿਸ ਨੂੰ ਨਵਾਂ ਸਾਈਬਰ ਕਾਨੂੰਨ ਵੀ ਕਿਹਾ ਜਾਂਦਾ ਹੈ।

ਸਾਈਬਰ ਅਪਰਾਧਾਂ ਦੀਆਂ ਕਿਸਮਾਂ ਅਤੇ ਹੋਏ ਨੁਕਸਾਨ ਦੇ ਆਧਾਰ 'ਤੇ ਸਾਈਬਰ ਕਾਨੂੰਨ ਦੀਆਂ ਅਲੱਗ-ਅਲੱਗ ਧਾਰਾਵਾਂ ਲਾਈਆਂ ਜਾਂਦੀਆਂ ਹਨ। ਇਕ ਮੋਟੇ ਅਨੁਮਾਨ ਅਨੁਸਾਰ ਸਾਈਬਰ ਅਪਰਾਧੀ ਨੂੰ ਵੱਧ ਤੋਂ ਵੱਧ 7 ਸਾਲ ਤਕ ਜੇਲ ਅਤੇ 50 ਲੱਖ ਤਕ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ। ਸਾਈਬਰ ਅਪਰਾਧਾਂ ਦਾ ਮਸਲਾ ਸਾਈਬਰ ਮਾਹਿਰਾਂ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਸਾਈਬਰ ਅਪਰਾਧੀ ਨਿੱਤ-ਦਿਨ ਨਵੀਆਂ ਤਕਨੀਕਾਂ ਅਜਮਾ ਕੇ 'ਹੱਥ ਸਾਫ਼' ਕਰਦੇ ਹਨ। ਇਹ ਅਪਰਾਧ ਰਵਾਇਤੀ ਅਪਰਾਧਾਂ ਵਾਂਗ ਨਹੀਂ ਦਿਸਦੇ ਅਤੇ ਨਾ ਹੀ ਅਪਰਾਧੀ ਸਾਡੇ ਸਾਹਮਣੇ ਹੁੰਦਾ ਹੈ।

**ਕਰਾਈਮ ਰਿਪੋਟ**

ਅਪਰਾਧੀ ਸੱਤ ਸਮੁੰਦਰ ਪਾਰ ਬੈਠਾ ਅਭਾਸੀ ਦੁਨੀਆ 'ਚ ਆਪਣੇ ਕਾਰਨਾਮੇ ਨੂੰ ਅੰਜਾਮ ਦੇ ਰਿਹਾ ਹੁੰਦਾ ਹੈ। ਸੋ ਸਾਈਬਰ ਹਮਲੇ ਉਪਰੰਤ ਅਪਰਾਧੀ ਨੂੰ ਫੜਨ 'ਤੇ ਸਮਾਂ ਖ਼ਰਾਬ ਕਰਨ ਦੀ ਬਜਾਏ ਨੁਕਸਾਨ ਦੀ ਭਰਪਾਈ ਨੂੰ ਤਰਜੀਹ ਦਿੱਤੀ ਜਾਂਦੀ ਹੈ। ਜੇ ਤੁਹਾਡੇ ਕੰਪਿਊਟਰ ਦਾ ਡਾਟਾ ਕੀਮਤੀ ਹੈ ਤਾਂ ਉਸ ਦਾ ਬੈਕਅੱਪ ਪੋਰਟੇਬਲ ਹਾਰਡ ਡਿਸਕ, ਪੈੱਨ ਡਰਾਈਵ, ਕਲਾਊਡ ਸਟੋਰੇਜ ਆਦਿ ਉੱਤੇ ਲੈ ਲਓ। ਮੁਫ਼ਤ ਜਾਂ ਕਰੈਕ ਕੀਤੇ ਸਾਫਟਵੇਅਰ ਨਾ ਵਰਤੋ। ਇਹ ਵਾਇਰਸ ਫੈਲਾਉਣ ਦਾ ਜ਼ਰੀਆ ਤਾਂ ਬਣਦੇ ਹੀ ਹਨ, ਨਾਲ ਹੀ ਤੁਹਾਡੇ ਕੰਪਿਊਟਰ ਦੀ ਖ਼ੁਫ਼ੀਆ ਜਾਣਕਾਰੀ ਦਾ ਭੇਤ ਵੀ ਖੋਲਦੇ ਹਨ। ਕੰਪਿਊਟਰ ਦੇ ਫਾਲਤੂ ਸਾਫਟਵੇਅਰਾਂ ਨੂੰ ਹਟਾ ਦਿਉ। ਸਿਰਫ਼ ਕੰਮ ਦੇ ਸਾਫਟਵੇਅਰ ਹੀ ਰੱਖੋ ਤੇ ਉਨ੍ਹਾਂ ਨੂੰ ਅਪਡੇਟ ਕਰ ਲਓ। ਆਪਣੇ ਕੰਪਿਊਟਰ ਦੀ ਵਿੰਡੋਜ਼ ਨੂੰ ਅਪਡੇਟ ਕਰੋ ਤੇ ਇਹ ਹਮੇਸ਼ਾ ਖ਼ਰੀਦ ਕੇ ਹੀ ਵਰਤੋ। ਕਈ ਵਾਰ ਮੁਫ਼ਤ ਦੇ ਸਾਫਟਵੇਅਰਾਂ ਪਿੱਛੇ ਉਸ ਦੇ ਮਾਲਕ ਦਾ ਗੁਪਤ ਪ੍ਰੋਗਰਾਮ ਛੁਪਿਆ ਹੁੰਦਾ ਹੈ ਜਿਹੜਾ ਸਾਨੂੰ ਦੱਸੇ ਬਿਨਾਂ ਸਾਡੇ ਕੰਪਿਊਟਰ 'ਚ ਵੜ ਕੇ ਉਸ 'ਤੇ ਕੀਤੀ ਹਰੇਕ ਗਤੀਵਿਧੀ ਦਾ ਰਿਕਾਰਡ ਬਣਾਉਂਦਾ ਹੈ ਤੇ ਸਾਡੀ ਬੈਂਕਿੰਗ ਤੇ ਨਿੱਜੀ ਜਾਣਕਾਰੀ ਨੂੰ ਹਥਿਆ ਕੇ ਆਪਣੇ ਮਾਲਕ ਤਕ ਪਹੁੰਚਾਉਂਦਾ ਹੈ। ਕਦੇ ਵੀ ਮੁਫ਼ਤ 'ਚ ਮਿਲਣ ਵਾਲੇ ਵਾਈ-ਫਾਈ ਨੈੱਟਵਰਕ ਨਾ ਵਰਤੋ। ਆਪਣੇ ਬਲੂਟੁੱਥ, ਵਾਈ-ਫਾਈ ਅਤੇ ਹਾਟਸਪਾਟ ਨੈੱਟਵਰਕ ਨੂੰ ਸੁਰੱਖਿਅਤ ਰੱਖਣ ਲਈ ਪਾਸਵਰਡ ਲਾ ਕੇ ਰੱਖੋ। ਮੁਫ਼ਤ ਵਿਚ ਡਾਊਨਲੋਡ ਕੀਤੀਆਂ ਅਭੱਦਰ ਦਰਜੇ ਦੀਆਂ ਵੀਡੀਓਜ਼ ਅਤੇ ਵੀਡੀਓ ਗੇਮਜ਼ ਸਾਈਬਰ ਹਮਲਿਆਂ ਨੂੰ ਸੱਦਾ ਦਿੰਦੀਆਂ ਹਨ। ਈ-ਮੇਲ ਰਾਹੀਂ ਮਿਲਣ ਵਾਲੇ ਅਣਪਛਾਤੇ, ਗ਼ੈਰ-ਜ਼ਰੂਰੀ ਤੇ ਫਾਲਤੂ ਈ-ਮੇਲ ਲਿੰਕਜ਼ 'ਤੇ ਕਲਿੱਕ ਨਾ ਕਰੋ।

ਇਹ ਤੁਹਾਨੂੰ ਕਿਸੇ ਅਸੁਰੱਖਿਅਤ ਵੈੱਬਸਾਈਟ 'ਤੇ ਲਿਜਾ ਸਕਦੇ ਹਨ। ਫਾਲਤੂ ਈ-ਮੇਲਜ਼ ਨੂੰ ਬਲਾਕ ਕਰ ਦਿਉ। ਨੈੱਟ ਬੈਂਕਿੰਗ ਲਈ ਬੈਂਕ ਦੀ ਵੈੱਬਸਾਈਟ ਨੂੰ ਬ੍ਰਾਊਜ਼ਰ ਵਿਚ ਖ਼ੁਦ ਟਾਈਪ ਕਰ ਕੇ ਖੋਲੋ। ਲਿੰਕ ਰਾਹੀਂ ਬੈਂਕ ਦੇ ਵੈੱਬ ਪੰਨੇ 'ਤੇ ਨਾ ਜਾਓ। ਵੈੱਬਸਾਈਟ ਦੇ ਐਡਰੈੱਸ ਤੋਂ ਪਹਿਲਾਂ ਐੱਚਟੀਟੀਪੀਐੱਸ ਅਤੇ ਇਕ ਛੋਟੇ ਤਾਲੇ ਦੀ ਤਸਵੀਰ ਦੀ ਪੁਸ਼ਟੀ ਕਰੋ। ਜੇ ਇਹ ਦੋਵੇਂ ਨਜ਼ਰ ਆ ਰਹੇ ਹੋਣ ਤਾਂ ਵੈੱਬਸਾਈਟ ਸਹੀ ਅਤੇ ਸੁਰੱਖਿਅਤ ਮੰਨੀ ਜਾ ਸਕਦੀ ਹੈ। ਕੰਪਨੀਆਂ ਦੇ ਉਤਪਾਦਾਂ ਦੇ ਪ੍ਰਚਾਰ ਕਰਨ ਵਾਲੇ ਸੁਨੇਹਿਆਂ ਅਤੇ ਅਣਚਾਹੀ ਨਿੱਜੀ ਚੈਟ ਦੇ ਝੰਜਟ ਤੋਂ ਛੁਟਕਾਰਾ ਪਾਉਣ ਲਈ ਉਨ੍ਹਾਂ ਦੇ ਸੰਪਰਕ, ਐੱਸਐੱਮਐੱਸ, ਵਟਸਐਪ, ਮੇਲ ਲਿੰਕ ਬਲਾਕ ਕਰ ਦਿਉ। ਆਪਣੇ ਕੰਪਿਊਟਰ 'ਚ ਸੁਰੱਖਿਅਤ ਆਪ੍ਰੇਟਿੰਗ ਸਿਸਟਮ ਦੀ ਵਰਤੋਂ ਕਰੋ। ਕੰਪਿਊਟਰ 'ਚੋਂ ਫਾਲਤੂ ਸਾਫਟਵੇਅਰ ਕੱਢ ਦਿਉ। ਜਦੋਂ ਤੁਸੀਂ ਆਪਣੇ ਕੰਪਿਊਟਰ, ਇੰਟਰਨੈੱਟ, ਈ-ਮੇਲ ਆਦਿ ਦੀ ਵਰਤੋਂ ਨਾ ਕਰ ਰਹੇ ਹੋਵੋ ਤਾਂ ਉਨ੍ਹਾਂ ਨੂੰ ਬੰਦ ਕਰ ਦਿਉ।

ਕੰਪਿਊਟਰ ਦੀਆਂ ਆਰਜ਼ੀ ਫਾਈਲਾਂ ਦੇ ਜ਼ਖੀਰੇ, ਬ੍ਰਾਊਜ਼ਰ ਦੀ ਹਿਸਟਰੀ, ਕੁੱਕੀਜ਼, ਕੈਸ਼ ਮੈਮਰੀ ਆਦਿ ਦਾ ਸਮੇਂ-ਸਮੇਂ 'ਤੇ ਨਿਪਟਾਰਾ ਕਰਦੇ ਰਹੋ। ਵੈੱਬ ਬ੍ਰਾਊਜ਼ਰ ਜਿਵੇਂ ਕਿ ਐੱਜ, ਮੋਜ਼ੀਲਾ ਫਾਇਰਫਾਕਸ, ਗੂਗਲ ਕਰੋਮ ਆਦਿ ਉੱਤੇ ਪਾਸਵਰਡ ਸੇਵ ਨਾ ਕਰੋ। ਸਾਈਬਰ ਹਮਲਿਆਂ ਨੂੰ ਰੋਕਣ ਲਈ ਫਾਇਰਵਾਲ ਦੀ ਵਰਤੋਂ ਕਰੋ। ਫੋਨ ਦੀ ਸੁਰੱਖਿਆ ਲਈ ਸੂਤਰਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਉਂਜ ਤਾਂ ਗੂਗਲ ਪਲੇਅ ਸਟੋਰ ਤੇ ਐਪਲ ਸਟੋਰ 'ਤੇ ਖਤਰਨਾਕ ਪ੍ਰੋਗਰਾਮਾਂ ਨੂੰ ਸਕੈਨ ਕਰਨ ਵਾਲਾ ਸਕੈਨਰ ਪਹਿਲਾਂ ਹੀ ਹੁੰਦਾ ਹੈ ਜੋ ਐਪਸ ਨੂੰ ਪਰਖ ਕੇ ਡਾਊਨਲੋਡ ਕਰਦਾ ਹੈ। ਮੋਬਾਈਲ ਵਿਚ ਤੀਜੀ ਧਿਰ ਦੀਆਂ ਸੁਰੱਖਿਆ ਐਪਸ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਵੱਖ-ਵੱਖ ਸੋਸ਼ਲ ਮੀਡੀਆ ਮੰਚਾਂ ਦੀਆਂ ਸੁਰੱਖਿਆ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਕੇ ਲਾਗੂ ਕਰੋ। ਮਿਸਾਲ ਵਜੋਂ ਇਹ ਤੁਹਾਡੇ ਹੱਥ ਵਿਚ ਹੋਣਾ ਚਾਹੀਦਾ ਹੈ ਕਿ ਤੁਸੀਂ ਫੇਸਬੁੱਕ ਉੱਤੇ ਪਾਈ ਪੋਸਟ ਸਿਰਫ਼ ਇਕ ਵਿਅਕਤੀ ਨੂੰ, ਆਪਣੇ ਦੋਸਤਾਂ ਨੂੰ, ਦੋਸਤਾਂ ਦੇ ਦੋਸਤਾਂ ਨੂੰ ਜਾਂ ਸਾਰੇ ਲੋਕਾਂ 'ਚੋਂ ਕਿਸ ਨੂੰ ਵਿਖਾਉਣਾ ਚਾਹੁੰਦੇ ਹੋ। ਇਸੇ ਤਰ੍ਹਾਂ ਤੁਸੀਂ ਆਪਣੀ ਪ੍ਰੋਫਾਈਲ ਅਤੇ ਉਸ ਵਿਚਲੀ ਤਸਵੀਰ ਨੂੰ ਲੁਕੋ ਕੇ ਰੱਖ ਸਕਦੇ ਹੋ ਤੇ ਟਿੱਪਣੀਆਂ ਦੀ ਸੁਵਿਧਾ ਵੀ ਬੰਦ ਕਰ ਸਕਦੇ ਹੋ। ਬੈਂਕ, ਆਨਲਾਈਨ ਖ਼ਰੀਦਦਾਰੀ, ਫੋਨ ਰਿਚਾਰਜ ਆਦਿ ਨਾਲ ਸਬੰਧਤ ਕਈ ਐਪਸ ਉਪਲਬਧ ਹਨ ਪਰ ਇਨ੍ਹਾਂ ਵਿਚੋਂ ਸਿਰਫ਼ ਓਟੀਪੀ ਦੀ ਸੁਵਿਧਾ ਰਾਹੀਂ ਸੁਰੱਖਿਅਤ ਢਾਲ ਦੇਣ ਵਾਲੀ ਐਪ ਹੀ ਚੁਣੋ। ਫੋਨ ਵਿਚਲੀ ਸਪੀਡ ਡਾਇਲ, ਐਮਰਜੈਂਸੀ ਡਾਇਲ, ਓਨਰ ਇਨਫਰਮੇਸ਼ਨ ਆਦਿ ਦੀ ਵਰਤੋਂ ਕਰ ਕੇ ਤਤਕਾਲ ਸਹੂਲਤਾਂ ਦਾ ਲਾਭ ਲਓ। ਫੋਨ ਨੂੰ ਸਦਾ ਕੋਲ ਰੱਖੋ। ਸਕਰੀਨ ਅਤੇ ਅੰਦਰੂਨੀ ਮਹੱਤਵਪੂਰਨ ਐਪਸ ਨੂੰ ਅੱਡ ਪਾਸਵਰਡ ਲਾ ਕੇ ਰੱਖੋ ਤੇ ਇਨ੍ਹਾਂ ਨੂੰ ਸਮੇਂ-ਸਮੇਂ 'ਤੇ ਬਦਲਦੇ ਰਹੋ। ਜਨਤਕ ਥਾਵਾਂ 'ਤੇ ਵਾਈ-ਫਾਈ ਤੇ ਅਸੁਰੱਖਿਅਤ ਨੈੱਟਵਰਕ ਨਾ ਵਰਤੋ। ਡੈਬਿਟ/ਕ੍ਰੈਡਿਟ ਕਾਰਡ ਦੇ ਪਿੰਨ ਨੂੰ ਸੇਵ ਨਾ ਕਰੋ। ਐੱਸਐੱਮਐੱਸ, ਓਟੀਪੀ ਆਦਿ ਦੀ 'ਆਟੋ-ਕੰਪਲੀਟ' ਸੁਵਿਧਾ ਬੰਦ ਕਰ ਦਿਉ।

ਸਮੇਂ-ਸਮੇਂ 'ਤੇ ਬ੍ਰਾਊਜ਼ਰ ਦੀ ਹਿਸਟਰੀ, ਕੁਕੀਜ਼, ਕੈਸ਼ ਆਦਿ ਨੂੰ ਹਟਾਉਂਦੇ ਰਹੋ। 'ਫਾਈਂਡ ਮਾਈ ਫੋਨ' ਨਾਂ ਦੀ ਐਪ ਨੂੰ ਇੰਸਟਾਲ ਕਰ ਕੇ ਰੱਖੋ। ਇਹ ਐਪ ਫੋਨ ਦੇ ਗੁੰਮ ਹੋਣ ਸਮੇਂ ਤੁਹਾਡੀ ਮਦਦ ਕਰ ਸਕਦੀ ਹੈ। ਫੋਨ 'ਤੇ *#੦੬#* ਡਾਇਲ ਕਰ ਕੇ ਆਈਐੱਮਈਆਈ ਨੰਬਰ ਨੋਟ ਕਰ ਕੇ ਰੱਖੋ। ਫੋਨ ਦੇ ਗੁੰਮਣ ਸਮੇਂ ਇਹ ਵਿਲੱਖਣ ਨੰਬਰ ਤੁਹਾਨੂੰ ਐੱਫਆਈਆਰ ਦਰਜ ਕਰਵਾਉਣ ਸਮੇਂ ਕੰਮ ਆਉਂਦਾ ਹੈ। ਫੋਨ ਹੈਕ ਹੋਣ ਜਾਂ ਧੋਖਾ ਹੋਣ ਦੀ ਹਾਲਤ ਵਿਚ ਫੋਨ ਕੰਪਨੀ, ਬੈਂਕ ਤੇ ਥਾਣੇ ਵਿਖੇ ਲਿਖਤੀ ਤੌਰ 'ਤੇ ਸੂਚਿਤ ਕਰੋ। ਅਜਿਹੇ ਮੌਕੇ 'ਤੇ ਬੈਂਕ, ਕਾਰਡ, ਖਾਤੇ ਤੇ ਸਿਮ ਕਾਰਡ ਨੂੰ ਆਨਲਾਈਨ ਵੀ ਬਲਾਕ ਕਰਵਾਇਆ ਜਾ ਸਕਦਾ ਹੈ। ਆਪਣੇ ਫੋਨ 'ਤੇ ਹਮੇਸ਼ਾ ਸਕਰੀਨ ਲੌਕ, ਪੈਟਰਨ ਲੌਕ, ਫਿੰਗਰ ਪ੍ਰਿੰਟ ਦੀ ਸਹੂਲਤ ਜੋੜ ਕੇ ਰੱਖੋ। ਜੀ-ਮੇਲ, ਫੇਸਬੁੱਕ, ਟਵਿੱਟਰ ਆਦਿ ਮਹੱਤਵਪੂਰਨ ਐਪਸ ਨੂੰ ਖੋਲਣ ਲਈ '2-ਸਟੈੱਪ-ਔਥੈਂਟੀਕੇਸ਼ਨ' ਕਰ ਕੇ ਰੱਖੋ। ਸਿਰਫ਼ ਪਲੇਅ ਸਟੋਰ ਤੋਂ ਡਾਊਨਲੋਡ ਕੀਤੀਆਂ ਤੇ ਵਿਸ਼ਵਾਸਯੋਗ ਐਪਸ ਹੀ ਵਰਤੋ। ਮੁਫ਼ਤ ਐਪਸ ਦੀ ਬਜਾਏ ਹਮੇਸ਼ਾ ਖ਼ਰੀਦੀਆਂ ਹੋਈਆਂ ਜਾਂ ਓਪਨ ਸੋਰਸ ਐਪਸ ਦੀ ਵਰਤੋਂ ਕਰੋ। ਵੱਖ-ਵੱਖ ਐਪਸ ਨੂੰ ਸਮੇਂ-ਸਮੇਂ 'ਤੇ ਅਪਡੇਟ ਕਰਦੇ ਰਹੋ।

# ਆਪਣੀ ਸੋਚ ਦਾ ਦਾਇਰਾ ਵਿਸ਼ਾਲ ਰੱਖੋ



**ਹਰਕੀਰਤ ਕੌਰ**
੯੭੭੯੧੧੮੦੬੬

ਜਦੋਂ ਕੋਈ ਵੀ ਇਨਸਾਨ ਇਸ ਦੁਨੀਆਂ ਵਿੱਚ ਮਹਾਨ ਕੰਮ ਕਰਦਾ ਹੈ ਤਾਂ ਉਸਦੀ ਸੋਚ ਦੀ ਰੱਜ ਕੇ ਸਹਾਰਨਾ ਕੀਤੀ ਜਾਂਦੀ ਹੈ ਕਿ ਫਲਾਣਾ ਬੰਦਾ ਬਹੁਤ ਸੁਚੱਜੀ ਸੋਚ ਦਾ ਮਾਲਿਕ ਹੈ। ਇਸੇ ਤਰਾਂ ਕੋਈ ਜੱਗੋਂ ਤੇਰਵੀਂ ਕਰ ਵਿਖਾਵੇ ਤਾਂ ਵੀ ਉਸਦੀ ਸੋਚ ਨੂੰ ਹੀ ਭੰਡਿਆ ਜਾਂਦਾ ਹੈ ਇੱਕ ਸੋਚ ਹੀ ਤਾਂ ਹੈ ਜੋ ਮਨੁੱਖ ਦੀ ਦੇਵਤੇ ਦੀ ਤਰਾਂ ਪੂਜਾ ਕਰਵਾ ਦਿੰਦੀ ਹੈ ਅਤੇ ਕਿਸੇ ਮਨੁੱਖ ਨੂੰ ਫਿਟਕਾਰਾਂ। ਸੋ, ਥੋੜੇ ਸ਼ਬਦਾਂ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਮਨੁੱਖੀ ਸੋਚ ਮਨੁੱਖੀ ਸ਼ਖਸੀਅਤ ਨੂੰ ਉਭਾਰਨ ਵਿੱਚ ਖਾਸ ਭੂਮਿਕਾ ਨਿਭਾਉਂਦੀ ਹੈ।

ਹਰ ਇਨਸਾਨ ਦੇ ਸੋਚਣ ਦਾ ਤਰੀਕਾ ਵੱਖਰਾ ਵੱਖਰਾ ਹੈ, ਕਈ ਸਕਾਰਾਤਮਕ ਸੋਚ ਵਾਲੇ ਹੁੰਦੇ ਹਨ, ਕੁਝ ਨਾਕਾਰਤਮਕ ਸੋਚ ਵਾਲੇ ਅਤੇ ਕੁਝ ਦੋਨਾਂ ਪੱਖਾਂ ਨੂੰ ਨਾਲ ਲੈ ਕੇ ਚੱਲਦੇ ਹਨ। ਕਿਸੇ ਇਨਸਾਨ ਦੀ ਸੋਚ ਦੇ ਕਾਰਣ ਹੀ ਕਿਸੇ ਨੂੰ ਗੁਲਾਬ ਦੇ ਪੌਦੇ ਉੱਪਰ ਗੁਲਾਬ ਦੇ ਫੁੱਲ ਨਜ਼ਰ ਆ ਰਹੇ ਹੁੰਦੇ ਹਨ, ਨਵੀਆਂ ਖਿੜਦੀਆਂ ਕਲੀਆਂ ਨਜ਼ਰ ਆ ਰਹੀਆਂ ਹਨ ਪਰ ਕਿਸੇ ਨੂੰ ਪੌਦੇ ਉੱਪਰ ਲੱਗੇ ਕੰਡੇ ਨਜ਼ਰੀ ਪੈ ਰਹੇ ਹਨ, ਉਸਦਾ ਧਿਆਨ ਨਵੀਆਂ ਖਿੜੀਆਂ ਕਲੀਆਂ ਵੱਲ ਨਾ ਜਾ ਕੇ ਮੁਰਝਾ ਕੇ ਜਮੀਨ ਉੱਤੇ ਡਿੱਗੀਆਂ ਸੁੱਕੀਆਂ ਪੱਤੀਆਂ ਵੱਲ ਜਾਵੇਗਾ, ਕੁਝ ਅਜਿਹੇ ਹੁੰਦੇ ਹਨ ਜੋ ਫੁੱਲ ਦੀ ਸੁੰਦਰਤਾ ਦੇ ਨਾਲ ਨਾਲ ਕੰਡਿਆਂ ਵੱਲ ਵੀ ਧਿਆਨ ਲੈ ਕੇ ਜਾਂਦੇ ਹਨ। ਸੋ, ਕਹਿਣ ਤੋਂ ਭਾਵ ਕਿ ਜਿੰਨੀ ਤਰਾਂ ਦੇ ਮਨੁੱਖ ਹੁੰਦੇ ਹਨ ਸਾਰੇ ਆਪਣੀ ਆਪਣੀ ਸੋਚ ਦੇ ਮੁਹਤਾਜ਼ ਹੁੰਦੇ ਹਨ । ਅਸੀਂ ਆਪਣੀ ਸੋਚ ਦੇ ਅਨੁਸਾਰ ਹੀ ਇਨਸਾਨਾਂ ਦੇ ਕਿਰਦਾਰ ਆਪਣੇ ਮਨ ਅੰਦਰ ਬਣਾ ਲੈਂਦੇ ਹਾਂ। ਬਹੁਤ ਵਾਰ ਹੁੰਦਾ ਹੈ ਕਿ ਬਹੁਤਾਂਤ ਲੋਕਾਂ ਦੀ ਸੋਚ ਦਾ ਦਾਇਰਾ ਬਹੁਤ ਛੋਟਾ ਹੁੰਦਾ ਹੈ, ਜਿਸ ਕਾਰਨ ਉਹ ਹਰ ਚੀਜ਼ ਨੂੰ ਨਾਕਾਰਾਤਮਕ ਪੱਖ ਅਤੇ ਸੌੜੀ ਸੋਚ ਦੇ ਅਧੀਨ ਹੋ ਕੇ ਹੀ ਦੇਖਦੇ ਅਤੇ ਸੋਚਦੇ ਹਨ।

ਅਸੀਂ ਬਹੁਤ ਸਾਰੇ ਲੋਕ ਦੇਖਦੇ ਹਾਂ ਜੋ ਲੋਕਾਂ ਦੇ ਚਰਿੱਤਰ ਬਾਰੇ ਆਪਣੀ ਸੋਚ ਦੇ ਦਾਇਰੇ ਅਨੁਸਾਰ ਕਿਆਸਅਰਾਈਆਂ ਲਾਉਣ ਲੱਗਦੇ ਹਨ। ਇੱਕ ਲੜਕੀ ਲੜਕੇ ਨੂੰ ਕਿਸੇ ਜਨਤਕ ਥਾਂ 'ਤੇ ਗੱਲ ਕਰਦਿਆਂ ਵੇਖ ਲਵੇ ਤਾਂ ਬਹੁਤੇ ਲੋਕਾਂ ਦੇ ਮਨਾਂ ਵਿੱਚ ਉਨਾਂ ਦੇ ਰਿਸ਼ਤੇ ਨੂੰ ਲੈ ਕੇ ਹੀ ਵਿਚਾਰ ਚੱਲਣ ਲੱਗ ਪੈਂਦੇ ਹਨ। ਹਾਲਾਂਕਿ ਉਹ ਭੈਣ ਭਰਾ ਵੀ ਹੋ ਸਕਦੇ ਹਨ, ਚੰਗੇ ਦੋਸਤ ਵੀ ਹੋ ਸਕਦੇ ਹਨ। ਇਸੇ ਤਰਾਂ ਆਮ ਜਿੰਦਗੀ ਵਿੱਚ ਘਰਾਂ ਵਿੱਚ ਰਿਸ਼ਤੇਦਾਰੀਆਂ ਵਿੱਚ ਵੀ ਅਜਿਹੀਆਂ ਕਈ ਗੱਲਾਂ ਆਮ ਵੇਖਣ ਨੂੰ ਮਿਲਦੀਆਂ ਹਨ। ਪਰ ਇਨਾਂ ਸਾਰੀਆਂ ਘਟਨਾਵਾਂ ਪਿੱਛੇ ਜੋ ਕਾਰਨ ਹੈ ਉਹ ਹੈ ਸੋਚ ਦਾ ਦਾਇਰਾ।

ਅਸਲ ਵਿੱਚ ਸੋਚ ਦੀ ਦਾਇਰਾ ਛੋਟਾ ਹੋਣ ਕਰਕੇ ਹਰ ਗੱਲ ਦੇ ਹੀਣੇ ਅਰਥ ਹੀ ਕੱਢੇ ਜਾਂਦੇ ਹਨ। ਇਸਦਾ ਅਰਥ ਇਹ ਬਿਲਕੁਲ ਨਹੀਂ ਕਿ ਮੈਂ ਕਿਸੇ ਅਸੱਭਿਅਕ ਗੱਲ ਦੇ ਹੱਕ ਵਿੱਚ ਹਾਂ। ਪਰ ਜੇਕਰ ਅਸੀਂ ਚਾਹੁੰਦੇ ਹਾਂ ਕਿ ਅਸੀਂ ਇੱਕ ਵਧੀਆ ਸ਼ਖਸੀਅਤ ਦੇ ਮਾਲਕ ਹੋਈਏ ਤਾਂ ਉਸ ਲਈ ਜਰੂਰੀ ਹੈ ਕਿ ਸਾਡੀ ਸੋਚ ਦਾ ਦਾਇਰਾ ਵੀ ਵਿਸ਼ਾਲ ਹੋਵੇ। ਜਿੰਨੀ ਵੱਡੀ ਸਾਡੀ ਸੋਚ ਹੋਵੇਗੀ ਉਨੇ ਹੀ ਖੁੱਲੇ ਤੇ ਸਾਕਾਰਾਤਮਕ ਵਿਚਾਰ ਸਾਡੀ ਸ਼ਖਸੀਅਤ ਦਾ ਸ਼ਿੰਗਾਰ ਬਣਨਗੇ । ਜਿੰਨਾ ਅਸੀਂ ਹਰ ਚੀਜ਼ ਨੂੰ ਸੁਚੱਜੇ ਢੰਗ ਨਾਲ ਦੇਖਾਂਗੇ ਉਨੀਆਂ ਹੀ ਹਰ ਪਾਸੇ ਵਧੀਆ ਚੀਜ਼ਾਂ ਸਾਨੂੰ ਨਜ਼ਰ ਆਉਣਗੀਆਂ।

ਮੇਰਾ ਦਾਅਵਾ ਹੈ ਕਿ ਅਜਿਹੀ ਸੋਚ ਅਪਨਾਉਣ ਨਾਲ ਸਾਨੂੰ ਸਾਡਾ ਆਲਾ ਦੁਆਲਾ ਜਾਂ ਜਿੱਥੇ ਅਸੀਂ ਵਿਚਰਦੇ ਹਾਂ ਵਧੇਰੇ ਚੰਗਾ ਲੱਗਣ ਲੱਗ ਜਾਂਦਾ ਹੈ, ਜਿਸ ਨਾਲ ਯਕੀਨਨ ਹੀ ਸਾਡੀਆਂ ਸ਼ਿਕਾਇਤਾਂ ਘੱਟ ਜਾਂਦੀਆਂ ਹਨ ਨਫ਼ਰਤ ਦੇ ਬੀਜ, ਈਰਖਾ ਦੀ ਝਿਣਗਾਂ ਘੱਟ ਜਾਂਦੀਆਂ ਹਨ। ਕਿਉਂਕਿ ਅਸੀਂ ਹਰ ਇਨਸਾਨ ਵਿੱਚ ਚੰਗੇ ਗੁਣ ਹੀ ਦੇਖ ਰਹੇ ਹੋਵਾਂਗੇ। ਮੇਰਾ ਮੰਨਣਾ ਹੈ ਚੰਗੀ ਸ਼ਖਸੀਅਤ ਅਤੇ ਖੁਸ਼ਹਾਲ ਜੀਵਨ ਲਈ ਸਾਡੀ ਸੋਚ ਦਾ ਵੱਡਾ ਹੋਣਾ ਬਹੁਤ ਜਰੂਰੀ ਹੈ। ਜਿੰਨੀ ਵਿਸ਼ਾਲ ਸਾਡੀ ਸੋਚ ਹੋਵੇਗੀ ਉਨੀਆਂ ਹੀ ਵੱਡੀਆਂ ਸਾਡੀਆਂ ਪ੍ਰਾਪਤੀਆਂ ਹੋਣਗੀਆਂ।

# ਕੈਂਚੀਆਂ ਲਵਾ ਲੋ...



ਕੈਂਚੀਆਂ, ਚਾਕੂ ਲਾਉਣ ਉਹ ਹਰ ਸਾਲ ਵਿਚ ਦੋ ਗੇੜੇ ਮਾਰਦਾ। ਇੱਕ ਹਾੜੀ ਕਣਕਾਂ ਦੀ ਵਾਢੀ ਮਗਰੋਂ ਤੇ ਦੂਜਾ ਦੀਵਾਲੀ ਦੇ ਐੜ-ਗੇੜ। ਸਾਰੇ ਪਿੰਡ ਦੇ ਬੰਦਿਆਂ ਨਾਲੋਂ ਬੁੜੀਆਂ ਨੂੰ ਜ਼ਿਆਦਾ ਪਤਾ ਹੁੰਦਾ ਕਿ ਸਰੂਪ ਸਿਉਂ ਨੇ ਕਿਹੜੇ ਕੁ ਮਹੀਨੇ ਜਾਂ ਰੁੱਤੇ ਆਉਣਾ। ਸਵੇਰ ਦੀ ਹਾਜ਼ਰੀ ਤੋਂ ਲੈ ਕੇ ਉਹਦੀ ਦੁਪਹਿਰ ਦੀ ਤਿੰਨ ਆਲੀ ਚਾਹ ਇੱਕੋ ਪਿੰਡ ਵਿੱਚ ਹੁੰਦੀ। ਦੁਪਹਿਰ ਦੀ ਰੋਟੀ ਹਰੇਕ ਵਾਰ ਬੰਤ ਕੇ ਘਰ ਹੁੰਦੀ, ਪਿਆਰ ਭਾਵੇਂ ਉਹਦਾ ਸਾਰੇ ਪਿੰਡ ਨਾਲ ਬਹੁਤ ਸੀ, ਪਰ ਬੰਤ ਕੇ ਟੱਬਰ ਨਾਲ ਉਹਦਾ ਅਲੱਗ ਹੀ ਲਗਾਵ ਸੀ। ਬੰਤ ਵੀ ਆਪਣੀ ਵੀਹੀ ਦੀਆਂ ਆਢਣਾਂ ਗਵਾਢਣਾਂ ਨੂੰ ਬੁਲਾ ਕੇ ਲਿਆਉਂਦੀ ਤਾਂ ਜੋ ਸਰੂਪ ਬਾਬੇ ਨੂੰ ਚਾਰ ਪੈਸੇ ਬਚ ਜਾਣ। ਹੋਰ ਤਾਂ ਹੋਰ ਬੰਤ ਤਾਂ ਨਾਲ ਦੀਆਂ ਨੂੰ ਆਨੇ-ਬਹਾਨੇ ਅਡਕਾ ਲੈਂਦੀ ਵੀ ਨਹੀਂ ਮੰਡੀ ਨੀਂ ਜਾਣਾ ਆਪਾਂ ਲਵਾਉਣ ਕੈਂਚੀਆਂ, ਉੱਥੇ ਭਾਈ ਮਹਿੰਗੇ ਲਾਉਂਦੇ ਤੇ ਕੰਮ ਵੀ ਸਮਾਰ ਕੇ ਨੀਂ ਕਰਦੇ। ਸਰੂਪ ਬਾਬਾ ਵੀ ਬੰਤ ਕੇ ਘਰ ਦੀਆਂ ਨਾਂ ਲਾਉਣ ਵਾਲੀਆਂ ਕਰਦਾਂ, ਚਾਕੂ ਵੀ ਲਾ ਹੀ ਜਾਂਦਾ ਤੇ ਆਖਦਾ ਕੁੜੇ ਮੇਰੇ ਤੋਂ ਕਿਹੜਾ ਨਿੱਤ ਹੀ ਗੇੜਾ ਵੱਜਦਾ। ਪੈਸੇ ਕਦੇ ਲੈਂਦਾ ਹੀ ਨਾ ਬੰਤੋਂ ਤੋਂ, ਕਦੇ ਪੰਜ-ਦਸ ਲੈ ਲੈਂਦੇ ਤੇ ਬੰਤ ਚੌਗਣੇ ਦੇਣਾ ਚਾਹੁੰਦੀ, ਪਰ ਜਿੱਤ ਬਾਬੇ ਦੀ ਹੀ ਹੁੰਦੀ।

ਪਤਾ ਨੀਂ ਕਿਹੋ ਜਹੀਆਂ ਮੋਹ ਦੀਆਂ ਤੰਦਾਂ ਸੀ, ਸ਼ਾਇਦ ਬੰਤ ਆਪਦੇ ਜਵਾਕ ਵੇਲੇ ਦੇ ਤੁਰੇ ਬਾਪ ਨੂੰ ਸਰੂਪ ਬਾਬੇ ਵਿਚ ਲੱਭਦੀ ਤੇ ਪਿਉ ਨੂੰ ਰੱਜਿਆ ਪੁੱਜਿਆ ਦੇਖਣਾ ਚਾਹੁੰਦੀ। ਦੂਜੇ ਪਾਸੇ ਕਦੇ ਚੜ੍ਹਦੀ ਜਵਾਨੀ ਵਿਚ ਨਾਲਦੀ ਨਾਲ ਕੀਤਾ ਵਾਅਦਾ ਕਿ ਆਪਾਂ ਇੱਕ ਕੁੜੀ ਜਰੂਰ ਗੋਦ ਲੈ ਕੇ ਪਾਲਾਂਗੇ ਤਾਂ ਨਾ ਪੂਰਾ ਹੋ ਸਕਿਆ, ਪਰ ਨਾਲਦੀ ਦੇ ਤੁਰ ਜਾਣ ਮਗਰੋਂ ਮਜਬੂਰੀਵਸ ਗੋਦ ਦਿੱਤੀ ਆਪਣੀ ਧੀ ਜੀਤ ਨੂੰ ਬੰਤ ਵਿਚ ਦੇਖਦਾ ਤੇ ਸਿਰ ਪਲੋਸਦਾ ਆਪਦੇ ਰਾਹ ਪੈ ਜਾਂਦਾ। ਕੈਂਚੀਆਂ ਲਵਾ ਲੋ, ਕਰਦਾਂ ਲਵਾ ਲੋ ਭਾਈ।

**ਰਵਿੰਦਰ ਸਿੰਘ ਰੱਬੋਂ**

## ਬੱਚਿਆਂ ’ਚ ਨੈਤਿਕ ਸਿੱਖਿਆ...

ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਸਕੂਲਾਂ ਅੰਦਰ ਨੈਤਿਕ ਸਿੱਖਿਆ ਦਾ ਵੱਖਰਾ ਵਿਸ਼ਾ ਸ਼ੁਰੂ ਕਰ ਕੇ ਬੱਚਿਆਂ ਨੂੰ ਆਪਣੇ ਪਰਿਵਾਰ ,ਦੇਸ਼ ਅਤੇ ਵਿਸ਼ਵ ਪ੍ਰਤੀ ਫ਼ਰਜ਼ਾਂ ਬਾਰੇ ਜਾਣੂ ਕਰਵਾਉਣਾ ਬਹੁਤ ਜ਼ਰੂਰੀ ਹੈ। ਸਿੱਖਿਆ ਦਾ ਮੁੱਖ ਮੰਤਵ ਰੁਜ਼ਗਾਰ ਹੋਣ ਕਰ ਕੇ ਮਾਨਵੀ ਮੁੱਲਾਂ ਵਾਲੇ ਵਿਸ਼ੇ ਮਨਫ਼ੀ ਹਨ ਅਤੇ ਅਸੀਂ ਅਧੂਰੇ ਇਨਸਾਨ ਪੈਦਾ ਕਰ ਰਹੇ ਹਾਂ, ਜਿਨਾਂ ਦਾ ਸਮਾਜਿਕ ਸਰੋਕਾਰਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਨੈਤਿਕ ਮੁੱਲ ਹੀ ਸਾਨੂੰ ਦੱਸਦੇ ਹਨ ਕਿ ਔਖੇ ਵਕਤ ਦਾ ਸਹਿਜ ’ਚ ਰਹਿ ਕੇ ਸਾਹਮਣਾ ਕਿਸ ਤਰਾਂ ਕਰਨਾ ਹੈ। ਅੱਜ ਸਮੇਂ ਦੀ ਵੱਡੀ ਲੋੜ ਹੈ ਕਿ ਸਕੂਲੀ ਪਾਠਕ੍ਰਮ ਵਿੱਚ ਮਾਨਵੀ ਮੁੱਲਾਂ ਤੇ ਧਾਰਨਾਵਾਂ ਨੂੰ ਪ੍ਰਮੁੱਖਤਾ ਨਾਲ ਸ਼ਾਮਿਲ ਕਰ ਕੇ ਲਾਗੂ ਕੀਤਾ ਜਾਵੇ। ਸਵੇਰ ਦੀ ਸਭਾ ਅਤੇ ਬਾਲ ਸਭਾ ਦੇ ਮੰਚਾਂ ਨੂੰ ਨੈਤਿਕ ਸਿੱਖਿਆ ਦੇ ਵਿਕਾਸ ਲਈ ਵਰਤਿਆ ਜਾਵੇ। ਕੇਵਲ ਸਰਟੀਫਿਕੇਟਾਂ ਵਿੱਚ ਅੰਕ ਹਾਸਲ ਕਰਨ ਵਾਲੇ ਬੱਚੇ ਅਕਸਰ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਤੋਂ ਪੱਛੜ ਜਾਂਦੇ ਹਨ। ਉਨਾਂ ਅੰਦਰ ਸਹੀ ਸਮੇਂ ਫੈਸਲਾ ਲੈਣ ਅਤੇ ਠੀਕ ਰਸਤਾ ਚੁਣਨ ਦੀ ਯੋਗਤਾ ਨਹੀਂ ਹੁੰਦੀ। ਇਸ ਦੇ ਹੱਲ ਲਈ ਸਕੂਲਾਂ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਅੰਦਰੋਂ ਮਜ਼ਬੂਤ ਕਰਨ ਲਈ ਵਿਸ਼ੇਸ਼ ਸੈਮੀਨਾਰਾਂ ,ਵਰਕਸ਼ਾਪਾਂ ਆਦਿ ਰਾਹੀਂ ਮਾਹਿਰ ਅਤੇ ਸਮਾਜ ਦੇ ਰੋਲ ਮਾਡਲ ਵਿਅਕਤੀਆਂ ਦੇ ਲੈਕਚਰ ਕਰਵਾਏ ਜਾਣ ਤਾਂ ਜੋ ਬੱਚਿਆਂ ਨੂੰ ਜ਼ਿੰਦਗੀ ਦੇ ਅਸਲ ਖ਼ਾਸੇ ਨਾਲ ਜੋੜਿਆ ਜਾ ਸਕੇ। ਪੁਰਾਤਨ ਸਮੇਂ ਦੀਆਂ ਰੰਗੀਨ ਭਾਈਚਾਰਕ ਸਾਂਝਾਂ ਬਦਰੰਗ ਹੋ ਚੁੱਕੀਆਂ ਹਨ। ਇਹ ਨੈਤਿਕ ਸਿੱਖਿਆ ਹੀ ਹੈ, ਜੋ ਸਾਨੂੰ ਸਮਾਜ ਵਿੱਚ ਵਿਚਰਨ ਦੀ ਸਹੀ ਸਮਝ ਦੇਣ ਦੇ ਨਾਲ-ਨਾਲ ਨਵੇਂ ਸਮਾਜਿਕ ਸਬੰਧ ਪੈਦਾ ਕਰਨ ਦੀ ਸੂਝ ਦਿੰਦੀ ਹੈ ਪਰ ਅੱਜ ਮਾਪਿਆਂ ਵੱਲੋਂ ਬੱਚਿਆਂ ਨੂੰ ਘੱਟ ਤੋਂ ਘੱਟ ਮਿੱਤਰ ਬਣਾਉਣ ਅਤੇ ਕਿਸੇ ’ਤੇ ਵਿਸ਼ਵਾਸ ਨਾ ਕਰਨ ਦੀ ਨਸੀਹਤ ਦਿੱਤੀ ਜਾਂਦੀ ਹੈ, ਇਸ ਨਾਲ ਆਲਾ-ਦੁਆਲਾ ਦਿਨੋਂ ਦਿਨ ਸ਼ੱਕੀ ਬਣਦਾ ਜਾ ਰਿਹਾ ਹੈ ਤੇ ਅਸੀਂ ਫੈਲਣ ਦੀ ਬਜਾਏ ਸੁੰਗੜਦੇ ਜਾ ਰਹੇ ਹਾਂ। ਜ਼ੁਬਾਨਾਂ ਦਾ ਮੁੱਲ ਨਹੀਂ ਰਿਹਾ ਹਰ ਗੱਲ ਅਸਟਾਮ ’ਤੇ ਲਿਖੀ ਜਾਂਦੀ ਹੈ। ਬੱਚਿਆਂ ਅੰਦਰ ਇਨਸਾਨੀ ਫ਼ਰਜ਼ ਭਰਨ ਲਈ ਸਕੂਲੀ ਪਾਠਕ੍ਰਮ ਤੇ ਅਧਿਆਪਨ ਢੰਗਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਦੀ ਲੋੜ ਹੈ ਕਿਉਂਕਿ ਬੱਚੇ ਸਾਡਾ ਭਵਿੱਖ ਹਨ




# ਭਾਰਤ ਵਿੱਚ ਤੰਬਾਕੂਨੋਸ਼ੀ ਰਾਹੀਂ ਫੈਲ ਰਹੀਆਂ ਬੀਮਾਰੀਆਂ



**ਅਸ਼ੋਕ ਸੋਨੀ**



ਭਾਰਤ ਵਿੱਚ ਤੰਬਾਕੂਨੋਸ਼ੀ ਸਦੀਆਂ ਤੋਂ ਬਹੁਤ ਵੱਡੀ ਸਮੱਸਿਆ ਰਹੀ ਹੈ। ਪੁਰਾਣੇ ਸਮਿਆਂ ਵਿੱਚ ਤਾਂ ਅਨਪੜ੍ਹਤਾ ਅਤੇ ਜਾਗਰੂਕਤਾ ਦੀ ਘਾਟ ਕਾਰਨ ਤੰਬਾਕੂ ਦੇ ਮਾੜੇ ਪ੍ਰਭਾਵਾਂ ਸੰਬੰਧੀ ਲੋਕਾਂ ਵਿੱਚ ਗਿਆਨ ਦੀ ਘਾਟ ਸੀ ਪਰ ਅੱਜ ਜਦੋਂ ਪੂਰੀ ਦੁਨੀਆ ਨੂੰ ਪਤਾ ਲੱਗ ਚੁੱਕਾ ਹੈ ਕਿ ਤੰਬਾਕੂਨੋਸ਼ੀ ਕੈਂਸਰ ਵਰਗੀਆਂ ਨਾਮੁਰਾਦ ਬੀਮਾਰੀਆਂ ਦਾ ਜਨਣੀ ਹੈ ਫੇਰ ਵੀ ਲੋਕ ਧੜੱਲੇ ਨਾਲ ਇਸ ਜ਼ਹਿਰ ਦਾ ਪ੍ਰਯੋਗ ਕਰਦੇ, ਮੌਤ ਨੂੰ ਗਲ ਲਾ ਰਹੇ ਹਨ। ਭਾਰਤ ਵਿੱਚ ਹਰ ਰੋਜ਼ ਤਕਰੀਬਨ 2800 ਲੋਕਾਂ ਦੀ ਮੌਤ, ਤੰਬਾਕੂ ਉਤਪਾਦਾਂ ਦੀ ਵਰਤੋਂ ਕਾਰਨ ਹੁੰਦੀ ਹੈ। ਜ਼ਰਾ ਸੋਚੋ, ਦੁਨੀਆ ਵਿੱਚ ਹਰੇਕ ਘੰਟੇ 600 ਲੋਕ ਇਸ ਮਿੱਠੇ ਜ਼ਹਿਰ ਕਾਰਨ ਮਰ ਰਹੇ ਹਨ। ਤੰਬਾਕੂਨੋਸ਼ੀ, ਖਾਸਕਰ ਬੀੜੀ ਜਾਂ ਸਿਗਰਟ ਦੀ ਵਰਤੋਂ ਕਈ ਪ੍ਰਕਾਰ ਦੇ ਜ਼ਹਿਰੀਲੇ ਤੱਤ ਪੈਦਾ ਕਰਦੀ ਹੈ, ਜਿਹਨਾਂ ਵਿੱਚੋਂ ਨਿਕੋਟੀਨ ਸਭ ਤੋਂ ਖਤਰਨਾਕ ਹੈ। ਨਿਕੋਟੀਨ ਬਹੁਤ ਹੀ ਜਾਨਲੇਵਾ ਜ਼ਹਿਰ ਹੈ। ਤੰਬਾਕੂ ਵਿੱਚ ਪਾਇਆ ਜਾਣ ਵਾਲਾ ਇਹ ਨਿਕੋਟੀਨ ਹੀ ਵਿਅਕਤੀ ਨੂੰ ਨਸ਼ੇ ਦੀ ਆਦਤ ਵਿੱਚ ਫਸਾਉਣ ਦਾ ਕੰਮ ਕਰਦਾ ਹੈ, ਜੋ ਵੱਖ-ਵੱਖ ਜਾਨਲੇਵਾ ਬੀਮਾਰੀਆਂ ਦਾ ਜਨਮਦਾਤਾ ਹੈ। ਨਿਕੋਟੀਨ ਨਾੜੀ ਤੰਤਰ ਤੇ ਖਾਸਕਰ ਫੇਫੜਿਆਂ ਨੂੰ ਖਤਮ ਕਰ ਦਿੰਦਾ ਹੈ। ਨਿਕੋਟੀਨ ਕਾਰਨ ਹੀ ਵਿਅਕਤੀ ਦਾ ਬਲੱਡ ਪ੍ਰੈੱਸ਼ਰ ਵਧਣ ਲੱਗ ਜਾਂਦਾ ਹੈ। ਇਸ ਤੋਂ ਇਲਾਵਾ ਗਲੇ ਤੇ ਮੂੰਹ ਦਾ ਕੈਂਸਰ, ਪੇਟ ਦੇ ਖਤਰਨਾਕ ਰੋਗ, ਫੇਫੜੇ ਦਾ ਕੈਂਸਰ, ਦਮਾ, ਅੱਖਾਂ ਦੇ ਰੋਗ, ਨਾਮਰਦੀ ਤੇ ਹੋਰ ਵੀ ਬਹੁਤ ਸਾਰੀਆਂ ਬੀਮਾਰੀਆਂ ਦੀ ਜੜ ਤੰਬਾਕੂਨੋਸ਼ੀ ਹੀ ਹੈ। ਬੜੀ ਹੀ ਨਮੋਸ਼ੀ ਦੀ ਗੱਲ ਹੈ ਕਿ ਪੂਰੀ ਦੁਨੀਆ ਵਿੱਚ ਬਿਨਾ ਧੂੰਏ ਵਾਲੇ ਤੰਬਾਕੂ ਦੀ ਵਰਤੋਂ ਕਾਰਨ ਹੋਣ ਵਾਲੀ ਬੀਮਾਰੀਆਂ ਵਿੱਚ ਸਾਡੀ ਦੁਨੀਆ ਵਿੱਚ ਲਗਭਗ 70% ਹਿੱਸੇਦਾਰੀ ਹੈ। ਪਾਨ ਮਸਾਲਾ, ਜ਼ਰਦਾ, ਬੀੜੀ, ਸਿਗਰਟ, ਹੁੱਕਾ ਆਦਿ ਦੇ ਨਾਲ-ਨਾਲ, ਅੱਜ ਕੱਲ ਤੰਬਾਕੂ ਦੀ ਇੱਕ ਨਵੀਂ ਕਿਸਮ ਫਲੇਵਰਡ ਪੈਕਡ ਦੇ ਰੂਪ ਵਿੱਚ ਬਹੁਤ ਤੇਜ਼ੀ ਨਾਲ ਪ੍ਰਚਲਿਤ ਹੋਈ ਹੈ ਜੋ ਕੂਲ-ਲਿਪ ਜਾਂ ਸਿਰਹਾਣੇ ਦੇ ਨਾਮ ਨਾਲ ਮਸ਼ਹੂਰ ਹੈ। ਇਹ ਤੰਬਾਕੂ ਤਾਂ ਹੋਰ ਵੀ ਜ਼ਿਆਦਾ ਖਤਰਨਾਕ ਹੈ। ਖਾਸਕਰ ਪੰਜਾਬ ਵਿੱਚ ਨੌਜਵਾਨ ਵਰਗ ਇਸ ਨਵੇਂ ਪ੍ਰਚਲਿਤ ਤੰਬਾਕੂ ਦੀ ਲਪੇਟ ਵਿੱਚ ਪੂਰੀ ਤਰਾਂ ਆ ਚੁੱਕਾ ਹੈ। ਅਸੀਂ ਪਿੰਡ ਵਿੱਚ ਵਾਲੀਬਾਲ ਖੇਡਿਆ ਕਰਦੇ ਹਾਂ। ਜਦੋਂ ਵੀ ਵਾਲੀਬਾਲ ਦੂਰ ਤੂੜੀ ਵਾਲੇ ਕੁੱਪ ਦੇ ਓਹਲੇ ਜਾਂਦਾ ਤਾਂ ਮੇਰੇ ਦੋ ਨੌਜਵਾਨ ਸਾਥੀਆਂ ਵਿੱਚ ਬਾਲ ਲੈ ਕੇ ਆਉਣ ਲਈ ਦੌੜ ਲੱਗ ਜਾਂਦੀ। ਇੱਕ ਦਿਨ ਸ਼ੱਕ ਪੈਣ 'ਤੇ ਜਦੋਂ ਮੈਂ ਓਨਾਂ ਦੇ ਪਿੱਛੇ ਗਿਆ ਤਾਂ ਦੋਵੇਂ ਜਲਦੀ ਨਾਲ ਬੁੱਲਾਂ ਥੱਲੇ ਸਿਰਹਾਣਿਆਂ (ਕੂਲ-ਲਿਪ) ਦੀ ਅਦਲਾ-ਬਦਲੀ ਰਾਹੀਂ ਆਪਣੇ ਚੱਕਰ ਵਧਾਉਣ ਵਿੱਚ ਵਿਅਸਤ ਸਨ। ਉਹਨਾਂ ਨੇ ਤਾਂ ਸ਼ਰਮਿੰਦੇ ਹੋ ਕੇ ਦੁਬਾਰਾ ਵਰਤੋਂ ਤੋਂ ਤੌਬਾ ਕਰ ਲਈ ਪਰ ਸਾਡੇ ਕੁਝ ਕੁ ਪੰਜਾਬੀ ਗਾਇਕਾਂ, ਗੀਤਕਾਰਾਂ ਤੇ ਸਰੋਤਿਆਂ ਦਾ ਬੌਧਿਕ ਪੱਧਰ ਵੇਖੋ, ਇਹਨਾਂ ਨੇ ਸਿਰਹਾਣਿਆਂ (ਕੂਲ-ਲਿਪਾਂ) 'ਤੇ ਪੰਜਾਬੀ ਗਾਣੇ ਤਕ ਕੱਢ ਮਾਰੇ ਹਨ। ਪਿੱਛੇ ਜਿਹੇ ਯਾਰਕ ਯੂਨੀਵਰਸਿਟੀ ਵੱਲੋਂ ਕੀਤੇ ਸਰਵੇਖਣ ਰਾਹੀਂ ਬਹੁਤ ਹੀ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ ਕਿ ਪਿਛਲੇ ਸੱਤ ਸਾਲਾਂ ਦੌਰਾਨ ਦੁਨੀਆ ਵਿੱਚ ਬਿਨਾਂ ਧੂੰਏ ਵਾਲੇ ਤੰਬਾਕੂ ਉਤਪਾਦਾਂ ਕਾਰਨ ਹੋਈਆਂ ਮੌਤਾਂ ਦੀ ਗਿਣਤੀ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ।

ਤੰਬਾਕੂਨੋਸ਼ੀ ਲਾਇਲਾਜ ਬੀਮਾਰੀਆਂ ਦਾ ਵੱਡਾ ਕਾਰਣ ਹੈ। ਕੈਂਸਰ ਦੇ ਹਰੇਕ 100 ਮਰੀਜ਼ਾਂ ਵਿੱਚੋਂ ਲਗਭਗ 30 ਲੋਕ ਤੰਬਾਕੂ ਦੇ ਕਾਰਨ ਇਸ ਬੀਮਾਰੀ ਦੀ ਲਪੇਟ ਵਿੱਚ ਆਉਂਦੇ ਹਨ, ਹਾਲਾਂਕਿ ਇਸ ਵਿੱਚ ਕਿਸੇ ਹੋਰ ਦੀ ਬੀੜੀ ਜਾਂ ਸਿਗਰਟ ਰਾਹੀਂ ਪੈੱਸਿਵ ਸਮੋਕਿੰਗ ਦੇ ਸ਼ਿਕਾਰਾਂ ਦੀ ਗਿਣਤੀ ਵੀ ਬਹੁਤ ਵੱਡੀ ਹੈ। ਔਰਤਾਂ ਲਈ ਤਾਂ ਇਹ ਹੋਰ ਵੀ ਖਤਰਨਾਕ ਹੈ। ਉਪਰੋਕਤ ਬੀਮਾਰੀਆਂ ਤੋਂ ਇਲਾਵਾ ਇਸ ਨਾਲ ਸਾਡੀਆਂ ਭੈਣਾਂ ਵਿੱਚ ਬੱਚਾ ਨਾ ਹੋਣਾ, ਬੱਚੇਦਾਨੀ ਦਾ ਕੈਂਸਰ, ਵਾਰ-ਵਾਰ ਗਰਭਪਾਤ ਹੋਣਾ ਤੇ ਮਰੇ ਬੱਚੇ ਦਾ ਜਨਮ ਆਦਿ ਵਰਗੇ ਰੋਗ ਹੋ ਸਕਦੇ ਹਨ।

ਸਾਡੇ ਦੇਸ਼ ਵਿੱਚ ਤੰਬਾਕੂਨੋਸ਼ੀ ਨੂੰ ਰੋਕਣ ਲਈ, ਸਰਕਾਰ ਵੱਲੋਂ ਸਾਲ 2003 ਵਿੱਚ ਤੰਬਾਕੂ ਕੰਟਰੋਲ ਐਕਟ ਬਣਾਇਆ ਗਿਆ, ਜਿਸ ਅਧੀਨ ਜਨਤਕ ਥਾਂਵਾਂ 'ਤੇ ਤੰਬਾਕੂਨੋਸ਼ੀ ਕਰਨਾ ਕਾਨੂੰਨੀ ਅਪਰਾਧ ਹੈ। ਇਸ ਤੋਂ ਇਲਾਵਾ ਜਨਤਕ ਥਾਂਵਾਂ 'ਤੇ ਤੰਬਾਕੂ ਸਬੰਧਤ ਕਿਸੇ ਵੀ ਚੀਜ਼ ਦਾ ਇਸ਼ਤਿਹਾਰ ਦੇਣਾ, 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤੰਬਾਕੂ ਉਤਪਾਦ ਵੇਚਣਾ, ਵਿੱਦਿਅਕ ਅਦਾਰਿਆਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦ ਵੇਚਣਾ ਆਦਿ ਨੂੰ ਕਾਨੂੰਨੀ ਅਪਰਾਧ ਐਲਾਨਿਆ ਗਿਆ ਹੈ। ਪਰ ਇਹ ਸਾਡੇ ਦੇਸ਼ ਦੀ ਤ੍ਰਾਸਦੀ ਹੈ ਕਿ ਜਿੱਥੇ ਤੰਬਾਕੂ ਕੰਪਨੀਆਂ ਤੇ ਕਈ ਵਪਾਰੀ-ਦੁਕਾਨਦਾਰ ਆਪਣੇ ਸੌੜੇ ਵਪਾਰਕ ਹਿਤਾਂ ਕਾਰਨ, ਸ਼ਰੇਆਮ ਇਨਾਂ ਕਾਨੂੰਨਾਂ ਦੀ ਉਲੰਘਣਾ ਕਰਦੇ ਹਨ, ਉੱਥੇ ਹੀ ਸਰਕਾਰਾਂ ਵੀ ਟੈਕਸ ਰਾਹੀਂ ਹੋ ਰਹੀ ਆਮਦਨ ਦੇ ਲੋਭ ਵਿੱਚ ਤੰਬਾਕੂ ਵਰਗੇ ਜ਼ਹਿਰ 'ਤੇ ਰੋਕ ਨਹੀਂ ਲਗਾਉਂਦੀਆਂ, ਜਦਕਿ ਸਰਕਾਰ ਵੱਲੋਂ ਤੰਬਾਕੂ ਰਾਹੀਂ ਫੈਲ ਰਹੀਆਂ ਬੀਮਾਰੀਆਂ 'ਤੇ ਕੀਤਾ ਜਾਣ ਵਾਲ ਖਰਚ ਇਸ ਟੈਕਸ ਤੋਂ ਕਿਤੇ ਵੱਧ ਹੈ ਪਰ ਫੇਰ ਵੀ ਦੇਸ਼ ਵਾਸੀਆਂ ਦੀ ਸਿਹਤ ਨਾਲ ਸ਼ਰੇਆਮ ਖਿਲਵਾੜ ਜਾਰੀ ਹੈ।

ਤੰਬਾਕੂਨੋਸ਼ੀ ਕਰਨਾ ਅਸਲ ਵਿੱਚ ਆਪਣੀ ਮੌਤ ਨੂੰ ਆਪ ਸੱਦਾ ਦੇਣਾ ਹੈ। ਇਹ ਇੰਨੀ ਬੁਰੀ ਲਤ ਹੈ ਕਿ ਇਸਦੇ ਆਦੀ ਲੋਕ ਸਭ ਕੁਝ ਜਾਣਦੇ-ਸਮਝਦੇ ਹੋਏ ਵੀ ਤੰਬਾਕੂਨੋਸ਼ੀ ਕਰਦੇ ਹਨ। ਪਿੰਡਾਂ ਵਿੱਚ, ਖਾਸਕਰ ਬਾਗੜੀ (ਰਾਜਸਥਾਨੀ-ਹਰਿਆਣਵੀ) ਪਿੰਡਾਂ ਵਿੱਚ, ਜਿੱਥੇ ਸੱਥਾਂ ਵਿੱਚ ਸਾਂਝੇ ਤੌਰ 'ਤੇ ਹੁੱਕਾ ਪੀ ਕੇ ਤੰਬਾਕੂਨੋਸ਼ੀ ਕੀਤੀ ਜਾਂਦੀ ਏ, ਇਹ ਸਾਂਝੀ ਹੁੱਕੇਬਾਜ਼ੀ ਲਾਗ ਦੀ ਬੀਮਾਰੀਆਂ ਨੂੰ ਫੈਲਾਉਣ ਦਾ ਵੱਡਾ ਕਾਰਨ ਬਣਦੀ ਹੈ। ਖਾਸਕਰ ਟੀਬੀ ਵਰਗੀ ਬੀਮਾਰੀ ਫੈਲਾਉਣ ਦਾ। ਬੜੀ ਹੀ ਸ਼ਰਮਨਾਕ ਗੱਲ ਹੈ ਕਿ ਇਸ ਖੇਤਰ ਵਿੱਚ ਘਰਾਂ ਵਿੱਚ ਮਰਗ ਤੋਂ ਬਾਅਦ 12 ਦਿਨ ਸੋਗ ਵਜੋਂ ਬੈਠਣ ਸਮੇਂ ਬੀੜੀਆਂ ਨਾਲ ਭਰੀ ਪਲੇਟ ਰਾਹੀਂ ਸਾਰਿਆਂ ਆਇਆਂ-ਗਇਆਂ ਨੂੰ ਵੀ ਇਹ ਜ਼ਹਿਰ ਪਰੋਸ ਕੇ ਦਿੱਤਾ ਜਾਂਦਾ ਹੈ। ਬੀੜੀ, ਸਿਗਰਟ ਅਤੇ ਹੁੱਕੇਬਾਜ਼ੀ ਦੇ ਸ਼ਿਕਾਰ ਲੋਕਾਂ ਨੂੰ ਸਥਾਈ ਰੂਪ ਵਿੱਚ ਖੰਘ ਦੀ ਸ਼ਿਕਾਇਤ ਹੋ ਜਾਂਦੀ ਹੈ, ਜਿਸ 'ਤੇ ਕੋਈ ਵੀ ਦਵਾਈ ਅਸਰ ਨਹੀਂ ਕਰਦੀ।

ਯਾਦ ਰੱਖੋ, ਹੁੱਕੇ ਰਾਹੀਂ ਤੰਬਾਕੂ ਪੀਣਾ ਕੋਈ ਚੌਧਰ ਦਾ ਪ੍ਰਤੀਕ ਨਹੀਂ ਹੈ, ਸਗੋਂ ਇਹ ਤਾਂ ਤੁਹਾਡੇ ਮਾਨਸਿਕ ਖੋਖਲੇਪਨ ਦਾ ਖੁੱਲਾ ਪ੍ਰਗਟਾਵਾ ਹੈ। ਬੀੜੀ ਦੇ ਸ਼ੌਕੀਨ ਤਾਂ ਖਾਸ ਤੌਰ 'ਤੇ ਜਾਣ ਲੈਣ ਕਿ ਬੀੜੀਆਂ ਦਾ ਨਿਰਮਾਣ ਆਮ ਤੌਰ 'ਤੇ ਗੰਦੀਆਂ ਬਸਤੀਆਂ ਵਿੱਚ ਬਿਨਾਂ ਸਾਫ-ਸਫਾਈ ਦੇ ਨਿਯਮਾਂ ਤੋਂ ਹੀ ਕੀਤਾ ਜਾਂਦਾ ਹੈ। ਇਸ ਤੋਂ ਵੀ ਵੱਧ ਕੇ ਗੱਲ ਇਹ ਹੈ ਕਿ ਜੋ ਧਾਗਾ ਬੀੜੀ ਨੂੰ ਕੰਢੇ ਤੋਂ ਬੰਨਣ ਲਈ ਵਰਤਿਆ ਜਾਂਦਾ ਹੈ, ਉਸ ਨੂੰ ਚਿਪਕਾਉਣ ਲਈ ਕਿਸੇ ਗੂੰਦ ਦੀ ਥਾਂ 'ਤੇ ਉਨਾਂ ਬਸਤੀਆਂ ਵਿੱਚ ਰਹਿੰਦੀਆਂ ਬੀੜੀ ਬਣਾਉਣ ਵਾਲੀਆਂ ਭੈਣਾਂ ਕਈ ਵਾਰ ਆਪਣੇ ਥੁੱਕ ਦੀ ਵਰਤੋਂ ਵੀ ਆਮ ਹੈ ਕਰ ਲੈਂਦੀਆਂ ਹਨ, ਜੋ ਲਾਗ ਦੀਆਂ ਬੀਮਾਰੀਆਂ ਦਾ ਕਾਰਨ ਬਣਦਾ ਹੈ। ਸ਼ੁਰੂਆਤ ਵਿੱਚ ਤਾਂ ਤੰਬਾਕੂ ਦੀ ਵਰਤੋਂ ਸ਼ੌਕ ਵਜੋਂ ਹੀ ਕੀਤੀ ਜਾਂਦੀ ਹੈ ਪਰ ਇਹ ਸ਼ੌਕ ਕਦੋਂ ਆਦਤ ਬਣ ਜਾਂਦਾ ਹੈ, ਪਤਾ ਹੀ ਨਹੀਂ ਲੱਗਦਾ। ਤੰਬਾਕੂਨੋਸ਼ੀ ਸਾਡੀ ਬੀਮਾਰੀਆਂ ਨਾਲ ਲੜਨ ਦੀ ਸਮਰੱਥਾ ਨੂੰ ਕਮਜ਼ੋਰ ਕਰ ਦਿੰਦੀ ਹੈ। ਕਰੋਨਾ ਵਰਗੀਆਂ ਮਹਾਂਮਾਰੀਆਂ ਦਾ ਖਤਰਾ ਵਧਾਉਣ ਵਿੱਚ ਤੰਬਾਕੂਨੋਸ਼ੀ ਦਾ ਵੱਡਾ ਯੋਗਦਾਨ ਹੈ।

ਤੰਬਾਕੂਨੋਸ਼ੀ ਦੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਇਸ ਮਿੱਠੇ ਜ਼ਹਿਰ ਨੂੰ ਤੁਰੰਤ ਛੱਡ ਦੇਣ ਵਿੱਚ ਹੀ ਭਲਾਈ ਹੈ। ਹਰ ਸਾਲ ਦੁਨੀਆ ਵਿੱਚ 80 ਲੱਖ ਲੋਕ ਇਸ ਜ਼ਹਿਰ ਕਾਰਨ ਆਪਣੀ ਜਾਨ ਗਵਾ ਰਹੇ ਹਨ। ਮੈਂ ਆਪ ਵੀ ਤਾਂ ਕੋਈ ਸੰਤ ਨਹੀਂ ਹਾਂ। ਕਿਸੇ ਸਮੇਂ ਮੈਂ ਵੀ ਤਾਂ ਤੰਬਾਕੂਨੋਸ਼ੀ ਦਾ ਸ਼ਿਕਾਰ ਸੀ, ਹਾਲਾਂਕਿ ਤੁਸੀਂ ਇਹ ਵੀ ਕਹਿ ਸਕਦੇ ਹੋ ਕਿ 'ਜਵਾਨੀ ਵੇਲੇ ਲੁੱਟੇ ਬਾਣੀਏ, ਬੁੱਢੀ ਹੋ ਕੇ ਭਗਤਣੀ ਹੋਈ' ਪਰ ਤੰਬਾਕੂਨੋਸ਼ੀ ਛੱਡ ਦੇਣਾ ਆਪਣੇ-ਆਪ ਵਿੱਚ ਬਹੁਤ ਵੱਡੀ ਪ੍ਰਾਪਤੀ ਹੈ।

ਆਓ ਆਪਾਂ ਸਾਰੇ ਸਿਹਤਮੰਦ ਸਮਾਜ ਦੇ ਨਿਰਮਾਣ ਲਈ ਅੱਜ ਤੋਂ ਹੀ ਪ੍ਰਣ ਲਈਏ ਕਿ ਅਸੀਂ ਕਿਸੇ ਵੀ ਤਰਾਂ ਦੇ ਤੰਬਾਕੂ ਉਤਪਾਦਾਂ ਦੀ ਨਾ ਤਾਂ ਵਰਤੋਂ ਕਰਾਂਗੇ ਤੇ ਨਾ ਹੀ ਇਨਾਂ ਦਾ ਵਪਾਰ ਕਰਾਂਗੇ। ਮੈਂ ਆਸ ਕਰਦਾ ਹਾਂ ਕਿ ਸਾਡੀਆਂ ਸਰਕਾਰਾਂ ਪੂਰੇ ਦੇਸ਼ ਵਿੱਚ ਇਸ ਜ਼ਹਿਰ ਦੇ ਨਿਰਮਾਣ 'ਤੇ ਰੋਕ ਲਗਾਉਣ ਦਾ ਪਵਿੱਤਰ ਕਾਰਜ ਜਲਦੀ ਹੀ ਨੇਪਰੇ ਚਾੜਨਗੀਆਂ ਤਾਂ ਜੋ ਪੂਰੇ ਭਾਰਤ ਵਿੱਚ ਤੰਬਾਕੂਨੋਸ਼ੀ ਰਾਹੀਂ ਫੈਲ ਰਹੀਆਂ ਬੀਮਾਰੀਆਂ ਦੀ ਹਨੇਰੀ ਨੂੰ ਮੱਧਮ ਕੀਤਾ ਜਾ ਸਕੇ।


CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਬੋਲੇ ਸੋ ਨਿਹਾਲ




## ਹੰਸਰਾਜ ਰਹਿਬਰ





**ਅਨੁਵਾਦ : ਮਹਿੰਦਰ ਬੇਦੀ, ਜੈਤੋ**
**9417730600**


ਬਾਹਰ ਮੀਂਹ ਤੇਜ਼ ਹੋ ਗਿਆ। ਬਿਜਲੀ ਕੜਕੀ। ਭੂਪਾ ਡਰ ਗਿਆ। ਵਰਿਆਮ ਸਿੰਘ ਨੇ ਉਸਨੂੰ ਛਾਤੀ ਨਾਲ ਲਾ ਕੇ ਪੁਚਕਾਰਿਆ, 'ਪੁੱਤਰ ਡਰ ਨਾ। ਤੂੰ ਸਿੰਘ ਦਾ ਪੁੱਤਰ ਏਂ ਸ਼ੇਰਾ, ਤੇ ਸ਼ੇਰ ਕਦੀ ਡਰਦੇ ਨਹੀਂ ਹੁੰਦੇ। ਅਸੀਂ ਲੋਕ ਮੌਤ ਨਾਲ ਖੇਡ ਰਹੇ ਆਂ। ਧਰਮ ਲਈ ਲੜ ਰਹੇ ਹਾਂ। ਬਿਨਾਂ ਲੜਿਆਂ ਕੁਝ ਨਹੀਂ ਮਿਲਦਾ। ਜੋ ਡਰਦਾ ਏ, ਉਹ ਲੜ ਨਹੀਂ ਸਕਦਾ। ਮੇਰਿਆ ਪੁੱਤਰਾ, ਡਰਨਾ ਨਹੀਂ।'

ਉਸਨੇ ਬੱਚੇ ਨੂੰ ਦੋਹਾਂ ਹੱਥਾਂ ਵਿਚ ਸਿਰ ਤੋਂ ਉਚਾ ਚੁੱਕਿਆ, ਸੱਜੇ-ਖੱਬੇ ਝੁਲਾਇਆ ਤੇ ਮੂੰਹ ਚੁੰਮ ਕੇ ਪਤਨੀ ਨੂੰ ਫੜਾ ਦਿੱਤਾ।

ਇਹ ਪਲ ਸੁਖ ਦੇ ਪਲ ਸਨ। ਵਰਿਆਮ ਸਿੰਘ ਜਦੋਂ ਘਰੋਂ ਨਿਕਲਿਆ, ਮੀਂਹ ਰੁਕ ਚੁੱਕਿਆ ਸੀ। ਸੰਘਣਾ ਹਨੇਰ ਸੀ ਤੇ ਚੁੱਪ ਵਾਪਰੀ ਹੋਈ ਸੀ। ਸਿਰਫ ਰੁੱਖਾਂ ਤੋਂ ਬੂੰਦਾਂ ਡਿੱਗ ਰਹੀਆਂ ਸਨ। ਵਰਿਆਮ ਸਿੰਘ ਸੁਖਮਈ ਯਾਦਾਂ ਵਿਚ ਗਵਾਚਿਆ, ਨਿਸ਼ਚਿੰਤ ਹੋ ਕੇ ਤੁਰਿਆ ਜਾ ਰਿਹਾ ਸੀ। ਅਜੇ ਉਸਨੇ ਜੰਗਲ ਵਿਚ ਪ੍ਰਵੇਸ਼ ਨਹੀਂ ਸੀ ਕੀਤਾ ਕਿ ਘਾਤ ਲਾਈ ਬੈਠੇ ਦੁਸ਼ਮਣ ਨੇ ਉਸਨੂੰ ਦਬੋਚ ਲਿਆ ਤੇ ਲਾਹੌਰ ਲਿਜਾ ਕੇ ਨਖਾਸ ਚੌਂਕ ਵਿਚ ਸ਼ਹੀਦ ਕਰ ਦਿੱਤਾ।

ਸਤਵੰਤ ਕੌਰ ਨੂੰ ਇਸ ਘਟਨਾ ਦਾ ਪਤਾ ਨਹੀਂ ਸੀ ਲੱਗਿਆ। ਉਹ ਹਨੇਰੀਆਂ ਰਾਤਾਂ ਵਿਚ ਪਤੀ ਨੂੰ ਉਡੀਕਦੀ ਤੇ ਔਂਸੀਆਂ ਪਾਉਂਦੀ ਰਹੀ। ਇੰਤਜ਼ਾਰ ਕਰਦਿਆਂ ਪੂਰੇ ਦੋ ਵਰੇ ਬੀਤ ਗਏ, ਪਰ ਵਰਿਆਮ ਸਿੰਘ ਨਹੀਂ ਆਇਆ। ਭੂਪਾ ਛੇ ਸਾਲ ਦਾ ਹੋ ਗਿਆ। ਉਹ ਮਾਂ ਤੇ ਦਾਦੀ ਦਾ ਲਾਡਲਾ ਤੇ ਜ਼ਿੰਦਗੀ ਦਾ ਇਕੋ ਇਕ ਸਹਾਰਾ ਸੀ। ਸਾਰਾ ਦਿਨ ਬੱਚਿਆਂ ਨਾਲ ਖੇਡਦਾ ਤੇ ਖ਼ੁਸ਼ ਰਹਿੰਦਾ, ਰਾਤੀਂ ਜਦੋਂ ਮਾਂ ਦੀਵੇ ਦੇ ਚਾਨਣ ਵਿਚ ਔਂਸੀਆਂ ਪਾ ਰਹੀ ਹੁੰਦੀ ਤਾਂ ਉਦਾਸ ਜਿਹੀ ਆਵਾਜ਼ ਵਿਚ ਪੁੱਛਦਾ, 'ਮਾਂ, ਭਾਪਾ ਕਦੋਂ ਆਏਗਾ?' ਮਾਂ ਪੁੱਤਰ ਵੱਲ ਦੇਖਦੀ ਤਾਂ ਮਨ ਵਿਚ ਹੂਕ ਜਿਹੀ ਉਠਦੀ। ਬੱਚੇ ਨੂੰ ਪਰਚਾਉਣ ਖਾਤਰ ਸਨੇਹ-ਭਿੱਜੀ ਆਵਾਜ਼ ਵਿਚ ਉਤਰ ਦਿੰਦੀ, 'ਮੇਰੇ ਲਾਡੇ, ਉਹ ਕਿਧਰੇ ਦੂਰ ਚਲਾ ਗਿਆ ਏ। ਆਏਗਾ, ਤੇ ਛੇਤੀ ਈ ਆਏਗਾ।' ਪਰ ਇਸ ਉਤਰ ਨਾਲ ਨਾ ਬੱਚੇ ਦੀ ਤਸੱਲੀ ਹੁੰਦੀ ਤੇ ਨਾ ਹੀ ਉਸਦੀ ਆਪਣੀ। ਉਹ ਸਮਝ ਚੁੱਕੀ ਸੀ ਕਿ ਹੁਣ ਉਹ ਸੰਸਾਰ ਵਿਚ ਨਹੀਂ ਰਿਹਾ। ਗੁਰੂ ਦੇ ਸਰੀਰ ਵਾਂਗ ਉਸਦਾ ਸਰੀਰ ਵੀ ਪੰਥ ਦੇ ਲੇਖੇ ਲੱਗ ਗਿਆ ਏ।

ਪਰ ਇਸ ਦੇ ਬਾਵਜੂਦ ਵੀ ਉਨਾਂ ਦੇ ਘਰ ਢੇਰ ਸਾਰੀਆਂ ਰੋਟੀਆਂ ਪੱਕਦੀਆਂ ਰਹੀਆਂ,



ਜਿਨਾਂ ਨੂੰ ਮੱਖਣ ਤੇ ਲੱਸੀ ਵਾਲੇ ਕੁੱਜੇ ਸਮੇਤ, ਉਹ ਜੰਗਲ ਵਿਚ ਨਿਸ਼ਚਿਤ ਸਥਾਨ ਉਪਰ ਰੱਖ ਆਉਂਦੀ ਰਹੀ। ਉਸਦੇ ਘਰ ਦੇ ਨਾਲ ਦਾ ਘਰ ਸੱਯਦ ਕੁਤਬ ਸ਼ਾਹ ਕਾ ਸੀ। ਜਦੋਂ ਉਹ ਰੋਟੀਆਂ ਲੈ ਕੇ ਜੰਗਲ ਵੱਲ ਜਾਂਦੀ ਤਾਂ ਕੁਤਬ ਸ਼ਾਹ ਆਪ ਜਾਂ ਉਸਦੀ ਪਤਨੀ ਅੱਲਾ ਰੱਖੀ ਉਸਦੇ ਨਾਲ ਹੋ ਲੈਂਦੀ।

ਭੂਪਾ ਸਭ ਕੁਝ ਦੇਖਦਾ ਤੇ ਸਮਝਦਾ ਸੀ ਕਿ ਏਨੀਆਂ ਰੋਟੀਆਂ ਕਿਸ ਲਈ ਪੱਕਦੀਆਂ ਹਨ। ਮਾਂ ਉਸਨੂੰ ਸ਼ਹੀਦਾਂ ਦੇ ਬਲੀਦਾਨ ਦੀਆਂ ਕਹਾਣੀਆਂ ਸੁਣਾਉਂਦੀ ਰਹਿੰਦੀ ਸੀ, ਜਿਸ ਕਰਕੇ ਉਸਦੇ ਮਨ ਵਿਚ ਗ਼ੁਲਾਮੀ ਤੇ ਜ਼ੁਲਮ ਦੇ ਵਿਰੁੱਧ ਲੜਨ ਦੀ ਭਾਵਨਾ ਪੱਕੀ ਹੁੰਦੀ ਗਈ। ਜਦੋਂ ਉਹ ਬਾਰਾਂ ਸਾਲ ਦਾ ਹੋਇਆ ਤਾਂ ਮਾਂ ਨੇ ਉਸਨੂੰ ਸਾਈਂ ਜਹੀਰ ਬਖ਼ਸ਼ ਭਾਵ ਬਾਬੇ ਗੁਰਬਖ਼ਸ਼ ਸਿੰਘ ਦੇ ਤਕੀਏ ਵਿਚ ਅਲਹੋਲ ਭੇਜ ਦਿੱਤਾ। ਉੱਥੇ ਉਸ ਅਰਬੀ ਫਾਰਸੀ ਪੜੀ, ਭੇਸ ਬਦਲ ਕੇ ਜਾਸੂਸੀ ਕਰਨਾ ਸਿੱਖਿਆ ਤੇ ਦੁਸ਼ਮਣ ਦੀ ਨਜ਼ਰ ਤੋਂ ਵੀ ਬਚਿਆ ਰਿਹਾ। ਹੁਣ ਜਦੋਂ ਹਾਲਾਤ ਬਦਲੇ, ਉਹ ਘਰ ਆ ਗਿਆ। ਉਸਦੀ ਉਮਰ ਅਠਾਰਾਂ ਸਾਲ ਤੋਂ ਦੋ ਮਹੀਨੇ ਉਤੇ ਸੀ। ਨਿੱਕੀਆਂ ਨਿੱਕੀਆਂ ਮੁੱਛਾਂ ਤੇ ਦਾੜੀ ਫੁੱਟ ਆਈ ਸੀ। ਕੱਦ ਦਰਮਿਆਨਾ ਤੇ ਸਰੀਰ ਪੂਰਾ ਨਰੋਆ ਸੀ। ਚਿਹਰੇ 'ਚੋਂ ਦ੍ਰਿੜ ਸੰਕਲਪ ਦੀ ਭਾਅ ਮਾਰਦੀ ਸੀ।

ਜੱਸਾ ਸਿੰਘ ਦੇ ਜੱਥੇ ਦਾ ਸਵਾਗਤ ਕਰਨ ਲਈ ਇਕੱਠੇ ਹੋਏ ਮਰਦ-ਔਰਤਾਂ ਵਿਚ ਸੱਯਦ ਕੁਤਬ ਸ਼ਾਹ ਤੇ ਸਤਵੰਤ ਕੌਰ ਸਭ ਨਾਲੋਂ ਅੱਗੇ ਸਨ। ਉਹ ਦੋਹਾਂ ਪਿੰਡਾਂ ਵਿਚ ਜਾਣੇ-ਪਛਾਣੇ ਜਾਂਦੇ ਸਨ ਤੇ ਲੋਕ ਉਨਾਂ ਦਾ ਆਦਰ ਕਰਦੇ ਸਨ। ਜਦੋਂ ਪਾਹੁਲ ਛਕਾਉਣ ਦੀ ਰਸਮ ਸ਼ੁਰੂ ਹੋਈ ਤਾਂ ਸਤਵੰਤ ਕੌਰ ਨੇ ਸਭ ਤੋਂ ਪਹਿਲਾਂ ਆਪਣੇ ਪੁੱਤਰ ਭੂਪ ਸਿੰਘ ਨੂੰ ਜੱਸਾ ਸਿੰਘ ਸਾਹਮਣੇ ਲਿਜਾ ਖੜਾ ਕੀਤਾ ਤੇ ਬੜੀ ਨਿਮਰਤਾ ਨਾਲ ਬੋਲੀ, 'ਇਹ ਮੇਰਾ ਇਕਲੌਤਾ ਪੁੱਤਰ ਭੂਪਾ ਏ। ਜਿਵੇਂ ਤੁਹਾਡੀ ਵਿਧਵਾ ਮਾਂ ਨੇ ਤੁਹਾਨੂੰ ਨਵਾਬ ਕਪੂਰ ਸਿੰਘ ਦੇ ਸਪੁਰਦ ਕੀਤਾ ਸੀ, ਮੈਂ ਇਕ ਵਿਧਵਾ ਮਾਂ ਆਪਣਾ ਪੁੱਤਰ ਤੁਹਾਡੇ ਸਪੁਰਦ ਕਰਦੀ ਹਾਂ।'

'ਭੈਣਾ ਤੂੰ ਨਿਸਚਿੰਤ ਰਹੁ। ਤੇਰਾ ਪੁੱਤਰ ਭੂਪ ਸਿੰਘ ਹੁਣ ਮੇਰਾ ਪੁੱਤਰ ਏ, ਪੰਥ ਦਾ ਪੁੱਤਰ ਏ। ਉਸਦਾ ਹਰ ਤਰਾਂ ਨਾਲ ਖਿਆਲ ਰੱਖਿਆ ਜਾਏਗਾ।' ਜੱਸਾ ਸਿੰਘ ਆਹਲੂਵਾਲੀਆ ਨੇ ਤਸੱਲੀ ਦਿਵਾਈ ਤੇ ਭੂਪ ਸਿੰਘ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸੰਤ-ਸਿਪਾਹੀ ਬਣਾ ਲਿਆ। ਦੀਵਾਨ ਵਿਚ ਜੈਕਾਰੇ ਛੱਡੇ ਗਏ।

ਅਰਜਨ ਲਾਲ ਖੱਤਰੀ ਦੇ ਦੋ ਪੁੱਤਰ ਸਨ, ਕਰਮ ਚੰਦ ਤੇ ਭੀਮ ਚੰਦ ਦੋਹੇਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਇਹ ਸਿਲਸਿਲਾ ਦੁਪਹਿਰ ਦੇ ਦੋ ਵਜੇ ਸ਼ੁਰੂ ਹੋਇਆ ਸੀ ਤੇ ਸ਼ਾਮ ਦੇ ਪੰਜ, ਸਵਾ-ਪੰਜ ਵਜੇ ਤਕ ਚਲਦਾ ਰਿਹਾ। ਨਿਰੰਜਨ ਦਰਜੀ, ਸੋਭਾ ਤਖਾਣ, ਭੀਖਾ ਨਾਈ, ਮੋਹਨਾਂ ਧੋਬੀ, ਚਤਰਾ ਝਿਊਰ ਤੇ ਭੋਲਾ ਮੋਚੀ ਵਗੈਰਾ ਕਈ ਜਣੇ ਸਿੰਘ ਸਜ ਗਏ। ਉਨਾਂ ਦਾ ਜਿੱਥੇ ਨਾਂ ਬਦਲਿਆ ਗਿਆ, ਉੱਥੇ ਹੀ ਜਾਤ-ਪਾਤ ਦਾ ਫਰਕ ਵੀ ਮਿਟ ਗਿਆ। ਹੁਣ ਉਹ ਧਰਮ ਦੀ ਰੱਖਿਆ ਅਤੇ ਦੇਸ਼ ਦੀ ਆਜਾਦੀ ਲਈ ਲੜਨ ਵਾਲੇ ਸੰਤ-ਸਿਪਾਹੀ ਸਨ। ਇਹ ਉਹਨਾਂ ਦੇ ਦੂਜੇ ਜਨਮ ਤੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਸੀ।

ਸੱਯਦ ਕੁਤਬ ਸ਼ਾਹ ਨੇ ਜਿਸ ਦੇ ਚਿਹਰੇ ਉਪਰ ਮਹਿੰਦੀ ਨਾਲ ਰੰਗੀ ਸ਼ਰਈ-ਦਾੜੀ ਸੀ, ਨਵੇਂ ਸਿੰਘਾਂ ਨੂੰ ਅਸ਼ੀਰਵਾਦ ਦਿੰਦਿਆਂ ਕਿਹਾ, 'ਜ਼ੁਲਮ ਕਿਸੇ ਵੀ ਤਰਾਂ ਦਾ ਹੋਏ, ਉਸਦੇ ਖ਼ਿਲਾਫ਼ ਲੜਨਾਂ ਇਨਸਾਨ ਦਾ ਫ਼ਰਜ਼ ਹੈ।'

ਸਮਾਰੋਹ ਸਮਾਪਤ ਹੋਇਆ ਤਾਂ ਜੱਥੇ ਨੂੰ 'ਫਤਹਿ-ਫਤਹਿ' ਦੇ ਨਾਅਰਿਆਂ ਨਾਲ ਭਾਵ-ਭਿੱਜੀ ਵਿਦਾਈ ਦਿੱਤੀ ਗਈ। ਕੁਤਬ ਸ਼ਾਹ ਦਾ ਨਿੱਕਾ ਬੇਟਾ, ਜਿਸ ਦੀ ਉਮਰ ਪੰਜ ਕੁ ਸਾਲ ਦੀ ਸੀ, ਪਿਓ ਦੀ ਉਂਗਲ ਫੜੀ ਖੜਾ ਇਹ ਦ੍ਰਿਸ਼ ਦੇਖ ਰਿਹਾ ਸੀ। ਉਹ ਵੀਰ ਗਿਆ ਤੇ ਭੌਇੰ ਤੇ ਲਿਟਣ ਲੱਗਾ ਕਿ 'ਮੈਂ ਵੀ ਜਾਵਾਂਗਾ, ਮੈਂ ਵੀ ਲੜਾਂਗਾ।'

ਉਹ ਆਪਣੇ ਅੱਬਾ ਤੋਂ ਹੱਥ ਛੁਡਾਉਣ ਦਾ ਯਤਨ ਕਰ ਰਿਹਾ ਸੀ ਤੇ ਵਾਰੀ ਵਾਰੀ ਦੂਹਰਾ ਰਿਹਾ ਸੀ, 'ਮੈਂ ਵੀ ਜਾਵਾਂਗਾ, ਮੈਂ ਵੀ ਲੜਾਂਗਾ+। ਉਸਦੀ ਇਸ ਜਿੱਦ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿਚਿਆ। ਜੱਸਾ ਸਿੰਘ ਨੇ ਉਸਨੂੰ ਗੋਦੀ ਵਿਚ ਚੁੱਕ ਕੇ ਪਿਆਰ ਕੀਤਾ ਤੇ ਉਸਦੀਆਂ ਗਲਾਂ ਥਾਪੜਦਿਆਂ ਹੋਇਆਂ ਕਿਹਾ, 'ਤੂੰ ਇਕ ਚੰਗਾ ਬੱਚਾ ਏਂ। ਚੰਗੇ ਬੱਚੇ ਜ਼ਰੂਰ ਲੜਦੇ ਨੇ, ਪਰ ਜਦੋਂ ਤੂੰ ਏਨਾ ਵੱਡਾ ਹੋ ਜਾਏਂਗਾ-ਅਸੀਂ ਤੈਨੂੰ ਵੀ ਆਪਣੇ ਨਾਲ ਲੈ ਜਾਵਾਂਗੇ।'

ਬੱਚੇ ਦਾ ਨਾਂ ਵਾਰਿਸ ਸੀ, ਪੰਜਾਬੀ ਦਾ ਹੋਣ ਵਾਲਾ ਮਹਾਂਕਵੀ ਵਾਰਿਸ ਸ਼ਾਹ, ਜਿਹੜਾ ਬੁੱਲੇ ਸ਼ਾਹ ਦੀ ਮੌਤ ਤੋਂ ਤਿੰਨ, ਸਾਢੇ-ਤਿੰਨ ਸਾਲ ਪਹਿਲਾਂ ਪੈਦਾ ਹੋਇਆ ਸੀ- ਉਹ ਜੱਸਾ ਸਿੰਘ ਦੇ ਪੁਚਕਾਰਨ ਨਾਲ ਸ਼ਾਂਤ ਹੋਇਆ ਸੀ ਤੇ ਜੱਥਾ ਚਲਾ ਗਿਆ ਸੀ।

ਨਾਦਰ ਸ਼ਾਹ ਦੇ ਹਮਲੇ ਦੇ ਕਾਰਨ ਪਿੰਡਾਂ ਦੇ ਪਿੰਡ ਉੱਜੜ ਗਏ ਸਨ ਤੇ ਸਾਰਾ ਨਿਜ਼ਾਮ ਖੇਰੂ-ਖੇਰੂ ਹੋ ਗਿਆ ਸੀ। ਜ਼ਕਰੀਆ ਖਾਂ ਕੋਲ ਨਾ ਫੌਜ ਸੀ ਤੇ ਨਾ ਹੀ ਖਜਾਨਾ। ਉਸਨੂੰ ਦੁਬਾਰਾ ਨਿਜ਼ਾਮ ਬਹਾਲ ਕਰਨ ਅਤੇ ਉੱਜੜੇ ਹੋਏ ਪਿੰਡਾਂ ਨੂੰ ਵਸਾਉਣ ਵਿਚ ਤਿੰਨ ਸਾਲ ਲੱਗ ਗਏ। ਇਸ ਦੌਰਾਨ ਸਿੱਖਾਂ ਦੇ ਵਿਸਥਾਰ ਦੀਆਂ ਖਬਰਾਂ ਮਿਲਦੀਆਂ ਰਹਿੰਦੀਆਂ ਸਨ ਤੇ ਨਾਦਰ ਸ਼ਾਹ ਦੀ ਇਹ ਭਵਿੱਖਬਾਣੀ ਵੀ ਕਈ ਵਾਰੀ ਯਾਦ ਆਉਂਦੀ ਰਹੀ ਸੀ ਕਿ 'ਹਕੂਮਤ ਤੁਸੀਂ ਨਹੀਂ, ਉਹ ਲੋਕ ਕਰਨਗੇ।' ਉਹ ਰਾਤ ਨੂੰ ਤ੍ਰਬਕ-ਤ੍ਰਬਕ ਉਠਦਾ ਤੇ ਦਹਿਸ਼ਤ ਵੱਸ ਚੀਕਣ ਲੱਗਦਾ, 'ਮੈਂ ਉਨਾਂ ਨੂੰ ਖਤਮ ਕਰ ਦਿਆਂਗਾ...ਖਤਮ ਕਰ ਦਿਆਂਗਾ।' ਉਸਦੀਆਂ ਮੁੱਠੀਆਂ ਭਿਚ ਜਾਂਦੀਆਂ ਤੇ ਮੂੰਹ ਵਿਚੋਂ ਝੱਗ ਡਿੱਗਣ ਲੱਗਦੀ। ਉਹ ਬੇਵੱਸ ਸੀ। ਬੇਵੱਸੀ ਵਿਚ ਆਦਮੀ ਇਸ ਤੋਂ ਵੱਧ ਹੋਰ ਕਰ ਵੀ ਕੀ ਸਕਦਾ ਹੈ?

ਪਰ ਜਿਵੇਂ ਹੀ ਉਸਦੀ ਆਪਣੀ ਹਾਲਤ ਸੰਭਲੀ ਤੇ ਦਿੱਲੀ ਤੋਂ ਸਹਾਇਤਾ ਮਿਲੀ, ਉਸਨੇ ਸਿੱਖਾਂ ਉਪਰ ਜਬਰਦਸਤ ਹਮਲਾ ਕਰ ਦਿੱਤਾ। ਡੱਲੇਵਾਲ ਦੇ ਕਿਲੇ ਵਿਚ ਜਿੰਨਾ ਸਾਮਾਨ ਸੀ, ਲੁੱਟ ਲਿਆ ਤੇ ਉਸਨੂੰ ਢਾਅ ਕੇ ਮਿੱਟੀ ਵਿਚ ਮਿਲਾ ਦਿੱਤਾ। ਸੈਂਕੜੇ ਸਿੱਖਾਂ ਨੂੰ ਫੜ ਕੇ ਲਾਹੌਰ ਲਿਆਂਦਾ ਗਿਆ ਤੇ ਉਸੇ ਪੁਰਾਣੇ ਨਖਾਸ ਚੌਂਕ ਵਿਚ ਸ਼ਹੀਦ ਕਰ ਦਿੱਤਾ ਗਿਆ।

ਸਿੱਖ ਫੇਰ ਭੱਜ ਕੇ ਜੰਗਲਾਂ ਤੇ ਪਹਾੜਾਂ ਵਿਚ ਜਾ ਛੁਪੇ। ਗਸ਼ਤੀ-ਫੌਜ ਪਿੰਡ-ਪਿੰਡ ਘੁੰਮਣ ਲੱਗੀ। ਨੰਬਰਦਾਰਾਂ, ਮੁਕੱਦਮਾਂ ਤੇ ਚੌਧਰੀਆਂ ਨੂੰ ਮੁੜ ਸਾਵਧਾਨ ਕਰਨ ਲਈ ਇਨਾਮ ਰੱਖ ਦਿੱਤੇ ਗਏ। ਸਿੱਖ ਜ਼ਕਰੀਆਂ ਖਾਂ ਦੇ ਸਿਰ 'ਤੇ ਭੂਤ ਵਾਂਗ ਸਵਾਰ ਹੋਏ ਜਾਪਦੇ ਸਨ। ਉਸਨੂੰ ਇਕ ਪਲ ਲਈ ਵੀ ਚੈਨ ਨਹੀਂ ਸੀ ਮਿਲਦਾ ਤੇ ਉਹ ਮਨ ਪ੍ਰਚਾਉਣ ਖਾਤਰ ਆਪਣੇ ਦਰਬਾਰ ਵਿਚ ਭੰਡਾਂ ਦੇ ਖਾੜੇ ਦੇਖਣ-ਸੁਣਨ ਲੱਗ ਪਿਆ। ਇਕ ਦਿਨ ਬਰਸਾਤ ਦੇ ਮੌਸਮ ਵਿਚ ਦੋ ਦਿਨਾਂ ਦੀ ਝੜੀ ਤੋਂ ਪਿੱਛੋਂ ਜਦੋਂ ਡੱਡੂ ਟਰਟਰਾ ਰਹੇ ਸਨ ਤੇ ਮੱਛਰਾਂ-ਮੱਖੀਆਂ ਤੇ ਭਮੱਕੜਾਂ ਦਾ ਖਾਸਾ ਬੋਲ-ਬਾਲਾ ਹੋ ਗਿਆ ਸੀ ਮਰਾਸੀ-ਭੰਡਾਂ ਨੇ ਇਕ ਹਾਸ-ਵਿਅੰਗ ਪੇਸ਼ ਕੀਤਾ...।

ਇਕ ਮਰਾਸੀ, 'ਅੱਲਾ ਤਾਲਾ ਦੀ ਕੁਦਰਤ। ਮੈਂ ਹੈਰਾਨ ਵਾਂ ਕਿ ਇਹ ਏਨੇ ਮੱਖੀਆਂ-ਮੱਛਰ, ਕੀਟ-ਪਤੰਗੇ ਤੇ ਡੱਡੂ ਕਿੱਧਰੋਂ ਆ ਗਏ? ਨਾ ਇਹ ਬਾਰਿਸ਼ ਦੇ ਨਾਲ ਅਸਮਾਨ ਵਿਚੋਂ ਡਿੱਗਦੇ ਨੇ ਤੇ ਨਾ ਬਰਸਾਤ ਤੋਂ ਪਹਿਲਾਂ ਕਿਤੇ ਦਿਖਾਈ ਦਿੰਦੇ ਨੇ। ਕਿਉਂ ਭਾਈ ਦੱਸ ਸਕਦਾ ਏਂ ਕਿ ਇਕੋ ਦਮ ਇਹ ਕਿਧਰੋਂ ਆ ਗਏ?' ਉਹ ਆਪਣੇ ਦੂਜੇ ਸਾਥੀ ਨੂੰ ਪੱਛਣ ਲੱਗਿਆ।

ਦੂਜਾ ਮਰਾਸੀ- 'ਤੂੰ ਨਹੀਂ ਸਮਝ ਸਕਦਾ। ਇਹ ਡੱਡੂ ਤੇ ਕੀਟ-ਪਤੰਗੇ ਮੀਂਹ ਦੇ ਪਾਣੀ, ਹਵਾ ਤੇ ਮਿੱਟੀ ਦੇ ਆਪੋ ਵਿਚ ਮਿਲਣ ਤੋਂ ਪੈਦਾ ਹੁੰਦੇ ਨੇ।'

ਤੀਜਾ- 'ਮੰਨ ਲਿਆ ਕਿ ਮੀਂਹ ਦੇ ਪਾਣੀ, ਹਵਾ ਤੇ ਮਿੱਟੀ ਤੋਂ ਪੈਦਾ ਹੁੰਦੇ ਨੇ ਪਰ ਇਹ ਲੰਮੇ ਲੰਮੇ ਵਾਲਾਂ ਤੇ ਕਾਲੇ ਕਾਲੇ ਚਿਹਰਿਆਂ ਵਾਲੇ ਵਹਿਸ਼ੀ, ਜਿਨਾਂ ਨੂੰ ਹਰ ਰੋਜ਼ ਕਤਲ ਕੀਤਾ ਜਾਂਦਾ ਏ, ਏਨੀ ਤਾਦਾਤ ਵਿਚ ਕਿੱਥੋਂ ਆ ਜਾਂਦੇ ਨੇ?'

ਦੂਜਾ-'ਓਇ ਮੂਰਖਾ, ਅਕਲ ਦਿਆ ਦੁਸ਼ਮਣਾ। ਜਿਵੇਂ ਡੱਡੂ ਤੇ ਕੀਟ-ਪਤੰਗੇ, ਪਾਣੀ ਤੋਂ ਪੈਦਾ ਹੁੰਦੇ ਨੇ, ਓਵੇਂ ਇਹ ਅੰਮ੍ਰਿਤਸਰ ਦੇ ਤਲਾਅ 'ਚੋਂ...'।

(ਚਲਦਾ...)


Homeopathicvibes

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ



Harminder Singh Gill D.H.M.S;B.C.I.H

(Ex Homeopathic Medical officer Punjab Govt.)

# ਮਿਹਨਤ ਵਕੀਲ ਦੀ ਖੱਟਣਾ ਸਾਧ ਦੀ

**ਸੱਤਪਾਲ ਸਿੰਘ ਦਿਓਲ**

੯੮੭੯੧੭੦੭੭੧

ਆੜ੍ਹਤੀ ਤੇ ਕਿਸਾਨ ਦਾ ਰਿਸ਼ਤਾ ਇੱਕ ਦੂਸਰੇ ਤੇ ਨਿਰਭਰ ਹੋਣ ਕਰਕੇ ਸਮਾਜ ਵਿੱਚ ਬੜਾ ਅਹਿਮ ਸਥਾਨ ਰੱਖਦਾ ਹੈ। ਕਿਸਾਨ ਪਰਿਵਾਰਾਂ ਦੇ ਵਿਆਹ ਵਾਲੇ ਸਾਰੇ ਚਾਅ ਵੀ ਆੜ੍ਹਤੀ ਨਾਲ ਜੁੜੇ ਹੁੰਦੇ ਹਨ। ਬੈਂਕ ਜਿੰਨੇ ਮਰਜ਼ੀ ਘੱਟ ਵਿਆਜ ਤੇ ਕਰਜ ਮੁਹੱਈਆ ਕਰਵਾ ਦੇਣ ਪਰ ਆੜ੍ਹਤੀ ਤੋਂ ਬਗੈਰ ਪੰਜਾਬ ਦੇ ਆਮ ਕਿਸਾਨ ਪਰਿਵਾਰ ਦਾ ਗੁਜ਼ਾਰਾ ਚੱਲ ਹੀ ਨਹੀਂ ਸਕਦਾ। ਬੈਂਕ ਦੇ ਕਰਜ ਦੀ ਸਹੂਲਤ ਦਾ ਫਾਇਦਾ ਵੀ ਆੜ੍ਹਤੀ ਨੂੰ ਹੀ ਹੁੰਦਾ ਹੈ।ਕਈ ਆੜ੍ਹਤੀਆਂ ਨੇ ਕਿਸਾਨਾਂ ਦੇ ਨਾਂ 'ਤੇ ਕਰਜ ਲੈ ਕੇ ਵਰਤਿਆ ਹੁੰਦਾ ਹੈ। ਹੁਣ ਤੱਕ ਕਈ ਆੜ੍ਹਤੀਆਂ ਅਤੇ ਕਈ ਕਿਸਾਨਾਂ ਦੇ ਕੇਸਾਂ ਦੀ ਪੈਰਵੀ ਕਰਨ ਦਾ ਮੌਕਾ ਮਿਲਿਆ ਹੈ। ਆੜ੍ਹਤੀ ਦੇ ਕੇਸ ਦੀ ਜੇਤੂ ਸੰਭਾਵਨਾ ਹਮੇਸ਼ਾ ਵੱਧ ਹੁੰਦੀ ਹੈ ਕਿਉਂਕਿ ਉਸ ਵੱਲੋਂ ਅਦਾਲਤ ਵਿੱਚ ਪੇਸ਼ ਕੀਤੇ ਜਾਂਦੇ ਲਿਖਤੀ ਦਸਤਾਵੇਜ ਜਿਵੇਂ ਕਿ ਪ੍ਰੋਨੋਟ, ਇਕਰਾਰਨਾਮੇ ਵਗੈਰਾ ਕਾਨੂੰਨੀ ਨੁਕਤੇ ਦੇਖ ਕੇ ਤਿਆਰ ਕਰਾਏ ਹੁੰਦੇ ਹਨ ਤੇ ਗਵਾਹ ਵੀ ਉਸ ਦੇ ਆਪਣੇ ਹੁੰਦੇ ਹਨ। ਕਿਸਾਨ ਕਈ ਵਾਰ ਮਜਬੂਰੀ ਵਿੱਚ ਵੀ ਦਸਤਾਵੇਜ ਦਸਤਖਤ ਕਰਕੇ ਹੱਥ ਵਢਾ ਬੈਠਦਾ ਹੈ। ਦੀਵਾਨੀ ਅਦਾਲਤ ਸਥਾਪਤ ਹੋਣ ਤੇ ਜਿਲਾ ਅਦਾਲਤ ਤੋਂ ਅਜਿਹੇ ਦੋ ਸਕੇ ਭਰਾਵਾਂ ਦੇ ਕੇਸ ਤਬਦੀਲ ਹੋ ਕੇ ਮੇਰੇ ਪਾਸ ਪੈਰਵੀ ਲਈ ਆਏ। ਦੋਵੇਂ ਸਕੇ ਭਰਾਵਾਂ ਦੇ ਖਿਲਾਫ ਇੱਕੋ ਆੜ੍ਹਤੀ ਨੇ ਉਨਾਂ ਖਿਲਾਫ ਜਮੀਨ ਬੈ ਕਰਨ ਦੇ ਇਕਰਾਰਨਾਮੇ ਨੂੰ ਲੈ ਕੇ ਅਲੱਗ ਅਲੱਗ ਕੇਸ ਦਾਇਰ ਕੀਤੇ ਸਨ।ਮੇਰੇ ਗੁਆਂਢੀ ਪਿੰਡ ਦੇ ਹੋਣ ਕਰਕੇ ਉਨਾਂ ਨੇ ਜਾਣ ਪਛਾਣ ਕਾਰਨ ਹੀ ਮੈਨੂੰ ਵਕੀਲ ਮੁਕੱਰਰ ਕੀਤਾ ਸੀ। ਦੋਵੇਂ ਕੇਸ ਦੋ ਇਕਰਾਰਨਾਮਾਜਾਤ ਦੇ ਲਿਖਤੀ ਦਸਤਾਵੇਜ਼ਾਂ ਤੇ ਅਧਾਰਿਤ ਸਨ।ਗਵਾਹ ਵੀ ਵੱਖਰੇ ਵੱਖਰੇ ਸਨ ਅਤੇ ਰੈਗੂਲਰ ਵਸੀਕਾ ਨਵੀਸ ਦੇ ਲਿਖੇ ਸਨ ਇੱਕ ਗਵਾਹ ਜੋ ਆੜ੍ਹਤੀ ਦਾ ਮੁਨੀਮ ਸੀ ਉਹ ਦੋਵੇ ਲਿਖਤਾਂ ਦਾ ਹੀ ਗਵਾਹ ਰੱਖਿਆ ਹੋਇਆ ਸੀ। ਦੋਵੇਂ ਭਰਾਵਾਂ ਦੀ ਦੋ ਦੋ ਏਕੜ ਜਮੀਨ ਬੈ ਹੋਣ ਸਬੰਧੀ ਇਕਰਨਾਮੇ ਲਿਖੇ ਹੋਏ ਸਨ। ਸਾਰੇ ਕਾਨੂੰਨੀ ਪਹਿਲੂਆਂ ਦਾ ਖਿਆਲ ਰੱਖਿਆ ਹੋਇਆ ਸੀ।ਮੈਂ ਆੜ੍ਹਤੀ ਵੱਲੋਂ ਮਾਰੀ ਗਈ ਠੱਗੀ ਦੀ ਦਲੀਲ ਨਾਲ ਪੈਰਵੀ ਸ਼ੁਰੂ ਕਰ ਦਿੱਤੀ। ਭਾਵੇਂ ਕਿ ਕੇਸਾਂ ਵਿੱਚ ਕੋਈ ਖਾਸ ਕਮਜ਼ੋਰੀ ਨਜ਼ਰ ਨਹੀ ਆਉਂਦੀ ਸੀ।

ਅਸਲ ਵਿੱਚ ਇਨਾਂ ਕੇਸਾਂ ਵਿੱਚ ਕਾਬਲੇਗੌਰ ਗੱਲ ਇਹ ਸੀ ਕਿ ਦੋਵੇਂ ਭਰਾ ਕਿਸੇ ਤਵੀਤਾਂ ਵਾਲੇ ਸਿਆਣੇ ਤੋਂ ਬਿਜਲੀ ਦੇ ਬਿਲਾਂ ਵਰਗੇ ਲੰਬੇ ਲੰਬੇ ਤਵੀਤ ਲਿਖਾ ਕੇ ਹਰ ਪੇਸ਼ੀ ਤੇ ਲਿਆਉਂਦੇ।ਤਵੀਤ ਉਰਦੂ ਵਿੱਚ ਲਿਖੇ ਹੁੰਦੇ ਅਤੇ ਦੋਵੇਂ ਭਰਾਵਾਂ ਦੀਆਂ ਜੇਬਾਂ ਤੇ ਸੂਈ ਪਿੰਨਾਂ ਨਾਲ ਟੰਗੇ ਹੁੰਦੇ। ਦੋਵੇਂ ਭਰਾ ਹਰ ਪੇਸ਼ੀ ਤੇ ਮੂਹਰਲੀਆਂ ਜੇਬਾਂ ਤੇ ਟੰਗੇ ਤਵੀਤਾਂ ਤੇ ਜੱਜ ਸਾਹਬ ਦੀ ਨਿਗ੍ਹਾ ਪਵਾਉਣ ਦੀ ਕੋਸ਼ਿਸ ਕਰਦੇ।ਮੇਰੇ ਵੱਲੋਂ ਪੁੱਛਣ ਤੇ ਦੋਵੇਂ ਭਰਾਵਾਂ ਨੇ ਬੜੇ ਚਾਅ ਨਾਲ ਮੈਨੂੰ ਦੱਸਿਆ ਕਿ ਇਹ ਤਵੀਤ ਆਪਾਂ ਨੂੰ ਕੇਸ ਜਿਤਾਉਣਗੇ।ਮੈਂ ਉਨਾਂ ਦਾ ਭੁਲੇਖਾ ਦੂਰ ਨਾ ਕੀਤਾ ਪਰ ਵਰਜਿਆ ਜਰੂਰ ਕਿ ਜੇ ਜੱਜ ਸਾਹਬ ਨੇ ਨੋਟ ਕਰ ਲਿਆ ਤਾਂ ਤੁਹਾਡੇ ਇਹ ਤਵੀਤ ਪੁੱਠੇ ਕੰਮ ਕਰ ਜਾਣਗੇ। ਮੈਨੂੰ ਪਤਾ ਲੱਗਾ ਕਿ ਦੋਵਾਂ ਭਰਾਵਾਂ ਵਿੱਚੋਂ ਇੱਕ 1980 ਤੋਂ ਪਹਿਲਾਂ ਦਾ ਗਰੈਜੂਏਟ ਹੈ। ਉਸ ਦੇ ਸਹਿਪਾਠੀ ਵੱਡੇ ਵੱਡੇ ਸਰਕਾਰੀ ਅਹੁਦਿਆਂ ਤੇ ਤਾਇਨਾਤ ਹਨ।ਉਸ ਦੀਆ ਅੰਧਵਿਸ਼ਵਾਸੀ ਹਰਕਤਾਂ ਤੋਂ ਵੇਖ ਕੇ ਹੀ ਲੱਗਦਾ ਸੀ ਕਿ ਸ਼ਾਇਦ ਇਸੇ ਕਰਕੇ ਉਹ ਤਰੱਕੀ ਨਾ ਕਰ ਸਕਿਆ ਹੋਵੇ।ਅਚਾਨਕ ਉਹ ਚਾਦਰ ਬੰਨ ਕੇ ਕੋਰਟ ਵਿੱਚ ਪੇਸ਼ ਹੋਣ ਲੱਗ ਪਿਆ, ਪਤਾ ਲੱਗਾ ਕਿ ਉਹ ਚਾਦਰ ਕਿਸੇ ਤੋਂ ਮੰਗ ਕੇ ਲਿਆਇਆ ਸੀ ਅਤੇ ਇਸ ਚਾਦਰ ਦੇ ਵਿਸ਼ੇਸ਼ ਗੁਣ ਦੱਸਦਿਆਂ ਕਿਹਾ ਸੀ ਕਿ ਜੋ ਇਸ ਨੂੰ ਬੰਨ ਕੇ ਅਦਾਲਤ ਵਿੱਚ ਪੇਸ਼ ਹੁੰਦਾ ਹੈ ਉਹ ਮੁਕੱਦਮਾ ਜਿੱਤ ਜਾਂਦਾ ਹੈ।ਉਹ ਇਸ ਕਰਕੇ




ਕਿਉਂਕਿ ਇਸ ਚਾਦਰ ਨੂੰ ਕਿਸੇ ਨੇ ਲੜਦੇ ਹੋਏ ਸੱਪਾਂ ਉਪਰ ਪਾ ਲਿਆ ਸੀ।

ਦੋਵੇਂ ਭਰਾਵਾਂ ਨੇ ਕੇਸ ਦੇ ਅਸਲ ਤੱਥਾਂ ਤੋਂ ਮੈਨੂੰ ਜਾਣੂ ਕਰਾਉਂਦਿਆਂ ਦੱਸਿਆ ਕਿ ਉਨਾਂ ਦੀਆਂ ਦੋ ਬੇਟੀਆਂ ਦਾ ਵਿਆਹ ਧਰਿਆ ਹੋਇਆ ਸੀ ਅਤੇ ਉਨਾਂ ਦੀ ਮੁਦਈ ਨਾਲ ਆੜ੍ਹਤ ਹੁੰਦੀ ਸੀ।ਆਪਸੀ ਸਬੰਧ ਬੜੇ ਵਧੀਆ ਹੁੰਦੇ ਸਨ। ਜਦੋਂ ਉਨਾਂ ਨੂੰ ਰੁਪਿਆਂ ਦੀ ਲੋੜ ਵਿਆਹ ਵਾਸਤੇ ਪਈ ਤਾਂ ਉਹਨਾਂ ਨੇ ਚਾਲੀ-ਚਾਲੀ ਹਜ਼ਾਰ ਰੁਪਿਆ ਆੜ੍ਹਤੀ ਪਾਸੋਂ ਮੰਗਿਆ।ਪਹਿਲਾਂ ਤਾਂ ਉਹ ਕਹਿੰਦਾ ਰਿਹਾ ਕਿ ਪੈਸੇ ਦੇ ਦੇਵਾਂਗਾ ਪਰ ਵਿਆਹ ਤੋਂ ਦਸ ਦਿਨ ਪਹਿਲਾਂ ਉਸਨੇ ਜਵਾਬ ਦੇ ਦਿੱਤਾ। ਫਿਰ ਉਹ ਕਿੱਧਰ ਜਾਂਦੇ ? ਜਿਆਦਾ ਮਿਨਤ ਤਰਲਾ ਕਰਨ ਤੇ ਉਹ ਕਹਿਣ ਲੱਗਾ ਕਿ ਪੈਸੇ ਦੇ ਦੇਵਾਂਗਾ ਪਰ ਪੱਕੀ ਲਿਖਤ ਕਰੋ। ਦੋਵੇਂ ਭਰਾਵਾ ਨੇ ਮਜਬੂਰੀ ਵਿੱਚ ਫਸਿਆ ਨੇ ਦਸਤਖਤ ਅੰਗੂਠੇ ਕਰ ਦਿੱਤੇ। ਅਸਲ ਵਿੱਚ ਉਹ ਸਮੇਤ ਵਿਆਜ ਮੁਦਈ ਦੇ ਸਾਰੇ ਰੁਪਏ ਵਾਪਸ ਕਰਨ ਲਈ ਤਿਆਰ ਸਨ। ਮੈਂ ਵੀ ਕਈ ਵਾਰ ਰਾਜ਼ੀਨਾਮਾ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਆੜ੍ਹਤੀ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ।ਉਲਟਾ ਮੈਨੂੰ ਤਾਅਨੇ ਵੀ ਦਿੱਤੇ ਗਏ ਕਿ ਮੈਦਾਨ 'ਚ ਟੱਕਰਾਂਗੇ। ਜਦੋਂ ਸਾਡੇ ਕੋਲ ਪੱਕੀ ਲਿਖਤ ਹੈ ਅਸੀ ਰਾਜ਼ੀਨਾਮਾ ਕਿਉਂ ਕਰੀਏ। ਦੋਵੇਂ ਕੇਸ ਆਪਣੀ ਰਫ਼ਤਾਰ ਨਾਲ ਅੱਗੇ ਵਧਦੇ ਰਹੇ। ਮੈਂ ਮੁਦਈ ਨੂੰ ਇਹ ਗੱਲ ਮਨਾ ਲਈ ਕਿ ਅਸਲ ਵਿੱਚ ਉਹਨੇ ਨਗਦ ਰੁਪਏ ਲੈਣੇ ਹਨ। ਗਵਾਹਾਂ ਨੇ ਵੀ ਜਿਰਾਹ ਵਿੱਚ ਮੰਨ ਲਿਆ ਕਿ ਜਮੀਨ ਸਬੰਧੀ ਕੋਈ ਇਕਰਾਰਨਾਮਾ ਉਨਾਂ ਸਾਹਮਣੇ ਨਹੀਂ ਹੋਇਆ। ਇੱਕ ਗਵਾਹ ਜੋ ਦੋਹਾਂ ਕੇਸਾਂ ਵਿੱਚ ਸਾਂਝਾ ਸੀ ਉਹ ਆੜ੍ਹਤੀ ਦਾ ਮੁਨੀਮ ਸੀ। ਇਸ ਤਰਾਂ ਕੇਸ ਗਵਾਹੀਆਂ ਤੋਂ ਹੁੰਦਾ ਹੋਇਆ ਆਖਰੀ ਬਹਿਸ ਤੇ ਆ ਗਿਆ।

ਆਖਰੀ ਬਹਿਸ ਤੋਂ ਇੱਕ ਦਿਨ ਪਹਿਲਾਂ ਦੋਵੇਂ ਭਰਾ ਮੇਰੇ ਪਾਸ ਆਏ ਤੇ ਕਹਿਣ ਲੱਗੇ ਕਿ ਅਦਾਲਤ ਦੀਆਂ ਫਾਇਲਾਂ ਤੇ ਤਵੀਤ ਘਸਾਉਣਾ ਹੈ। ਮੇਰੇ ਲਈ ਸਥਿਤੀ ਨੂੰ ਸਾਂਭਣਾ ਮੁਸ਼ਕਲ ਹੋ ਗਿਆ।ਮੈਂ ਦੋਵੇ ਭਰਾਵਾਂ ਨੂੰ ਕੁੱਦ ਕੁੱਦ ਪਵਾਂ ਕਿ ਮੈਂ ਸਾਧ ਦੇ ਹਿਸਾਬ ਨਾਲ ਪੈਰਵੀ ਨਹੀਂ ਕਰਨੀ ਮੈਨੂੰ ਮੇਰੇ ਹਿਸਾਬ ਨਾਲ ਵਕਾਲਤ ਕਰਨ ਦਿਓ।ਮੇਰੇ ਕਲਰਕ ਦੀਆਂ ਵਾਛਾਂ ਖਿੜ ਗਈਆਂ ਤੇ ਮੈਨੂੰ ਕਹਿਣ ਲੱਗਾ ਕਿ 'ਵਕੀਲ ਸਾਹਬ ਤੁਸੀਂ ਜੇਰਾ ਰੱਖੋ ਮੇਰੇ ਤੇ ਛੱਡੋ ਮੈਂ ਆਪੇ ਸਾਂਭਦਾਂ ਇਨਾਂ ਨੂੰ'।ਦੋਵੇਂ ਭਰਾ ਮੁਨਸ਼ੀ ਨਾਲ ਤਵੀਤ ਘਸਾਉਣ ਦੀ ਗੱਲ ਕਰਨ ਲੱਗ ਪਏ। ਪਰ ਮੁਨਸ਼ੀ ਨਿਆਂ ਹੀ ਨਾਂ ਦੇਵੇ ਕਿ ਫਾਇਲ ਤਾਂ ਜੱਜ ਸਾਹਬ ਦੇ ਘਰੇ ਚਲੀ ਗਈ ਹੁਣ ਨਹੀ ਲੱਗਦਾ ਤਵੀਤ ਫਾਇਲ ਤੇ ਘਸੇਗਾ। ਪਰ ਫਿਰ ਕਹਿ ਦਿਆ ਕਰੇ, ਕੋਸ਼ਿਸ ਕਰਕੇ ਦੇਖਦੇ ਆਂ। ਆਖਰਕਾਰ ਸੌਦਾ ਤਹਿ ਹੋਣ ਤੋਂ ਬਾਅਦ ਮੇਰਾ ਕਲਰਕ ਮੇਰੇ ਪਾਸੋਂ ਮਿਸਲ ਮੁਆਇਨਾ ਕਰਨ ਦੀਆਂ ਦੋ ਦਰਖ਼ਾਸਤਾਂ ਦਸਤਖਤ ਕਰਾ ਕੇ ਲੈ ਗਿਆ ਜੋ ਜੱਜ ਸਾਹਬ ਨੇ ਤੁਰੰਤ ਮਨਜੂਰ ਕਰ ਲਈਆਂ ਅਤੇ ਅਦਾਲਤੀ ਮਿਸਲਾਂ ਮੁਆਇਨਾ ਕਰਨ ਵਾਲੀ ਜਗਾ 'ਤੇ ਪਹੁੰਚ ਗਈਆਂ।ਮਿਸਲ ਮੁਆਇਨਾ ਕਰਨ ਦੇ ਨਾਲ ਨਾਲ ਮਿਸਲਾਂ ਤੇ ਤਵੀਤ ਵੀ ਘਸਾਏ ਗਏ।ਮੇਰਾ ਮੁਨਸ਼ੀ ਕਹੇ ਕਿ ਸਪੈਸ਼ਲ ਬੰਦਾ ਭੇਜ ਕੇ ਜੱਜ ਸਾਹਬ ਦੇ ਘਰੋਂ ਮਿਸਲਾਂ ਮੰਗਵਾਈਆਂ ਨੇ। ਬਾਅਦ ਵਿੱਚ ਪਤਾ ਲੱਗਾ ਕਿ ਤਵੀਤ ਘਸਾਉਣ ਦੀ ਫੀਸ ਮੈਨੂੰ ਪੈਰਵੀ ਲਈ ਦਿੱਤੀ ਫੀਸ ਤੋਂ ਵੀ ਜਿਆਦਾ ਸੀ। ਜਿਹੜਾ ਕੇਸ ਮੁਢਲੀ ਨਜ਼ਰੇ ਬਹੁਤ ਕਮਜੋਰ ਲੱਗਦਾ ਸੀ ਉਹ ਬਹਿਸ ਤੱਕ ਆਉਂਦਿਆਂ ਆਉਦਿਆਂ ਮਜ਼ਬੂਤ ਸਥਿਤੀ ਵਿੱਚ ਪਹੁੰਚ ਗਿਆ। ਬਹਿਸ ਹੋਈ ਦੋਵੇਂ ਕੇਸ ਅਦਾਲਤ ਵੱਲੋਂ ਖਾਰਜ ਕਰ ਦਿੱਤੇ ਗਏ। ਅਦਾਲਤ ਵੱਲੋਂ ਮੁਦਈ ਨੂੰ ਹਰਜਾਨਾ ਵੀ ਪਾਇਆ ਗਿਆ। ਪਰ ਅਫਸੋਸ ਉਸ ਵਕਤ ਹੋਇਆ ਜਦੋਂ ਕੇਸ ਜਿੱਤਣ ਤੋਂ ਬਾਅਦ ਦੋਵੇਂ ਭਰਾਂਵਾ ਨੇ ਸਾਰਾ ਸਿਹਰਾ ਤਵੀਤਾਂ ਵਾਲੇ ਬਾਬੇ ਨੂੰ ਦੇ ਦਿੱਤਾ ਮੇਰੀ ਕੀਤੀ ਹੋਈ ਮਿਹਨਤ ਦਾ ਸ਼ੁਕਰਾਨਾ ਵੀ ਨਾ ਕੀਤਾ। ਜਾਣ ਲੱਗਿਆਂ ਨੇ ਆਖਿਆ 'ਵੇਖਿਆ ਵਕੀਲ ਸਾਹਬ ਸਾਡੇ ਬਾਬੇ ਦੀ ਕਰਾਮਾਤ ਉਨਾਂ ਨੇ ਤਾਂ ਪਹਿਲਾਂ ਹੀ ਗੱਦੀ ਲਾਉਂਦਿਆਂ ਦੱਸ ਦਿੱਤਾ ਸੀ ਕਿ ਅੱਜ ਕੇਸ ਹੱਕ 'ਚ ਹੋ ਜਾਣਗੇ।' ਮੈਂ ਮੱਥੇ ਤੇ ਹੱਥ ਮਾਰਿਆ ਕਿ ਇਨਾਂ ਕੇਸਾਂ ਦੀਆਂ ਉਦਾਹਰਨਾਂ ਦੇ ਕੇ ਬਾਬੇ ਨੇ ਪਤਾ ਨਹੀਂ ਕਿੰਨੇ ਲੋਕ ਠੱਗ ਲਏ ਹੋਣਗੇ ਤੇ ਸੱਪਾਂ ਵਾਲੀ ਚਾਦਰ ਵੀ ਪਤਾ ਨਹੀਂ ਕਿੰਨੇ ਕੇਸਾਂ ਵਿਚ ਕੰਮ ਆਈ ਹੋਵੇਗੀ।

# ਲੰਮੇ ਅਰਸੇ ਬਾਅਦ ਤੱਕਿਆ ਪੰਜਾਬ ਦਾ ਪਿੰਡ

ਉਹ ਦਸ ਕੁ ਸਾਲ ਦਾ ਸੀ ਜਦੋਂ ਉਸਦੇ ਪਿਤਾ ਨੇ ਪਰਿਵਾਰ ਸਮੇਤ ਕੈਨੇਡਾ ਦੀ ਨਾਗਰਿਕਤਾ ਲੈ ਲਈ ਸੀ। ਲੈਂਦੇ ਵੀ ਕਿਉਂ ਨਾ, ਬਹੁਤ ਜਿਆਦਾ ਪੜੇ ਲਿਖੇ ਹੋਣ ਦੇ ਬਾਵਜੂਦ ਵੀ ਉਨਾਂ ਨੂੰ ਕੋਈ ਚੱਜ ਦੀ ਪੱਕੀ ਨੌਕਰੀ ਨਹੀਂ ਸੀ ਮਿਲੀ। ਉਸਦੇ ਪਿਤਾ ਨੇ ਐਮ ਐੱਸ ਸੀ ਗਣਿਤ, ਐਮ ਫਿਲ ਗਣਿਤ ਤੇ ਬੀ ਐਡ ਕੀਤੀ ਹੋਈ ਸੀ। ਉਸਦੇ ਛੋਟੇ ਹੁੰਦਿਆਂ 30 ਕੁ ਸਾਲ ਪਹਿਲਾਂ ਜਦੋਂ ਪ੍ਰਕਾਸ਼ ਸਿੰਘ ਬਾਦਲ ਤੇ ਕਪਤਾਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਸੀ, ਉਸਦੇ ਪਿਤਾ ਜੀ ਨੇ ਬਹੁਤ ਵਾਰ ਚੰਡੀਗੜ੍ਹ ਮਟਕਾ ਚੌਕ ਤੇ ਫਿਰ ਸੈਕਟਰ 25 ਚੰਡੀਗੜ੍ਹ ਦੀ ਗਰਾਊਂਡ ਵਿਚ ਬਹੁਤ ਵਾਰ ਪੱਕੀ ਨੌਕਰੀ ਲਈ ਧਰਨੇ ਦਿੱਤੇ ਸੀ। ਕਈ ਵਾਰ ਲਾਠੀਆਂ ਖਾਧੀਆਂ ਸੀ ਤੇ ਇੱਕ ਦੋ ਵਾਰ ਜੇਲ ਵੀ ਗਏ ਸੀ। ਫਿਰ ਉਨਾਂ ਨੇ ਦੇਸ਼ ਛੱਡ ਜਾਣ ਦਾ ਮਨ ਬਣਾ ਲਿਆ ਤੇ ਪੱਕੇ ਕੈਨੇਡਾ ਵਿਚ ਜਾ ਵਸੇ। ਕੈਨੇਡਾ ਦੀ ਸਰਕਾਰ ਦੂਜੇ ਦੇਸ਼ਾਂ ਦੇ ਪੜੇ ਲਿਖੇ ਲੋਕਾਂ ਦਾ ਸਵਾਗਤ ਕਰਦੀ ਸੀ ਤੇ ਸੌਖੀ ਹੀ ਨਾਗਰਿਕਤਾ ਦੇ ਦਿੰਦੀ ਸੀ। ਉਸਦੇ ਬਚਪਨ ਦੇ ਪਹਿਲੇ ਦਸ ਸਾਲ ਪਿੰਡ ਵਿਚ ਹੀ ਬੀਤੇ ਸੀ ਤੇ ਉਹ ਹੁਣ ਪੈਂਤੀ ਕੁ ਸਾਲਾਂ ਬਾਅਦ 2020 ਵਿਚ ਕੈਨੇਡਾ ਤੋਂ ਪੰਜਾਬ ਪਰਤਿਆ ਸੀ। ਉਸਦੇ ਘਰ ਤੋਂ ਗੁਰਦਵਾਰਾ 100 ਕੁ ਮੀਟਰ ਦੀ ਵਿਥ 'ਤੇ ਸੀ। ਉਸ ਨੇ ਸੈਰ ਕਰਨ ਜਾਂਦੇ ਹੋਏ ਸ਼ਾਮ ਨੂੰ ਦੇਖਿਆ ਕਿ ਉਸ ਗੁਰਦਵਾਰੇ ਦੇ ਨਾਲ ਇਕ ਮੰਦਿਰ ਵੀ ਬਣਿਆ ਹੋਇਆ ਹੈ ਜਿਸ ਵਿਚ ਪੁਜਾਰੀ ਭੋਲੇ ਨਾਥ ਪਾਂਡੇ ਸ਼ਾਮ ਸਵੇਰ ਪੂਜਾ ਕਰਦਾ ਹੈ। ਭੋਲੇ ਨਾਥ ਦੀ ਪਿੰਡ ਵਿਚ ਕਾਫੀ ਇੱਜ਼ਤ ਹੈ। ਗੁਰਦਵਾਰੇ ਦੀ ਇਕ ਕੰਧ ਦੇ ਇੱਕ ਪਾਸੇ ਇੱਕ ਜਗਰਾਤੇ ਦਾ ਹਿੰਦੀ ਵਿਚ ਬੈਨਰ ਲੱਗਾ ਸੀ ।ਆਸ ਪਾਸ ਦੇ ਘਰ ਹੁਣ ਉੱਤਰ ਪ੍ਰਦੇਸ਼, ਬਿਹਾਰ ਤੇ ਹਿਮਾਚਲ ਦੇ ਲੋਕਾਂ ਨੇ ਖਰੀਦ ਲਏ ਹਨ। ਕਾਫੀ ਲੋਕ ਮੰਦਿਰ ਜਾਂਦੇ ਹਨ। ਉਨਾਂ ਦੇ ਪਿੰਡ ਵਿਚ ਪਹਿਲਾਂ ਹੀ ਜਾਤ ਦੇ ਆਧਾਰ 'ਤੇ 3 ਗੁਰਦਵਾਰੇ ਸਨ ਪਰ ਹੁਣ ਸਿੱਖ ਘੱਟ-ਗਿਣਤੀ ਹੋਣ ਕਰਕੇ ਇੱਕ ਹੀ ਰਹਿ ਗਿਆ ਹੈ। ਹੁਣ ਜਾਤ ਦੇ ਆਧਾਰ 'ਤੇ ਚਰਚ ਬਣ ਚੁੱਕੇ ਹਨ। ਪਿੰਡ ਦੀਆਂ ਛੋਟੀਆਂ ਜਾਤਾਂ ਜਿਨਾਂ ਨੂੰ ਉਸ ਸਮੇਂ ਉੱਚੀ ਜਾਤ ਵਾਲੇ ਨਫਰਤ ਕਰਦੇ ਸਨ, ਉਹ ਹੁਣ ਈਸਾਈ ਬਣ ਚੁੱਕੇ ਸਨ। ਗੁਰਦਵਾਰੇ ਜਾਂਦੇ ਸਮੇਂ ਉਸਦੀਆਂ ਅੱਖਾਂ ਸਾਹਮਣੇ ਉਸਦਾ ਸਾਰਾ ਬਚਪਨ ਦਾ ਦ੍ਰਿਸ਼ ਨਿਕਲ ਜਾਂਦਾ ਹੈ। ਉਸ ਨੂੰ ਯਾਦ ਆਉਂਦਾ ਹੈ ਕਿ ਉਹ ਕਿਸ ਤਰਾਂ ਗੁਰਦਵਾਰੇ ਦੇ ਵਿਚ ਛੋਟੇ ਹੁੰਦੇ ਖੇਡਦੇ ਹੁੰਦੇ ਸੀ। ਹੁਣ ਗੁਰਦਵਾਰੇ ਵਿਚਲਾ ਬੋਹੜ ਕੱਟ ਦਿੱਤਾ ਹੈ। ਉਸਨੂੰ ਯਾਦ ਆਉਂਦਾ ਹੈ ਕਿ ਕਿਵੇਂ ਛੋਟੇ ਹੁੰਦਿਆਂ ਉਹ ਬੋਹੜ ਦੀ ਦਾੜੀ ਨਾਲ ਝੂਟਦੇ ਹੁੰਦੇ ਸੀ। ਉਨਾਂ ਦੀ ਸਾਰੀ ਦੁਪਹਿਰ ਰੱਸੀ ਟੱਪਦੇ ਜਾਂ ਟਾਇਰ ਚਲਾਉਂਦੇ ਨਿਕਲ ਜਾਂਦੀ ਸੀ। ਉਹ ਗੁਰਦਵਾਰੇ ਦੀ ਕੰਧ ਦੇ ਨਾਲ ਜਿੱਥੇ ਮੰਦਿਰ ਦਾ ਦਰਵਾਜਾ ਹੈ ਉੱਥੇ ਬੰਟੇ ਵੀ ਖੇਡਦੇ ਹੁੰਦੇ ਸੀ। ਸਿੱਖਾਂ ਦੇ ਜਵਾਕਾਂ ਦੀ ਪੈਦਾਇਸ਼ ਵਿਚ ਗੁਰਦਵਾਰੇ ਬਹੁਤ ਹੀ ਜਿਆਦਾ ਮਹੱਤਵਪੂਰਨ ਹੁੰਦੇ ਹਨ। ਛੋਟੇ ਹੁੰਦੇ ਉਹ ਉੱਥੇ ਖੇਡਦੇ ਵੀ ਹਨ ਤੇ ਦਿਨ ਤਿਓਹਾਰ ਤੇ ਸੇਵਾ ਵੀ ਕਰਾਉਂਦੇ ਹਨ। ਉਸ ਨੂੰ ਉਹ ਵੀ ਸਮਾਂ ਯਾਦ ਆਉਂਦਾ ਹੈ ਕਿ ਜਦੋਂ ਕਿਸੇ ਨੀਵੀਂ ਜਾਤ ਵਾਲੇ ਗੁਰਦਵਾਰੇ ਦੇ ਕਿਸੇ ਨਗਰ ਕੀਰਤਨ ਦੇ ਸਮੇਂ ਕਿਸੇ ਔਰਤ ਨੇ ਉਸ ਦੀ ਜਾਤ ਦਾ ਨਾਮ ਲੈ ਕੇ ਬੋਲਿਆ ਸੀ ਕਿ ਉਨਾਂ ਨੇ ਆਉਣਾ ਹੈ, ਹੱਥਾਂ 'ਤੇ ਰੋਟੀਆਂ ਦਿਓ। ਇਨਾਂ ਦੇ ਭਾਂਡੇ ਕੌਣ ਮਾਂਜੂਗਾ। ਉਨੀਂ ਦਿਨੀਂ ਦੋਆਬੇ ਦੇ ਪਿੰਡਾਂ ਵਿਚ ਇਹ ਪਾੜਾ ਕਾਫੀ ਜਿਆਦਾ ਸੀ। ਇਸ ਆਪਸੀ ਨਫਰਤ ਦਾ ਨਤੀਜਾ ਇਹ ਨਿਕਲਿਆ ਸੀ ਕਿ ਪਿੰਡ ਦੀਆਂ ਜਿਆਦਾ ਜ਼ਮੀਨਾਂ ਪੰਜਾਬ ਦੇ ਬਾਹਰੋਂ ਆਏ ਲੋਕਾਂ ਨੇ ਖਰੀਦ ਲਈਆਂ ਸਨ, ਕਿਉਂਕਿ ਪੰਜਾਬੀ ਲੋਕ ਆਪਸੀ ਨਫਰਤ ਕਰਕੇ ਪੰਜਾਬੀਆਂ ਨੂੰ ਜ਼ਮੀਨਾਂ ਨੂੰ ਨਹੀਂ ਵੇਚਦੇ ਸੀ। ਇਹ ਬਾਹਰੋਂ ਆਏ ਹੋਏ ਲੋਕ ਪੰਜਾਬ ਵਿਚ ਠੇਕੇਦਾਰੀ ਕਰਦੇ ਹਨ, ਇਨਾਂ ਨਾਲ ਮਜਦੂਰੀ ਪੰਜਾਬ ਦੇ ਲੋਕ ਹੀ ਕਰਦੇ ਹਨ। ਪੰਜਾਬ ਦੇ TV ਚੈਨਲ 'ਤੇ ਅੱਜ ਕੱਲ ਇਹ ਵਿਵਾਦ ਚਲਦਾ ਹੈ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਇਕ ਵਿਸ਼ਨੂੰ ਮੰਦਿਰ ਹੈ ਜਾਂ ਨਹੀਂ। ਪੰਜਾਬ ਵਿਚ ਸਿੱਖਾਂ ਦੀ ਅਬਾਦੀ 20 ਪ੍ਰਤੀਸ਼ਤ ਰਹਿ ਗਈ ਹੈ 30 ਕੁ ਪ੍ਰਤੀਸ਼ਤ ਈਸਾਈ ਤੇ 50 ਕੁ ਪ੍ਰਤੀਸ਼ਤ ਹਿੰਦੂ ਹਨ।

**ਕਲਮਾਂ ਦੇ ਜਜ਼ਬਾਤ**

ਉਸਨੂੰ ਇਹ ਵੀ ਪਤਾ ਲੱਗਾ ਕਿ ਹੁਣ ਸਿੱਖ ਘਟਗਿਣਤੀ ਹੋਣ ਕਰਕੇ ਪਹਿਲਾਂ ਦੀ ਤਰਾ ਨਫਰਤ ਨਹੀਂ ਕਰਦੇ ਹਨ। ਸਾਰੇ ਵਿੱਚੋਂ ਸਿਰਫ ਹੀ ਗੱਲ ਚੰਗੀ ਸੀ । ਉਹ ਜਿਨਾਂ ਨੂੰ ਉਹ ਔਰਤ ਛੋਟੀ ਜਾਤ ਵਾਲੇ ਕਹਿੰਦੀ ਸੀ ਉਨਾਂ ਦੇ ਅੱਗੇ ਬੱਚੇ ਜਿਆਦਾਤਰ ਈਸਾਈ ਬਣ ਚੁੱਕੇ ਹਨ। ਸਿੱਖਾਂ ਲਈ ਕੋਈ ਵੀ ਨਰਮ ਰਵੱਈਆ ਨਹੀਂ ਰੱਖਦੇ, ਕਿਉਂਕਿ ਉਨਾਂ ਨੇ ਈਸਾਈ ਧਰਮ ਵਿਚ ਹੀ ਜਨਮ ਲਿਆ ਹੈ। ਕਈ ਵਾਰ ਉਹ ਸਿੱਖਾਂ ਨੂੰ ਤੰਗ ਵੀ ਕਰਦੇ ਹਨ। ਉਸਦੇ ਦਿਮਾਗ ਵਿਚ ਇੱਕ ਪੰਕਤੀ ਬਹੁਤ ਰੜਕਦੀ ਹੈ, ਜਬ ਇਹ ਗਏ ਬਿਪਰਨ ਕੀ ਰੀਤ ਮੈਂ ਨਾ ਕਰੂੰ ਇਨਕੀ ਪ੍ਰਤੀਤ। ਪਿੰਡ ਦੇ ਉਨਾਂ ਹੀ ਰਾਹਾਂ 'ਤੇ ਚੱਲ ਕੇ ਉਸਨੂੰ ਯਾਦ ਆਉਂਦਾ ਹੈ ਕਿ ਉਦੋਂ ਇਹ ਰਾਹ ਕੱਚੇ ਹੁੰਦੇ ਸਨ, ਉਸਦੇ ਨੰਗੇ ਪੈਰੀਂ ਭੱਜਦਿਆਂ ਕਈ ਵਾਰ ਪੈਰਾਂ ਵਿਚ ਭਖੜਾ ਵੀ ਖੁੱਭ ਜਾਂਦਾ ਸੀ। ਉਸਨੂੰ ਉਹ ਭਖੜੇ ਦੇ ਪੀਲੇ ਪੀਲੇ ਫੁੱਲ ਵੀ ਯਾਦ ਆਉਂਦੇ ਹਨ ਤੇ ਖਬਲ ਦੀਆਂ ਤਿੜਾਂ ਵੀ, ਜਿਸ ਨਾਲ ਉਹ ਛੋਟੇ ਹੁੰਦੇ ਖੇਡਦਾ ਹੁੰਦਾ ਸੀ। ਪਰ ਹੁਣ ਪਿੰਡ ਪੂਰਾ ਬਦਲ ਚੁੱਕਾ ਸੀ। ਪਿੰਡ ਦੇ ਵਿਚ ਪਹਿਲਾਂ ਇੱਕ ਸ਼ਰਾਬ ਦਾ ਠੇਕਾ ਹੁੰਦਾ ਸੀ। ਉਸਦੇ ਪਿਤਾ ਜੀ ਨੇ ਕਈ ਵਾਰੀ ਉਹ ਠੇਕਾ ਉਠਾਉਣ ਦੀ ਸਰਕਾਰ ਨੂੰ ਸ਼ਿਕਾਇਤ ਕੀਤੀ ਸੀ ਪਰ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ ਸੀ। ਹੁਣ ਪਿੰਡ ਵਿਚ ਹੁਣ ਪਾਨ ਦੀਆਂ ਦੁਕਾਨਾਂ ਖੁਲ ਗਈਆਂ ਹਨ।

ਉਹ ਆਪਣੇ ਪਿੰਡ ਵਿਚ ਹੀ ਇੱਕ ਬਚਪਨ ਦੇ ਦੋਸਤ ਸ਼ੰਭੂ ਯਾਦਵ, ਜਿਸਦਾ ਪਰਿਵਰ ਉਸਦੇ ਛੋਟੇ ਹੁੰਦੇ ਬਿਹਾਰ ਤੋਂ ਪਰਵਾਸ ਕਰਕੇ ਆਇਆ ਸੀ ਉਸਨੂੰ ਵੀ ਮਿਲਿਆ। ਉਸਨੂੰ ਛਠ ਪੂਜਾ ਦੀ ਛੁਟੀ ਸੀ। ਉਹ ਛੋਟੇ ਹੁੰਦੇ ਕੱਠੇ ਖੇਡਦੇ ਸੀ। ਸ਼ੰਭੂ ਨੇ ਦੱਸਿਆ 'ਹਮ ਕੋ ਤੋਂ ਅੱਛੀ ਨੌਕਰੀ ਮਿਲ ਗਈ। ਗਾਓ ਕੇ ਸਕੂਲ ਮੈਂ ਪੰਜਾਬੀ ਪੜ੍ਹਾਤੇ ਹੈਂ ਹਮ। ਕੁਛ ਦੀਨੋ ਕੇ ਬਾਅਦ ਹਮ ਹੈਡ ਮਾਸਟਰ ਬਨ ਜਾਏਂਗੇ'। ਆਪਣੀ ਪਤਨੀ ਬਲਜੀਤ ਕੌਰ ਦੇ ਵਾਰੇ ਦੱਸਿਆ 'ਬਹੁਤ ਧਾਰਮਿਕ ਹੈ, ਰੋਜ ਮੰਦਿਰ ਮੈਂ ਜਾ ਕੇ ਪੂਜਾ ਕਰਤੀ ਹੈ ਔਰ ਕਭੀ ਕਭੀ ਗੁਰਦਵਾਰਾ ਵੀ ਜਾਤੀ ਹੈ।' ਹੋਰ ਅੱਗੇ ਬੋਲਦਿਆਂ ਦੱਸਿਆ, 'ਵੋਹ ਮੇਰੀ ਬੀ.ਐਡ ਕੀ ਦੋਸਤ ਥੀ, ਇਸਕੇ ਪਾਪਾ ਬਹੁਤ ਸ਼ਰਾਬ ਪੀਤੇ ਥੇ ਔਰ ਬਾਈ ਕਿ ਚਿੱਟਾ ਪੀਨੇ ਸੇ ਮੌਤ ਹੋ ਗਈ ਥੀ, ਫਿਰ ਪਾਪਾ ਕੀ ਵੀ ਮੌਤ ਹੋ ਗਈ । ਮੁਝ ਮੈਂ ਤ੍ਰਾਸ ਆ ਗਿਆ ਔਰ ਸ਼ਾਦੀ ਕਰ ਲਈ।' ਉਸਨੇ ਇਹ ਵੀ ਦੱਸਿਆ ਕੇ ਪਹਿਲਾਂ ਪੰਜਾਬ ਵਿਚ ਨੌਕਰੀ ਲੈਣ ਲਈ ਦਸਵੀ ਕਲਾਸ ਵਿਚ ਪੰਜਾਬੀ ਪੜੀ ਹੋਣੀ ਜਰੂਰੀ ਸੀ, ਪਰ ਇਹ ਹੁਣ ਸਰਕਾਰ ਨੇ ਹਟਾ ਦਿੱਤੀ ਹੈ। ਉਸਨੇ ਇਹ ਵੀ ਦੱਸਿਆ ਕੇ ਅੱਜ ਕੱਲ ਭਾਖੜਾ ਡੈਮ ਦੀ ਬਿਜਲੀ ਪੰਜਾਬ ਨੂੰ ਹੀ ਮਿਲਦੀ ਹੈ। ਫਿਰ ਕਹਿੰਦਾ ਕੇ ਆਪਕਾ ਤੋਂ ਅੱਛਾ ਹੈ ਕੈਨੇਡਾ ਮੈ।

ਉਸਦੇ ਘਰ ਦੇ ਸਾਹਮਣੇ ਸੜਕ ਦੇ ਦੂਸਰੇ ਪਾਸੇ ਉਨਾਂ ਦੀ ਕਨਾਲ ਕੁ ਥਾਂ ਸੀ ਜੋ ਕਿ ਉਤਰਪ੍ਰਦੇਸ਼ ਤੋਂ ਆਏ ਇਕ ਰਾਮ ਯਾਦਵ ਨੇ ਕਬਜਾ ਕੀਤਾ ਹੋਇਆ ਸੀ ਜੋ ਕਿ ਛੱਡ ਨਹੀਂ ਰਿਹਾ ਸੀ। ਪੰਜਾਬ ਦੇ ਇਸ ਤਰਾਂ ਦੇ ਪੰਗਿਆ ਲਈ ਉਹ ਬਿਲਕੁਲ ਅਣਜਾਣ ਸੀ।

ਉਹ ਆਪਣਾ ਥਾਂ ਛੁਡਾਉਣ ਲਈ ਪੁਲਿਸ ਠਾਣੇ ਗਿਆ। ਪੁਲਿਸ ਦਾ ਇੰਸਪੈਕਟਰ ਜਿਸਦਾ ਨਾ ਪਲੇਟ ਤੇ ਪ੍ਰਸ਼ਾਂਤ ਮਿਸ਼ਰਾ ਲਿਖਿਆ ਹੋਇਆ ਸੀ ਬਹੁਤ ਹੀ ਕੱਬੇ ਸੁਭਾਅ ਦਾ ਸੀ। ਉਹ ਉਸ ਨੂੰ ਮਿਲਿਆ ਤੇ ਜਲਦੀ ਕੰਮ ਕਰਾਉਣ ਨੂੰ ਕਿਹਾ। ਉਸਨੇ ਗੁੱਸੇ ਵਿਚ ਕਿਹਾ ਕੇ ਜਿਹ ਹਮਾਰਾ ਪੰਜਾਬ ਹੈ, ਤੁਮਾਰਾ ਕੈਨੇਡਾ ਨਹੀਂ। ਯਹਾਂ ਕਾਮ ਸਿਸਟਮ ਸੇ ਹੋਤਾ ਹੈ। ਉਹ ਚਾਹੇ ਕੈਨੇਡਾ ਦੀ ਯੂਨੀਵਰਸਟੀ ਵਿਚ ਰਸਾਇਣਿਕ ਵਿਗਿਆਨ ਦਾ ਪ੍ਰੋਫੈਸਰ ਹੈ ਪਰ ਇੰਸਪੈਕਟਰ ਦੇ ਸਾਹਮਣੇ ਆਪਣੀ ਔਕਾਤ ਜ਼ੀਰੋ ਹੀ ਲੱਗੀ। ਕਾਫੀ ਚੱਕਰ ਮਾਰੇ ਪਰ ਗੱਲ ਨਾ ਬਣੀ। ਉਸਦੀਆਂ ਛੁਟੀਆਂ ਖਤਮ ਹੋਣ ਵਾਲੀਆਂ ਸੀ ਤੇ ਮਨ ਬਹੁਤ ਉਦਾਸ ਹੋ ਚੁੱਕਾ ਸੀ । ਉਸਨੇ ਟਿਕਟ ਲਈ ਤੇ ਵਾਪਸ ਕੈਨੇਡਾ ਨੂੰ ਚੱਲ ਪਿਆ। ਉਸਨੇ ਸੋਚਿਆ ਕਿ ਉਹ ਦੁਬਾਰਾ ਪੰਜਾਬ ਨਹੀਂ ਆਵੇਗਾ।

**ਸ. ਸਿੰਘ**



# ਭਾਰਤੀ ਬੈਡਮਿੰਟਨ ਦੇ ਇਤਿਹਾਸ ਵਿਚ ਪ੍ਰਕਾਸ਼ ਪਾਦੂਕੋਨ ਤੋਂ ਪੀ. ਵੀ. ਸਿੰਧੂ ਦਾ ਯੋਗਦਾਨ

**ਪ੍ਰੋਫੈਸਰ ਜਤਿੰਦਰਬੀਰ ਸਿੰਘ**

ਭਾਰਤੀ ਬੈਡਮਿੰਟਨ ਦਾ ਇਤਿਹਾਸ ਕੋਈ ਬਹੁਤਾ ਪੁਰਾਣਾ ਨਹੀਂ। ਜਦੋਂ ਪਹਿਲੀ ਵਾਰੀ ਪ੍ਰਕਾਸ਼ ਪਾਦੂਕੋਨ ਨੇ ਬੈਡਮਿੰਟਨ ਵਿਚ ਜੂਨੀਅਰ ਤੇ ਸੀਨੀਅਰ ਦੇ ਦੋਵੇਂ ਤਗਮੇ ਇਕ ਸਾਲ ਵਿਚ ਹੀ ਆਪਣੀ ਝੋਲੀ ਵਿਚ ਪਾਏ ਤਾਂ ਇਸ ਨੂੰ ਇਸ ਖੇਡ ਦੇ ਜਨਮ ਦਾ ਸ਼ੁਭ ਆਗਮਨ ਸਮਝਿਆ ਗਿਆ। ਉਸ ਸਮੇਂ ਇਹ ਮਹਿਸੂਸ ਕੀਤਾ ਗਿਆ ਕਿ ਇਸ ਜਰਖੇਜ਼ ਜ਼ਮੀਨ 'ਤੇ ਹੋਰ ਵੀ ਮੈਡਲ ਪ੍ਰਾਪਤ ਕੀਤੇ ਜਾ ਸਕਦੇ ਹਨ।

ਇਹ ਬੜੀ ਸੰਤੋਸ਼ ਭਰੀ ਗੱਲ ਹੈ ਕਿ ਇਸ ਥੋੜੇ ਜਿਹੇ ਸਮੇਂ ਵਿਚ ਹੀ ਭਾਰਤ ਨੇ ਹੁਣ ਤੱਕ ਤਿੰਨ ਉਲੰਪਿਕ ਦੇ ਮੈਡਲ, ਸਾਡੇ ਦੋ ਖਿਡਾਰੀ ਵਿਸ਼ਵ ਰੈਂਕ ਵਿਚ ਨੰਬਰ ਇਕ 'ਤੇ ਰਹੇ ਹਨ ਅਤੇ ਭਾਰਤ ਨੇ ਦੋ ਵਾਰੀ ਇਕ ਬਹੁਤ ਹੀ ਗੌਰਵਸ਼ੀਲ ਆਲ ਇੰਗਲੈਂਡ ਕੱਪ ਵੀ ਜਿੱਤੇ ਹਨ। ਇਸ ਖੇਡ ਦੀ ਖ਼ੁਸ਼ਬੂ ਸਾਰੇ ਵਿਸ਼ਵ ਵਿਚ ਪਹੁੰਚਾਈ ਹੈ ਅਤੇ ਹੋਰ ਏਸ਼ੀਅਨ ਦੇਸ਼ਾਂ ਜਿਵੇਂ ਚੀਨ, ਇੰਡੋਨੇਸ਼ੀਆ, ਸਿੰਗਾਪੁਰ, ਜਾਪਾਨ ਦੀ ਤਰਾਂ ਭਾਰਤ ਨੂੰ ਵੀ ਏਸ਼ੀਆ ਦੀ ਇਕ ਵੱਡੀ ਬੈਡਮਿੰਟਨ ਵਿਚ ਵੱਡੀ ਤਾਕਤ ਸਮਝਿਆ ਜਾਣ ਲੱਗ ਪਿਆ। ਇਸ ਤੋਂ ਬਿਨਾਂ ਭਾਰਤ ਦੋ ਵਾਰੀ ਕਾਮਨ ਵੈਲਥ ਗੇਮਜ਼ ਵਿਚ ਸੋਨੇ ਦਾ ਮੈਡਲ ਵੀ ਪ੍ਰਾਪਤ ਕਰ ਚੁੱਕਾ ਹੈ। ਇਸ ਖੇਡ ਦਾ ਮੋਢੀ ਬਣਿਆ ਪ੍ਰਕਾਸ਼ ਪਾਦੂਕੋਨ, ਉਸ ਨੇ ਜਿਸ ਸਮੇਂ ਬੈਡਮਿੰਟਨ ਦਾ ਉਲੰਪਿਕ ਦੇ ਬਰਾਬਰ ਦਾ ਟੂਰਨਾਮੈਂਟ ਆਲ ਇੰਗਲੈਂਡ ਭਾਰਤ ਲਈ ਜਿੱਤਿਆ ਤਾਂ ਉਸ ਸਮੇਂ ਭਾਰਤੀ ਨੌਜਵਾਨਾਂ ਵਿਚ ਇਸ ਖੇਡ ਵਿਚ ਹੋਰ ਉਤਸ਼ਾਹ ਪੈਦਾ ਕਰ ਦਿੱਤਾ। ਪ੍ਰਕਾਸ਼ ਨੇ ਇਸ ਖੇਡ ਨੂੰ ਵਧੇਰੇ ਵਿਕਸਤ ਕਰਨ ਲਈ ਆਪਣਾ ਸਾਰਾ ਜੀਵਨ ਹੀ ਲਗਾ ਦਿੱਤਾ ਹੈ। ਨਾ ਕੇਵਲ ਖੇਡ ਮੈਦਾਨ ਵਿਚ ਸਗੋਂ ਖਿਡਾਰੀਆਂ ਲਈ ਨੈਤਿਕਤਾ ਦੇ ਗੁਣ ਵੀ ਇਸ ਖਿਡਾਰੀ ਦੇ ਜੀਵਨ ਤੋਂ ਸਾਨੂੰ ਮਿਲਦੇ ਹਨ। ਇਕ ਵਾਰ ਜਦੋਂ ਇਕ ਵੱਕਾਰੀ ਟੂਰਨਾਮੈਂਟ ਵਿਚ ਜਦੋਂ ਰੈਫਰੀ ਨੇ ਆਪਣੀ ਗ਼ਲਤ ਸੋਚ ਕਾਰਨ ਸ਼ਟਲ ਬਾਹਰ ਡਿਗਣ ਕਰਕੇ ਮੈਚ ਪ੍ਰਕਾਸ਼ ਨੂੰ ਜਿਤਾ ਦਿੱਤਾ ਤਾਂ ਪ੍ਰਕਾਸ਼ ਨੇ ਰੋਸ ਪ੍ਰਗਟ ਕੀਤਾ ਇਹ ਤਾਂ ਅੰਦਰ ਡਿਗੀ ਹੈ ਤੇ ਮੈਚ





ਆਪਣੇ ਵਿਰੋਧੀ ਨੂੰ ਜਿਤਾ ਦਿੱਤਾ। ਦੂਸਰੀ ਵਿਸ਼ੇਸ਼ ਗੱਲ ਇਸ ਸੰਸਾਰ ਪ੍ਰਸਿੱਧ ਖਿਡਾਰੀ ਬਾਰੇ ਇਹ ਕੀਤੀ ਜਾਂਦੀ ਹੈ ਕਿ ਉਹ ਸਦਾ ਮਰਿਆਦਾ ਵਿਚ ਗੱਲ ਕਰਕੇ ਆਪਣੀ ਰਾਏ ਪ੍ਰਗਟ ਕਰਦਾ ਹੈ, ਉਸ ਦੇ ਫੈਸਲੇ ਦੀ ਹਮੇਸ਼ਾਂ ਖਿਡਾਰੀਆਂ ਵਲੋਂ ਕਦਰ ਕੀਤੀ ਜਾਂਦੀ ਹੈ। ਇਸ ਸਾਲ ਜਦੋਂ ਮੁਲਤਵੀ ਹੋਈਆਂ ਖੇਡਾਂ ਵਿਚ ਜਾਣ ਲਈ ਚੋਣ ਲਈ ਜੋ ਪੈਮਾਨਾ ਬਣਾਇਆ ਗਿਆ ਉਸ ਅਨੁਸਾਰ ਸਾਡੇ ਕੁਝ ਖਿਡਾਰੀ ਤੇ ਖਾਸ ਤੌਰ 'ਤੇ ਸਾਇਨਾ, ਉਲੰਪਿਕ ਖੇਡ ਨਹੀਂ ਸਕੇ ਤਾਂ ਇਸ ਮਸਲੇ ਨੂੰ ਲੈ ਕੇ ਉਹ ਕੇਵਲ ਜਥੇਬੰਦੀ ਦਾ ਫੈਸਲਾ ਮੰਨਣ ਲਈ ਹੀ ਕਹਿੰਦਾ ਰਿਹਾ।

ਆਪਣੀ ਲੜਕੀ ਦੀਪਕਾ ਪਾਦੂਕੋਨ ਨੂੰ ਵੀ ਇਸ ਖੇਡ ਵਿਚ ਪਾਉਣਾ ਚਾਹੁੰਦਾ ਸੀ ਤੇ ਲੜਕੀ ਖੇਡ ਵਿਚ ਪਰਪੱਕ ਵੀ ਸੀ ਪਰ ਉਸ ਦਾ ਪਹਿਲਾ ਸ਼ੌਕ ਫਿਲਮਾਂ ਵਿਚ ਕੰਮ ਕਰਨਾ ਸੀ। ਪ੍ਰਕਾਸ਼ ਲੜਕੀ ਦੇ ਸ਼ੌਕ ਅੱਗੇ ਨਹੀਂ ਆਇਆ ਤੇ ਉਸ ਨੂੰ ਇਹ ਖੇਡ ਨਾ ਅਪਣਾਉਣ ਦੀ ਇਜਾਜ਼ਤ ਦੇ ਦਿੱਤੀ ਇਸ ਤਰਾਂ ਦੀਆਂ ਕਈ ਵਾਰਦਾਤਾਂ ਵਿਚ ਇਸ ਦਿੱਗਜ਼ ਖਿਡਾਰੀ ਨੇ ਨੈਤਿਕਤਾ ਦੇ ਪੂਰਨੇ ਪਾਏ ਹਨ ਜਿਸ 'ਤੇ ਸਾਡੇ ਖਿਡਾਰੀ ਚਲਦੇ ਰਹੇ ਹਨ।

ਉਸ ਦੇ ਰਸਤੇ 'ਤੇ ਤੁਰਦੇ ਹੋਏ ਉਸ ਦਾ ਸ਼ਗਿਰਦ ਗੋਪੀ ਚੰਦ ਦਾ ਵੀ ਬਹੁਤ ਯੋਗਦਾਨ ਹੈ ਜਿਸ ਨੇ ਇਸ ਬੈਡਮਿੰਟਨ ਦੇ ਬੂਟੇ ਨੂੰ ਫਿਰ ਸਿੰਜਿਆ ਹੈ ਤੇ ਆਪਣੀ ਯੋਗ ਅਗਵਾਈ ਦਿੱਤੀ ਹੈ। ਆਪਣੇ ਗੁਰੂ ਪ੍ਰਕਾਸ਼ ਦੀ ਤਰਾਂ ਹੀ ਭਾਰਤ ਦੀ ਸ਼ਾਨ ਗੋਪੀ ਚੰਦ ਨੇ ਆਲ ਇੰਗਲੈਂਡ ਦਾ ਦੂਜਾ ਇਨਾਮ ਭਾਰਤ ਦੀ ਝੋਲੀ ਵਿਚ ਪਾਇਆ ਹੈ। ਪ੍ਰਕਾਸ਼ ਦੀ ਅਕਾਦਮੀ ਵਿਚ ਸਭ ਤੋਂ ਪਹਿਲਾਂ ਉਸ ਸਮੇਂ ਹਿਸਾਰ (ਹਰਿਆਣਾ) ਵਿਚ ਰਹਿਣ ਵਾਲੀ ਇਕ ਪ੍ਰੋਫੈਸਰ ਦੀ ਲੜਕੀ ਸਾਇਨਾ ਨੇਹਵਾਲ ਨੇ ਪ੍ਰਕਾਸ਼ ਤੋਂ ਬਾਕਾਇਦਾ ਤਾਲੀਮ ਲਈ ਤੇ ਇਸ ਖੇਡ ਵਿਚ ਭਾਰਤ ਲਈ ਪਹਿਲਾ ਉਲੰਪਿਕ ਮੈਡਲ ਜਿੱਤਿਆ। ਇਸ ਤਰਾਂ ਇਸ ਅਕਾਦਮੀ ਤੋਂ ਪੜ੍ਹੇ ਹੋਏ ਖਿਡਾਰੀਆਂ ਨੇ ਦੇਸ਼ ਲਈ ਬਹੁਤ ਮਾਅਰਕੇ ਮਾਰੇ ਹਨ। ਬੈਡਮਿੰਟਨ ਦੀ ਰਾਹ ਦੇ ਸੁਨਹਿਰੇ ਰਸਤੇ 'ਤੇ ਚਲਦੇ ਹੋਏ ਪੀ.ਵੀ. ਸਿੰਧੂ ਨੇ ਇਸ ਉਚਾਈ 'ਤੇ ਜਾ ਕੇ ਸਰਵੋਤਮ 2 ਉਲੰਪਿਕ ਇਨਾਮ ਆਪਣੇ ਜੀਵਨ ਵਿਚ ਆਪਣੇ ਨਾਂ ਕਰ ਚੁੱਕੀ ਹੈ। ਮਾਤਾ ਪਿਤਾ ਦੋਵੇਂ ਅੰਤਰਰਾਸ਼ਟਰੀ ਖਿਡਾਰੀ ਹੋਣ ਕਰਕੇ ਉਸ ਤੋਂ ਸਦਾ ਇਹ ਉਮੀਦ ਕੀਤੀ ਜਾਂਦੀ ਰਹੀ ਹੈ ਕਿ ਜ਼ਰੂਰ ਲੋਕਾਂ ਦੀ ਉਮੀਦ 'ਤੇ ਖਰਾ ਉਤਰੇਗੀ।

ਇਸ ਸੁਨਹਿਰੇ ਸਫ਼ਰ 'ਤੇ ਚਲਦੇ ਹੋਏ ਸਾਡੇ ਕੁਝ ਪੁਰਸ਼ ਖਿਡਾਰੀਆਂ ਨੇ ਵੀ ਆਪਣਾ ਭਰਪੂਰ ਯੋਗਦਾਨ ਪਾਇਆ ਹੈ ਤੇ ਸਾਡੇ ਇਸ ਮਨਮੋਹਕ ਖੇਡ ਨੂੰ ਸਾਰੀ ਦੁਨੀਆ ਵਿਚ ਪਹੁੰਚਾਇਆ ਹੈ। ਖਾਸ ਤੌਰ 'ਤੇ ਸਾਇਨਾ ਦੇ ਪਤੀ ਪਰੂਪਲੀ ਕੇਸ਼ਵ ਨੇ 2012 ਦੀ ਉਲੰਪਿਕ ਵਿਚ ਕੁਆਟਰ ਫਾਈਨਲ ਵਿਚ ਚੀਨ ਦੇ ਲੀ ਨਾਲ ਸੰਘਰਸ਼ਮਈ ਮੁਕਾਬਲਾ ਕੀਤਾ ਸੀ ਤੇ ਇਕ ਅਮਿੱਟ ਛਾਪ ਛੱਡੀ ਸੀ।

ਭਾਰਤ ਵਿਚ ਇਸ ਸਮੇਂ ਤੇ ਪੁਰਸ਼ ਖਿਡਾਰੀਆਂ ਦਾ ਵੀ ਇਕ ਵਰਗ ਹੈ ਜਿਨਾਂ ਵਿਚ ਕਿਦਾਂਬੀ ਸ੍ਰੀਕਾਂਤ ਜੋ 2018 ਵਿਚ ਵਿਸ਼ਵ ਨੰਬਰ ਇਕ 'ਤੇ ਰਿਹਾ, ਉਸ ਤੋਂ ਬਿਨਾਂ ਨਵੀਂ ਪ੍ਰਤਿਭਾ ਲਕਸ਼ੇ ਸੇਨ, ਰੈਕੀ ਤੇ ਸ਼ੈਟੀ ਦੀ ਜੋੜੀ ਅਤੇ ਹੋਰ ਕਈ ਖਿਡਾਰੀ ਪੁਰਸ਼ ਖੇਤਰ ਵਿਚ ਮਿਹਨਤ ਕਰ ਰਹੇ ਹਨ, ਉਸ ਨਾਲ ਸਾਡਾ ਇਹ ਬੈਡਮਿੰਟਨ ਦਾ ਸਫ਼ਰ ਹੋਰ ਸੁਨਹਿਰਾ ਹੋ ਜਾਵੇਗਾ।

---

# ਕਿੰਨੇ ਨੀਰਜ ਚੋਪੜੇ ਨਿਕਲਣਗੇ ਦੇਸ਼ ਵਿਚੋਂ ?

**ਮਨਦੀਪ ਸਿੰਘ ਸੁਨਾਮ**

ਭਾਵੇਂ ਭਾਰਤ ਦੁਨੀਆ ਦੀ ਦੂਸਰੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ ਪਰ ਜੇਕਰ ਦੁਨੀਆ ਦੇ ਖੇਡ ਖੇਤਰ ਦੀ ਗੱਲ ਕੀਤੀ ਜਾਵੇ ਤਾਂ ਭਾਰਤ ਅਜੇ ਵੀ ਦੁਨੀਆ ਦੇ ਫਾਡੀ ਦੇਸ਼ਾਂ ਦੀ ਕਤਾਰ ਵਿਚ ਹੀ ਖੜਾ ਹਾਂ। ਚੀਨ ਭਾਵੇਂ ਦੁਨੀਆ ਦੀ ਸਰਬੋਤਮ ਅਬਾਦੀ ਲਈ ਬੈਠਾ ਹੈ ਪਰ ਉਹ ਇਸ ਅਬਾਦੀ ਦੀ ਖੇਡਾਂ ਦੇ ਖੇਤਰ ਵਿਚ ਭਰਪੂਰ ਲਾਮਬੰਦੀ ਕਰਨ ਵਿਚ ਸਫਲ ਹੋਇਆ ਹੈ ਤੇ ਉਸ ਦੇ ਨੌਜਵਾਨ ਮੁੰਡੇ-ਕੁੜੀਆਂ ਨੇ ਦੁਨੀਆ ਦੇ ਖੇਡ ਨਕਸ਼ੇ 'ਤੇ ਆਪਣੇ-ਆਪ ਨੂੰ ਸਾਬਤ ਕੀਤਾ ਹੈ, ਉਹ ਉਲੰਪਿਕ ਖੇਡਾਂ ਦੀਆਂ ਪਹਿਲੀਆਂ ਤਿੰਨ ਪੁਜੀਸ਼ਨਾਂ ਵਿਚ ਹੀ ਚਲਦੇ ਆ ਰਹੇ ਹਨ। ਬੀਤੀਆਂ ਟੋਕੀਓ ਉਲੰਪਿਕ ਖੇਡਾਂ (2020) ਜੋ ਕਿ 2021 ਵਿਚ ਨੇਪਰੇ ਚੜੀਆਂ ਹਨ, ਵਿਚ ਭਾਰਤ ਨੇ ਭਾਵੇਂ ਅਜੇ ਤੱਕ ਦੇ ਸਰਵੋਤਮ 7 ਤਮਗੇ ਜਿੱਤੇ ਹਨ ਪਰ ਕੀ ਏਨੀ ਵੱਡੀ ਅਬਾਦੀ ਵਾਲੇ ਮੁਲਕ ਲਈ ਇਹ ਤਮਗੇ ਕਾਫੀ ਹਨ? ਇਨਾਂ ਖੇਡਾਂ ਵਿਚ ਇਕ ਇਤਿਹਾਸਕ ਘਟਨਾਕ੍ਰਮ ਜੋ ਘਟਿਆ ਉਹ ਸੀ ਨੀਰਜ ਚੋਪੜਾ ਦਾ ਇਤਿਹਾਸਕ ਸੋਨ ਤਮਗਾ ਜੋ ਕਿ ਕਿਸੇ ਵੀ ਭਾਰਤੀ ਖਿਡਾਰੀ ਵਲੋਂ ਅਥਲੈਟਿਕਸ ਦੇ ਕਿਸੇ ਵੀ ਈਵੈਂਟ ਵਿਚ ਜਿੱਤਿਆ ਗਿਆ ਪਹਿਲਾ ਤਮਗਾ ਹੈ। ਆਓ, ਇਸ ਤਮਗੇ ਤੋਂ ਬਾਅਦ ਭਾਰਤੀ ਖੇਡ ਖੇਤਰ ਵਿਚ ਕੀ ਪ੍ਰਭਾਵ ਪਏ ਹਨ ਜਾਂ ਪੈ ਸਕਦੇ ਹਨ ਬਾਰੇ ਵਿਚਾਰ ਚਰਚਾਵਾਂ ਕਰੀਏ।

ਏਨੀ ਵੱਡੀ ਜਨਸੰਖਿਆ ਵਿਚੋਂ ਪਹਿਲੀ ਵਾਰ ਇਕ 23 ਸਾਲ ਦੇ ਹਰਿਆਣਵੀ ਛੋਰੇ ਵਲੋਂ ਭਾਰਤੀ ਅਥਲੈਟਿਕਸ ਨੂੰ ਦੁਨੀਆ ਦੇ ਖੇਡ ਨਕਸ਼ੇ ਵਿਚ ਉਭਾਰ ਜ਼ਰੂਰ ਦਿੱਤਾ ਹੈ ਜਿਸ ਕਰਕੇ ਹੁਣ ਇਹ ਖਿਡਾਰੀ ਗਲੈਮਰਸ ਖੇਡ ਕ੍ਰਿਕਟ ਦੇ ਖਿਡਾਰੀਆਂ ਨੂੰ ਪ੍ਰਸਿੱਧੀ ਅਤੇ ਕਮਾਈ ਦੇ ਖੇਤਰ ਵਿਚ ਟੱਕਰ ਦੇ ਰਿਹਾ ਹੈ ਪਰ ਕੀ ਇਸ ਪ੍ਰਾਪਤੀ ਨਾਲ ਭਾਰਤ ਵਿਚ ਖੇਡ ਕ੍ਰਾਂਤੀ ਆ ਸਕਦੀ ਹੈ? ਇਹ ਵੱਡਾ ਸਵਾਲ ਖੜਾ ਹੁੰਦਾ ਹੈ। 23 ਸਾਲ ਦੇ ਇਸ ਛੈਲ ਛਬੀਲੇ ਗੱਭਰੂ ਦੇ ਭਾਲੇ ਨੇ ਜਿਸ ਤਰਾਂ ਉਲੰਪਿਕ ਖੇਡਾਂ ਦੇ ਸੋਨ ਤਮਗੇ




'ਤੇ ਨਿਸ਼ਾਨਾ ਲਾਇਆ, ਉਸ ਤੋਂ ਇਕ ਵਾਰ ਤਾਂ ਸਾਰਾ ਦੇਸ਼ ਹੀ ਝੂਮ ਉੱਠਿਆ ਸੀ ਤੇ ਹਰ ਪਾਸੇ ਬੱਚਾ-ਬੱਚਾ ਜੈਵਲਿਨ ਚੁੱਕੀ ਫਿਰਦਾ ਸੀ ਪਰ ਕੀ ਜ਼ਮੀਨੀ ਪੱਧਰ 'ਤੇ ਦੇਸ਼ ਵਿਚੋਂ ਯੋਗ ਬੱਚਿਆਂ ਨੂੰ ਚੁਣ ਕੇ ਦੇਸ਼ ਲਈ ਹੋਰ ਨੀਰਜ ਚੋਪੜੇ ਤਿਆਰ ਕੀਤੇ ਜਾ ਸਕਦੇ ਹਨ? ਕੀ ਜੈਵਲਿਨ ਤੋਂ ਬਿਨਾਂ ਅਥਲੈਟਿਕਸ ਦੇ ਹੋਰ ਈਵੈਂਟਾਂ ਵਿਚ ਦੁਨੀਆ ਦੀ ਦੂਸਰੀ ਵੱਡੀ ਆਬਾਦੀ ਦੇ ਮੁਲਕ ਵਿਚੋਂ ਹੋਰ ਖੇਡ ਸਿਤਾਰੇ ਤਿਆਰ ਕੀਤੇ ਜਾ ਸਕਦੇ ਹਨ ਜਾਂ ਨਹੀਂ? ਸਵਾਲ ਬਹੁਤ ਹਨ ਪਰ ਜਵਾਬ ਜ਼ਮੀਨੀ ਪੱਧਰ 'ਤੇ ਹੀ ਜਾਂ ਕੀ ਮਿਲਦੇ ਹਨ ਕਿਉਂਕਿ ਆਪਣੀ ਅਥਾਹ ਹੱਡ ਭੰਨਵੀਂ ਮਿਹਨਤ ਨਾਲ ਖੇਡਾਂ ਦੀ ਦੁਨੀਆ ਦੇ ਸਿਖਰ 'ਤੇ ਪਹੁੰਚਣ ਵਾਲਾ ਨੀਰਜ ਚੋਪੜਾ ਜਾਂ ਉਸ ਦੇ ਗੁਰੂ ਹੀ ਜਾਣ ਸਕਦੇ ਹਨ। ਉਸ ਨੇ ਇਸ ਪ੍ਰਾਪਤੀ ਲਈ ਕਿੰਨੀ ਕੁ ਘਾਲਣਾ ਘਾਲੀ ਹੈ? ਪਰ ਕੀ ਸਾਡੇ ਦੇਸ਼ ਦੇ ਛੋਟੇ-ਛੋਟੇ ਬੱਚੇ ਜੋ ਕਿ ਨਿੱਕੇ ਹੁੰਦੇ ਹੀ ਸਮਾਰਟ ਫੋਨਾਂ ਦੀ ਦੁਨੀਆ ਵਿਚ ਗੁੰਮ ਹੋ ਕੇ ਜਾਂ ਮੋਟਰਸਾਈਕਲਾਂ 'ਤੇ ਚੜ ਕੇ ਗੇੜੀਆਂ ਲਾਉਣ ਨੂੰ ਹੀ ਜ਼ਿੰਦਗੀ ਮੰਨੀ ਬੈਠੇ ਹਨ। ਉਹ ਖ਼ੂਨ-ਪਸੀਨਾ ਇਕ ਕਰਨ ਲਈ ਤਿਆਰ ਹਨ, ਸਵਾਲ ਦੇਸ਼ ਦੀ ਖੇਡ ਨੀਤੀ 'ਤੇ ਵੀ ਹੈ ਕਿ ਕਿਵੇਂ ਜ਼ਮੀਨੀ ਪੱਧਰ 'ਤੇ ਇਕ ਇਹੋ ਜਿਹੀ ਨੀਤੀ ਤਿਆਰ ਕੀਤੀ ਜਾਵੇ ਕਿ ਸਕੂਲੀ ਪੱਧਰ 'ਤੇ ਹੀ ਹੀਰਿਆਂ ਨੂੰ ਪਰਖ ਕੇ ਉਨਾਂ ਨੂੰ ਮਿਹਨਤ ਦੀ ਭੱਠੀ ਵਿਚ ਤਪਾਉਣ ਲਈ ਇਹੋ ਜਿਹਾ ਸਰੀਰਕ ਤੇ ਮਨੋਵਿਗਿਆਨਕ ਤੌਰ 'ਤੇ ਤਿਆਰ ਕੀਤਾ ਜਾਵੇ ਕਿ ਉਹ ਆਪਣੇ-ਆਪ ਨੂੰ ਖੇਡਾਂ ਦੇ ਉਸ ਮੁਕਾਮ 'ਤੇ ਖੜਾ ਦੇਖਣ ਦਾ ਸੁਪਨਾ ਸਜਾ ਲੈਣ ਕਿ ਉਨਾਂ ਨੂੰ ਉੱਠਦੇ-ਬੈਠਦੇ ਸਿਰਫ਼ ਦੁਨੀਆ ਦਾ ਸਿਖਰਲਾ ਮੁਕਾਮ ਹੀ ਯਾਦ ਰਹੇ। ਆਮ ਤੌਰ 'ਤੇ ਸਾਡੇ ਦੇਸ਼ ਦੇ ਖਿਡਾਰੀਆਂ ਨੂੰ ਉਦੋਂ ਤੱਕ ਖੇਡਾਂ ਵਿਚ ਮੱਲਾਂ ਮਾਰਨ ਦਾ ਚਾਅ ਰਹਿੰਦਾ ਹੈ। ਜਦੋਂ ਤੱਕ ਉਨਾਂ ਨੂੰ ਕੋਈ ਰੁਜ਼ਗਾਰ ਨਹੀਂ ਮਿਲ ਜਾਂਦਾ ਕਿਉਂਕਿ ਬਹੁਤਿਆਂ ਦਾ ਨਿਸ਼ਾਨਾ ਖੇਡਾਂ ਦੇ ਸਿਰ 'ਤੇ ਨੌਕਰੀ ਪਾਉਣਾ ਹੀ ਹੁੰਦਾ ਹੈ, ਲੋੜ ਹੈ ਇਸ ਸੋਚ ਨੂੰ ਵੀ ਵਿਕਸਿਤ ਕਰਨ ਦੀ। ਅੱਜ ਜਿਸ ਮੁਕਾਮ 'ਤੇ ਸਾਡਾ ਖੇਡ ਸਿਤਾਰਾ ਨੀਰਜ ਚੋਪੜਾ ਹੈ ਤੇ ਸ਼ੋਹਰਤ ਦੀ ਜਿਸ ਸਿਖਰ 'ਤੇ ਉਹ ਬੈਠਾ ਹੈ, ਉਸ ਤੋਂ ਵੱਧ ਦੁਨੀਆ ਵਿਚ ਕੁਝ ਵੀ ਨਹੀਂ ਪਰ ਅਜੇ ਵੀ ਦੇਸ਼ ਨੂੰ ਉਸ ਤੋਂ ਬਹੁਤ ਉਮੀਦਾਂ ਹਨ ਤੇ ਪ੍ਰਮਾਤਮਾ ਕਰੇ ਉਹ ਸਾਡੇ ਦੇਸ਼ ਲਈ ਅਗਲੀ ਉਲੰਪਿਕ ਵਿਚ ਵੀ ਸੋਨਾ ਜਿੱਤੇ।

ਸੋ, ਜਾਂਦੇ-ਜਾਂਦੇ ਇਕ ਸਵਾਲ ਹੋਰ ਖੜਾ ਹੋ ਜਾਂਦਾ ਹਾਂ ਕਿ ਕਿਹੜੀ ਸੰਜੀਵਨੀ ਬੂਟੀ ਲਿਆਈਏ ਕਿ ਸਾਡੇ ਦੇਸ਼ ਦੇ ਨੌਜਵਾਨ ਨੀਰਜ ਚੋਪੜੇ ਦੇ ਪਦ ਚਿੰਨਾਂ 'ਤੇ ਚਲਦੇ ਹੋਏ ਮਿਹਨਤ ਦੀ ਭੱਠੀ ਵਿਚ ਤਪ ਕੇ ਦੇਸ਼ ਦੇ ਝੰਡੇ ਨੂੰ ਬੁਲੰਦ ਕਰ ਸਕਣ?

## ਸੰਸਦ ਵਲੋਂ ਰੱਦ...

ਸਰਕਾਰ ਨੇ ਇਹ ਪੇਸ਼ਕਸ਼ ਅਜਿਹੇ ਮੌਕੇ ਕੀਤੀ ਹੈ ਜਦੋਂ ਸੰਸਦ ਦੇ ਦੋਵਾਂ ਸਦਨਾਂ ਨੇ ਅਜੇ ਇਕ ਦਿਨ ਪਹਿਲਾਂ ਖੇਤੀ ਕਾਨੂੰਨ ਵਾਪਸੀ ਬਿੱਲ ਨੂੰ ਪਾਸ ਕੀਤਾ ਹੈ। ਇਸੇ ਦੌਰਾਨ ਇਹ ਵੀ ਚਰਚੇ ਹਨ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਰਾਜਾਂ ਨੂੰ ਕਿਸਾਨਾਂ ਖ਼ਿਲਾਫ਼ ਦਰਜ ਕੇਸ ਰੱਦ ਕਰਨ ਦੀ ਹਦਾਇਤ ਕੀਤੀ ਹੈ, ਪਰ ਇਸ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ।

ਕਿਸਾਨ ਆਗੂ ਦਰਸ਼ਨ ਪਾਲ ਨੇ ਦੱਸਿਆ, 'ਕੇਂਦਰ ਸਰਕਾਰ ਨੇ ਸੰਯੁਕਤ ਕਿਸਾਨ ਮੋਰਚੇ ਤੋਂ ਕਮੇਟੀ ਲਈ ਪੰਜ ਨਾਮ ਮੰਗੇ ਹਨ, ਜੋ ਫ਼ਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) 'ਤੇ ਖਰੀਦ ਦੀ ਗਾਰੰਟੀ ਸਮੇਤ ਕਿਸਾਨਾਂ ਦੀਆਂ ਹੋਰਨਾਂ ਮੰਗਾਂ 'ਤੇ ਵਿਚਾਰ ਚਰਚਾ ਕਰੇਗੀ। ਅਸੀਂ ਅਜੇ ਤੱਕ ਨਾਵਾਂ ਬਾਰੇ ਫੈਸਲਾ ਨਹੀਂ ਕੀਤਾ। ਅਸੀਂ ਇਸ ਬਾਰੇ ਮੀਟਿੰਗ ਕਰਕੇ ਫੈਸਲਾ ਲਵਾਂਗੇ।' ਮੋਰਚੇ ਨੇ ਕਿਹਾ ਕਿ ਪ੍ਰਦਰਸ਼ਨਕਾਰੀ ਕਿਸਾਨਾਂ ਦੀਆਂ ਲੰਬਿਤ ਮੰਗਾਂ ਦੇ ਪ੍ਰਤੀਕਰਮ ਵਜੋਂ ਇੱਥੇ ਅਤੇ ਉੱਥੇ ਅਸਪੱਸ਼ਟ ਬਿਆਨ ਭਾਜਪਾ ਸਰਕਾਰਾਂ ਵੱਲੋਂ ਸਵੀਕਾਰਯੋਗ ਹੁੰਗਾਰਾ ਜਾਂ ਭਰੋਸਾ ਨਹੀਂ ਹੈ ਅਤੇ ਮੋਰਚਾ ਲਟਕਦੀਆਂ ਮੰਗਾਂ ਦੇ ਠੋਸ ਹੱਲ ਦੀ ਮੰਗ ਕਰਦਾ ਹੈ। ਮੋਰਚੇ ਮੁਤਾਬਕ ਹਰਿਆਣਾ ਦੇ ਮੁੱਖ ਮੰਤਰੀ ਪਹਿਲਾਂ ਹੀ ਸੰਕੇਤ ਦੇ ਚੁੱਕੇ ਹਨ ਕਿ ਉਹ ਹਰਿਆਣਾ ਰਾਜ ਦੇ ਲਗਭਗ 48000 ਕਿਸਾਨਾਂ ਖਿਲਾਫ਼ ਦਰਜ ਕੇਸ ਵਾਪਸ ਲੈਣ ਦੀ ਗੱਲ ਆਉਣ 'ਤੇ ਕੇਂਦਰ ਸਰਕਾਰ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਨਗੇ। ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਕਿਸਾਨਾਂ ਦੀਆਂ ਬਾਕੀ ਮੰਗਾਂ ਨੂੰ ਪੂਰਾ ਕਰਨ ਦੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ।

## ਮਨਜਿੰਦਰ ਸਿੰਘ ਸਿਰਸਾ...

ਹਾਲਾਂਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਪਾਰਟੀ ਦੇ ਹੋਰਨਾਂ ਆਗੂਆਂ ਵੱਲੋਂ ਦੋਸ਼ ਲਾਏ ਜਾ ਰਹੇ ਹਨ ਕਿ ਭਾਜਪਾ ਨੇ ਸਿਰਸਾ ਦੀ ਬਾਂਹ ਮਰੋੜ ਕੇ ਦਲ ਬਦਲੀ ਕਰਵਾਈ ਹੈ, ਪਰ ਅਕਾਲੀ ਦਲ ਵਿਚ ਇਸ ਦਲ ਬਦਲੀ ਨਾਲ ਘਬਰਾਹਟ ਦਾ ਮਾਹੌਲ ਬਣ ਗਿਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਲਗਾਤਾਰ ਸੁਖਬੀਰ ਸਿੰਘ ਬਾਦਲ ਖਿਲਾਫ਼ ਕੋਟਕਪੂਰਾ ਗੋਲੀ ਕਾਂਡ ਤੇ ਬਿਕਰਮ ਸਿੰਘ ਮਜੀਠੀਆ ਖਿਲਾਫ਼ ਐੱਸਟੀਐੱਫ ਦੀ ਰਿਪੋਰਟ ਦੇ ਆਧਾਰ 'ਤੇ ਕਾਰਵਾਈ ਕਰਨ ਲਈ ਆਪਣੀ ਹੀ ਸਰਕਾਰ 'ਤੇ ਦਬਾਅ ਬਣਾਇਆ ਜਾ ਰਿਹਾ ਹੈ। ਅਜਿਹੇ ਵਿਚ ਬਾਦਲ ਪਰਿਵਾਰ ਤੇ ਅਕਾਲੀਆਂ ਲਈ ਆਉਂਦੇ ਦਿਨਾਂ ਦੌਰਾਨ ਚੁਣੌਤੀਆਂ ਵਧ ਸਕਦੀਆਂ ਹਨ।

**ਭਾਜਪਾ ਪੰਜਾਬ ਵਿਚ ਪਬਾਂ ਭਾਰ**

ਚੋਣਾਂ ਦਾ ਐਲਾਨ ਇੱਕ ਮਹੀਨੇ ਤੱਕ ਹੋਣ ਦੇ ਚਰਚੇ ਹਨ। ਇਨਾਂ ਚੋਣਾਂ ਲਈ ਅਕਾਲੀ ਦਲ ਜਿੱਥੇ ਵੱਕਾਰ ਦੀ ਲੜਾਈ ਲੜਦਾ ਦਿਖਾਈ ਦੇ ਰਿਹਾ ਹੈ, ਉਥੇ ਭਾਜਪਾ ਤੇ 'ਆਪ' ਵੀ ਸਿਰ ਧੜ ਦੀ ਬਾਜ਼ੀ ਲਾਉਣ ਲਈ ਤਿਆਰ ਹਨ। ਕਾਂਗਰਸ ਵੱਲੋਂ ਮੁੜ ਤੋਂ ਸੱਤਾ ਹਥਿਆਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਪੱਕੇ ਪੈਰੀਂ ਹੋਣ ਲਈ ਅਕਾਲੀ ਦਲ, ਕਾਂਗਰਸ ਅਤੇ 'ਆਪ' ਦੇ ਆਗੂਆਂ 'ਤੇ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ ਹਨ। ਕਾਂਗਰਸ ਦੇ ਕੁਝ ਵਿਧਇਕਾਂ ਤੇ ਸਾਬਕਾ ਮੰਤਰੀਆਂ ਵੱਲੋਂ ਵੀ ਦਲ ਬਦਲੀ ਕੀਤੇ ਜਾਣ ਦੇ ਚਰਚੇ ਹਨ। ਖੁਫ਼ੀਆ ਵਿੰਗ ਦੇ ਸੂਤਰਾਂ ਦਾ ਕਹਿਣਾ ਹੈ ਕਿ ਭਾਜਪਾ ਦੇ ਸਿਆਸੀ ਏਜੰਡੇ ਨੂੰ ਪੂਰਾ ਕਰਨ ਲਈ ਸੂਬੇ ਵਿੱਚ ਆਉਂਦੇ ਦਿਨਾਂ ਦੌਰਾਨ ਕੁਝ ਕੇਂਦਰੀ ਏਜੰਸੀਆਂ ਦੇ ਸਰਗਰਮ ਹੋਣ ਦੇ ਵੀ ਆਸਾਰ ਹਨ। ਇੱਕ ਸੀਨੀਅਰ ਅਕਾਲੀ ਆਗੂ ਨੇ ਦੱਸਿਆ ਕਿ ਪਾਰਟੀ ਆਗੂਆਂ ਨੂੰ ਕੇਂਦਰੀ ਏਜੰਸੀਆਂ ਦੇ ਛਾਪਿਆਂ ਪ੍ਰਤੀ ਸੁਚੇਤ ਰਹਿਣ ਸਬੰਧੀ ਪਹਿਲਾਂ ਹੀ ਚੌਕਸ ਕਰ ਦਿੱਤਾ ਗਿਆ ਹੈ। ਅਕਾਲੀ ਆਗੂਆਂ ਦਾ ਮੰਨਣਾ ਹੈ ਕਿ ਦੋਹਾਂ ਪਾਰਟੀਆਂ ਦਰਮਿਆਨ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਟਕਰਾਅ ਵਧਣ ਦੇ ਆਸਾਰ ਹਨ। ਹਾਲਾਂਕਿ ਪਹਿਲਾਂ ਇਹ ਮੰਨਿਆ ਜਾ ਰਿਹਾ ਸੀ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਅਕਾਲੀ ਦਲ ਅਤੇ ਭਾਜਪਾ ਦੀ ਸਾਂਝ ਮੁੜ ਪੈ ਸਕਦੀ ਹੈ ਪਰ ਹੁਣ ਗੱਠਜੋੜ ਦੇ ਕੋਈ ਆਸਾਰ ਨਹੀਂ ਹਨ। ਭਾਜਪਾ ਆਗੂਆਂ ਨੇ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠਲੇ ਅਕਾਲੀ ਦਲ ਨਾਲ ਭਾਜਪਾ ਦੀ ਸਾਂਝ ਪੈ ਸਕਦੀ ਹੈ।

**ਭਾਜਪਾ ਵੀ ਇੰਦਰਾ ਵਾਲੇ ਹੱਥਕੰਡੇ ਵਰਤਣ ਲੱਗੀ: ਅਕਾਲੀ ਦਲ**

ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਦੇ ਭਾਜਪਾ ਵਿਚ ਸ਼ਾਮਲ ਹੋਣ ਨੂੰ ਖਾਲਸਾ ਪੰਥ ਦੀਆਂ ਦੁਸ਼ਮਣ ਤਾਕਤਾਂ ਵੱਲੋਂ ਸਾਜ਼ਿਸ਼ਾਂ ਰਚ ਕੇ ਉਹ ਕੁਝ ਹਾਸਲ ਕਰਨ ਦਾ ਯਤਨ ਕਰਾਰ ਦਿੱਤਾ ਜੋ ਕਿ ਉਹ ਸਿੱਖ ਕੌਮ ਕੋਲੋਂ ਆਪਣੀ ਮਰਜ਼ੀ ਨਾਲ ਹਾਸਲ ਨਹੀਂ ਕਰ ਸਕੀਆਂ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ, ਜਥੇਦਾਰ ਹਰਮੀਤ ਸਿੰਘ ਕਾਲਕਾ ਅਤੇ ਦਿੱਲੀ ਕਮੇਟੀ ਦੇ ੧੧ ਹੋਰ ਮੈਂਬਰਾਂ ਖ਼ਿਲਾਫ਼ ਕੇਸ ਦਰਜ ਕੀਤੇ ਗਏ ਸਨ। ਕਾਲਕਾ ਸਾਹਿਬ ਤੇ ਹੋਰ ਮੈਂਬਰ ਸਿੱਖ ਰਵਾਇਤਾਂ 'ਤੇ ਡਟੇ ਰਹੇ ਅਤੇ ਜਬਰ ਦਾ ਟਾਕਰਾ ਕੀਤਾ ਪਰ ਸਿਰਸਾ ਦਬਾਅ ਹੇਠ ਆ ਗਏ ਅਤੇ ਸਿੱਖ ਪੰਥ ਤੇ ਇਸ ਦੀ ਭਾਵਨਾ ਨਾਲ ਗੱਦਾਰੀ ਕੀਤੀ।

**'ਸਿਰਸਾ ਨੂੰ ਬੰਦੂਕ ਨਾਲ ਡਰਾ ਕੇ ਭਾਜਪਾ ਵਿਚ ਸ਼ਾਮਲ ਕੀਤਾ: ਸੁਖਬੀਰ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਭਾਜਪਾ ਵਿਚ ਸ਼ਾਮਲ ਹੋਣ ਬਾਰੇ ਕਿਹਾ ਕਿ ਸਿਰਸਾ ਨੂੰ ਬੰਦੂਕ ਨਾਲ ਡਰ ਕੇ ਭਾਜਪਾ ਵਿਚ ਸ਼ਾਮਲ ਕਰਵਾਇਆ ਗਿਆ ਹੈ।

ਬਾਦਲ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਮਨਜਿੰਦਰ ਸਿਰਸਾ ਵੱਲੋਂ ਭੇਜਿਆ ਗਿਆ ਵਟਸਐਪ ਸੰਦੇਸ਼ ਵੀ ਦਿਖਾਇਆ, ਜਿਸ ਵਿੱਚ ਉਨਾਂ ਖ਼ਿਲਾਫ਼ ਦਰਜ ਕੀਤੀ ਗਈ ਐੱਫਆਈਆਰ ਦੀ ਕਾਪੀ ਸੀ। ਉਨਾਂ ਇਹ ਵੀ ਕਿਹਾ ਕਿ ਸਿਰਸਾ ਨੇ ਉਨਾਂ ਨੂੰ ਫੋਨ 'ਤੇ ਦੱਸਿਆ ਸੀ ਕਿ ਭਾਜਪਾ ਵੱਲੋਂ ਉਨਾਂ ਨੂੰ ਧਮਕਾਇਆ ਗਿਆ ਸੀ ਕਿ ਜਾਂ ਉਹ ਅਕਾਲੀ ਦਲ ਨੂੰ ਛੱਡ ਦੇਣ ਤੇ ਜਾਂ ਫਿਰ ਜੇਲ ਜਾਣ ਲਈ ਤਿਆਰ ਰਹਿਣ। ਭਾਜਪਾ ਵੱਲੋਂ ਉਨਾਂ ਦੇ ਪਰਿਵਾਰ ਤੇ ਕਾਰੋਬਾਰ ਨੂੰ ਤਬਾਹ ਕਰਨ ਦੀ ਧਮਕੀ ਵੀ ਦਿੱਤੀ ਗਈ ਸੀ। ਉਨਾਂ ਸਪਸ਼ਟ ਕੀਤਾ ਕਿ ਕਿਸਾਨਾਂ ਦੇ ਮੁੱਦਿਆਂ 'ਤੇ ਭਾਜਪਾ ਨਾਲੋਂ ਨਾਤਾ ਤੋੜਨ ਮਗਰੋਂ ਕੇਂਦਰ ਵੱਲੋਂ ਅਕਾਲੀ ਦਲ ਨਾਲ ਕਿੜ ਕੱਢੀ ਜਾ ਰਹੀ ਹੈ। ਉਨਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ੧੧ ਜਣਿਆਂ 'ਤੇ ਪਰਚੇ ਦਰਜ ਕਰਵਾਏ ਗਏ ਹਨ। ਸੁਖਬੀਰ ਨੇ ਕਿਹਾ ਕਿ ਉਨਾਂ ਨੂੰ ਇਸ ਗੱਲ ਦਾ ਦੁੱਖ ਹੈ ਕਿ ਮਨਜਿੰਦਰ ਸਿੰਘ ਸਿਰਸਾ ਕੇਂਦਰ ਸਰਕਾਰ ਦਾ ਦਬਾਅ ਨਹੀਂ ਝੱਲ ਸਕੇ।

**ਗੁਰਦੁਆਰਾ ਪ੍ਰਬੰਧਾਂ ਵਿਚ ਦਖ਼ਲ ਦੇਣ ਤੋਂ ਗੁਰੇਜ਼ ਕਰੇ ਸਰਕਾਰ: ਕਾਲਕਾ**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਅਤੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਗੁਰਦੁਆਰਾ ਪ੍ਰਬੰਧਾਂ ਵਿੱਚ ਦਖ਼ਲ ਦੇਣ ਤੋਂ ਗੁਰੇਜ਼ ਕਰੇ। ਕਮੇਟੀ ਨੇ ਐਲਾਨ ਕੀਤਾ ਕਿ ਸਰਕਾਰਾਂ ਵੱਲੋਂ ਗੁਰਦੁਆਰਾ ਪ੍ਰਬੰਧਾਂ ਵਿੱਚ ਦਖ਼ਲ ਦੇਣ 'ਤੇ ਪੰਥਕ ਸੰਸਥਾਵਾਂ ਵੱਲੋਂ ਇਸ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ੩੦ ਮੈਂਬਰਾਂ ਨਾਲ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਤੇ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਮਨਜਿੰਦਰ ਸਿੰਘ ਸਿਰਸਾ ਦੇ ਕਮੇਟੀ ਦੀ ਪ੍ਰਧਾਨਗੀ ਤੋਂ ਦਿੱਤੇ ਅਸਤੀਫ਼ੇ ਤੇ ਭਾਜਪਾ ਵਿੱਚ ਸ਼ਾਮਲ ਹੋਣ ਦੇ ਫ਼ੈਸਲੇ ਨੂੰ ਨਿੱਜੀ ਦੱਸਿਆ। ਉਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦਾ ਪ੍ਰਬੰਧ ਚਲਾਉਣ ਲਈ ਉਹ ਬਣੇ ਹਾਲਾਤ ਬਾਰੇ ਕਾਨੂੰਨੀ ਸਲਾਹ ਲੈ ਰਹੇ ਹਨ ਤੇ ਮਾਹਿਰਾਂ ਦੀ ਰਾਇ ਅਨੁਸਾਰ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਉਨਾਂ ਕਿਹਾ ਕਿ ਉਹ ਅਦਾਲਤ ਤੱਕ ਪਹੁੰਚ ਕਰਨਗੇ ਅਤੇ ਡਾਇਰੈਕਟਰ ਗੁਰਦੁਆਰਾ ਚੋਣਾਂ ਨਾਲ ਵੀ ਰਾਬਤਾ ਕਰਨਗੇ ਤਾਂ ਕਿ ਨਵੇਂ ਚੁਣੇ ਗਏ ਮੈਂਬਰਾਂ ਦਾ ਜਨਰਲ ਹਾਊਸ ਜਲਦੀ ਸੱਦਿਆ ਜਾਵੇ ਤੇ ਨਵੀਂ ਕਾਰਜਕਾਰਨੀ ਦੀ ਚੋਣ ਕਰਵਾਈ ਜਾਵੇ। ਕਾਲਕਾ ਨੇ ਕਿਹਾ ਕਿ ਗੁਰਦੁਆਰਾ ਕਮੇਟੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ੩੦ ਮੈਂਬਰ ਹਨ, ਜਿਸ ਕਾਰਨ ਪਾਰਟੀ ਦੀ ੫੧ ਮੈਂਬਰੀ ਜਨਰਲ ਹਾਊਸ ਵਿੱਚ ਬਹੁਮਤ ਹੈ।

**ਸਿਰਸਾ ਦਾ ਭਾਜਪਾ ਵਿਚ ਸ਼ਾਮਿਲ ਹੋਣਾ ਮੰਦਭਾਗਾ-ਐਡਵੋਕੇਟ ਧਾਮੀ**

ਸਿਰਸਾ ਵਲੋਂ ਭਾਜਪਾ ਵਿਚ ਸ਼ਾਮਿਲ ਹੋਣ ਦੇ ਕਦਮ ਦੀ ਆਲੋਚਨਾ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਮੰਦਭਾਗਾ ਆਖਿਆ । ਐਡਵੋਕੇਟ ਧਾਮੀ ਨੇ ਕਿਹਾ ਕਿ ਦਿੱਲੀ ਦੀਆਂ ਸਿੱਖ ਸੰਗਤਾਂ ਨੇ ਸਿਰਸਾ ਨੂੰ ਵੱਡਾ ਮਾਣ ਬਖ਼ਸ਼ਿਆ ਅਤੇ ਪਾਰਟੀ ਨੇ ਉਨਾਂ ਨੂੰ ਦਿੱਲੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਬਣਾਇਆ । ਉਨਾਂ ਕਿਹਾ ਕਿ ਸਿਰਸਾ ਦੇ ਇਸ ਕਦਮ ਨਾਲ ਸਿੱਖ ਸੰਗਤਾਂ ਅੰਦਰ ਭਾਰੀ ਰੋਸ ਹੈ । ਉਨਾਂ ਕਿਹਾ ਕਿ ਭਾਜਪਾ ਵਲੋਂ ਲਿਆਂਦੇ ਤਿੰਨ ਕਾਲੇ ਕਾਨੂੰਨਾਂ ਕਾਰਨ ੭੦੦ ਤੋਂ ਵੱਧ ਕਿਸਾਨਾਂ ਦੀਆਂ ਜਾਨਾਂ ਵੀ ਗਈਆਂ, ਪਰ ਭਾਜਪਾ ਪਾਰਟੀ ਵਿਚ ਸ਼ਾਮਿਲ ਹੋ ਕੇ ਸਿਰਸਾ ਨੇ ਕਿਸਾਨਾਂ ਦੇ ਨਾਲ-ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਵੀ ਸੱਟ ਮਾਰੀ ਹੈ ।

**ਸਿਰਸਾ ਨੇ ਬੀਜੇਪੀ ਵਿੱਚ ਸ਼ਾਮਲ ਹੋਣ ਦਾ ਇਹ ਮਕਸਦ ਦੱਸਿਆ**

ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉਨਾਂ ਦਾ ਭਾਜਪਾ ਵਿੱਚ ਸ਼ਾਮਲ ਹੁਣ ਦਾ ਮਕਸਦ ਰਵਾਇਤੀ ਹਿੰਦੂ-ਸਿੱਖ ਏਕਤਾ ਨੂੰ ਮੁੜ ਬਹਾਲ ਕਰਾਉਣਾ ਅਤੇ ਸਿੱਖਾਂ ਦੇ ਮਸਲਿਆਂ ਨੂੰ ਹੱਲ ਕਰਵਾਉਣਾ ਹੈ।

ਆਪਣੇ ਟਵੀਟ ਵਿੱਚ ਉਨਾਂ ਨੇ ਲਿਖਿਆ, "ਮੈਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਰਿਹਾ ਹਾਂ। ਮੈਂ ਆਉਣ ਵਾਲੀਆਂ ਡੀਐਸਜੀਐਮਸੀ ਦੀਆਂ ਅੰਦਰੂਨੀ ਚੋਣਾਂ ਨਹੀਂ ਲੜਾਂਗਾ।"ਉਨਾਂ ਨੇ ਕਿਹਾ, "ਆਪਣੇ ਭਾਈਚਾਰੇ ਅਤੇ ਮਨੁੱਖਤਾ ਦੀ ਸੇਵਾ ਕਰਨ ਦੀ ਮੇਰੀ ਵਚਨਬਧਤਾ ਜਿਉਂਦੀ ਤਿਉਂ ਕਾਇਮ ਰਹੇਗੀ।"

ਸਿਰਸਾ ਨੇ ਇਸ ਮੌਕੇ ਕਿਹਾ, "ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੁੰਦਿਆਂ ਜਿੱਥੇ ਵੀ ਦੇਸ਼, ਮਨੁੱਖਤਾ ਭਾਈਚਾਰੇ ਨੂੰ ਲੋੜ ਪਈ ਸੇਵਾ ਕੀਤੀ।ਜਿੱਥੇ ਵੀ ਲੋੜ ਪਈ ਆਪਣੇ ਲੋਕਾਂ ਦੀ ਅਵਾਜ਼ ਚੁੱਕੀ।ਅੱਜ ਦੇਸ਼ ਦੇ ਹਰ ਹਿੱਸੇ ਵਿੱਚ ਸਿੱਖਾਂ ਦੇ ਮੁੱਦੇ ਹੱਲ ਹੋਣ ਵਾਲੇ ਪਏ ਹਨ। ਇਸ ਵਿੱਚ ਸਭ ਤੋਂ ਪਹਿਲੀ ਲੋੜ ਹੁੰਦੀ ਹੈ ਉਸ ਸਰਕਾਰ ਦੀ ਜੋ ਇਹ ਮਸਲੇ ਹੱਲ ਕਰੇ।" ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨੇ ਮੈਨੂੰ ਸਿੱਖ ਮਸਲਿਆਂ ਦੇ ਹੱਲ ਦਾ ਭਰੋਸਾ ਦਿੱਤਾ ਹੈ। ਸ਼ਿਲਾਂਗ ਦੇ ਡਾਂਗ ਮਾਰ ਗੁਰਦੁਆਰੇ ਦਾ ਮਸਲਾ, ਮੱਧ ਪ੍ਰਦੇਸ਼ ਦੇ ਸਿਕਲੀਗਰ ਸਿੱਖਾਂ ਦਾ ਮਸਲਿਆਂ ਸਮੇਤ ਸਿੱਖ ਮਸਲੇ ਹੱਲ ਕਰਵਾਉਣ ਲਈ ਕੰਮ ਕਰਾਂਗਾ। ਦੇਸ਼ ਦੀ ਅਜ਼ਾਦੀ ਵਿੱਚ ਸਿੱਖਾਂ ਦਾ ਵੱਡਾ ਯੋਗਦਾਨ।"

## ਫਿਰਕੂ ਹਿੰਸਾ ਨੂੰ ਚੁਣੌਤੀ...

ਪੁਲਿਸ ਦੇ ਨਾਲ ਨਾਲ ਨਿਆਂਪਾਲਿਕਾ ਵਿਚ ਵੀ ਸੁਧਾਰ ਲਈ ਅੰਦੋਲਨ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਕਿ ਉਨਾਂ ਦੀ ਦੁਰਵਰਤੋਂ ਨਾ ਹੋਵੇ। ਹਿੰਸਾ ਦੀ ਸਥਿਤੀ ਵਿਚ ਸਿਹਤ ਸਭ ਤੋਂ ਵੱਡਾ ਸ਼ਿਕਾਰ ਬਣਦੀ ਹੈ। ਲੋਕ ਜ਼ਖ਼ਮੀ ਹੁੰਦੇ ਹਨ ਅਤੇ ਕਈ ਆਪਣੀਆਂ ਜਾਨਾਂ ਗਵਾਉਂਦੇ ਹਨ। ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੇ ਸੰਪਰਦਾਇਕ ਜਨੂੰਨ ਤੇ ਪਾਗਲਪਣ ਦਾ ਸਮੂਹਿਕ ਯਤਨਾਂ ਨਾਲ ਮੁਕਾਬਲਾ ਕਰਨਾ ਹੋਵੇਗਾ। ਸਾਰਿਆਂ ਦੇ ਮਨੁੱਖੀ ਅਧਿਕਾਰਾਂ ਨੂੰ ਬਚਾਉਣ ਦਾ ਕੋਈ ਦੂਜਾ ਤਰੀਕਾ ਨਹੀਂ ਹੈ।

## ਤਿੰਨ ਖੇਤੀ ਕਾਨੂੰਨਾਂ...

ਅਜ਼ਾਦ ਮੰਡੀ ਨਾਲ ਸੰਬੰਧਿਤ ਆਰਥਿਕ ਮਾਹਰਾਂ ਨੇ ਖੇਤੀ ਕਾਨੂੰਨਾਂ ਦਾ ਇਸ ਵਿਸ਼ਵਾਸ ਨਾਲ ਸਮਰਥਨ ਕੀਤਾ ਕਿ ਉਹ ਆਮਦਨ ਅਤੇ ਉਤਪਾਦਨ ਵਿਚ ਵਾਧਾ ਕਰਨਗੇ।ਖੱਬੇ-ਪੱਖੀ ਆਰਥਿਕ ਮਾਹਿਰਾਂ ਨੇ ਇਸ ਵਿਸ਼ਵਾਸ ਨਾਲ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਕਿ ਇਸ ਨਾਲ ਛੋਟੇ ਕਿਸਾਨ ਅਤੇ ਮਜਦੂਰ ਵੱਡੇ ਵਪਾਰੀਆਂ ਦੀ ਮਿਹਰਬਾਨੀ ਉੱਪਰ ਹੀ ਨਿਰਭਰ ਹੋ ਜਾਣਗੇ।ਖੇਤੀ ਕਾਨੂੰਨਾਂ ਨੂੰ ਲੈ ਕੇ ਜਿਆਦਾ ਸਮੱਸਿਆ ਉਨਾਂ ਦੇ ਵਿਸ਼ੇ ਨਾਲ ਸੰਬੰਧਿਤ ਨਹੀਂ ਸੀ ਬਲਕਿ ਉਨਾਂ ਨੂੰ ਉਲੀਕਣ ਅਤੇ ਪਾਸ ਕਰਨ ਦੇ ਢੰਗ ਨਾਲ ਸੀ।ਜਿਸ ਤਰਾਂ ਬਿੱਲਾਂ ਨੂੰ ਕਾਹਲੀ ਨਾਲ ਪਾਸ ਕੀਤਾ ਗਿਆ ਅਤੇ ਬਹੁਤ ਸਖਤੀ ਨਾਲ ਕਿਸਾਨ ਅੰਦੋਲਨ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ, ਇਸ ਨੇ ਲੋਕਤੰਤਰੀ ਪ੍ਰੀਕਿਰਿਆ ਦਾ ਬਹੁਤ ਘਾਣ ਕੀਤਾ।ਤਿੰਨੋਂ ਖੇਤੀ ਕਾਨੂੰਨ ਰਾਜਾਂ ਨਾਲ ਬਿਨਾਂ ਕੋਈ ਸਲਾਹ-ਮਸ਼ਵਰਾ ਕੀਤਿਆਂ ਪਾਸ ਕੀਤੇ ਗਏ।ਜਿਸ ਰਹੱਸਮਈ ਤਰੀਕੇ ਨਾਲ ਉਨਾਂ ਨੂੰ ਉਲੀਕਿਆ ਗਿਆ ਅਤੇ ਜਿਸ ਕਾਹਲੀ ਨਾਲ ਬਿੱਲਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ, ਉਸ ਨੇ ਭਾਰਤੀ ਕਿਸਾਨਾਂ ਵਿਚ ਅਸੰਤੋਸ਼ ਅਤੇ ਗੁੱਸੇ ਨੂੰ ਜਨਮ ਦਿੱਤਾ।ਅਗਰ ਇਹਨਾਂ ਕਾਨੂੰਨਾਂ ਬਾਰੇ ਸਪੱਸ਼ਟ ਚਰਚਾ ਹੋਈ ਹੁੰਦੀ, ਸੰਸਦ ਵਿਚ ਇਸ ਬਾਰੇ ਬਹਿਸ ਕੀਤੀ ਜਾਂਦੀ ਤਾਂ ਸ਼ਾਇਦ ਇਸ ਦਾ ਨਤੀਜਾ ਕੁਝ ਹੋਰ ਨਿਕਲਣਾ ਸੀ।ਇਹਨਾਂ ਬਿੱਲਾਂ ਨੂੰ ਜਲਦਬਾਜੀ ਵਿਚ ਪਾਸ ਕਰਨਾ ਮੋਦੀ ਸਰਕਾਰ ਦਾ ਸੰਘੀ ਢਾਂਚੇ ਅਤੇ ਸੰਸਦ ਪ੍ਰਤੀ ਘ੍ਰਿਣਾ ਨੂੰ ਦਿਖਾਉਂਦਾ ਹੈ।

ਉਦਯੋਗਿਕ ਸੰਸਥਾ ਫਿੱਕੀ ਨੇ ਪਿਛਲੇ ਵਰੇ ਕਿਹਾ ਸੀ ਕਿ ਕਾਨੂੰਨ ਨੂੰ ਨਵੇਂ ਰੋਜ਼ਗਾਰਾਂ ਨੂੰ ਬੜਾਵਾ ਦੇਣ ਵਿਚ ਸਹਿਯੋਗ ਪਾਉਣਾ ਚਾਹੀਦਾ ਹੈ ਅਤੇ ਤਕਨੀਕੀ ਨਵੀਨਤਾ ਖੇਤੀ ਸੈਕਟਰ ਵਿਚ ਬਰਬਾਦੀ ਨੂੰ ਘੱਟ ਕਰੇਗੀ ਅਤੇ ਇਸ ਵਿਚ ਹੋਰ ਯੋਗਤਾ ਲੈ ਕੇ ਆਏਗੀ।ਮੌਕਿਆਂ ਨੂੰ ਸੰਭਾਲ ਕੇ ਭਾਰਤੀ ਅਤੇ ਵਿਸ਼ਵ ਪੱਧਰ ਦੀਆਂ ਸੰਸਥਾਵਾਂ ਨੇ ਖੇਤੀ ਸੈਕਟਰ ਵਿਚ ਨਵੇਂ ਰੋਜ਼ਗਾਰ ਨੂੰ ਫੰਡਿਗ ਦੇਣੀ ਸ਼ੁਰੂ ਕਰ ਦਿੱਤੀ ਹੈ ਜਿਸ ਦਾ ਉਦੇਸ਼ ਭੋਜਨ ਪੂਰਤੀ ਕੜੀ ਨੂੰ ਬਣਾਈ ਰੱਖਣਾ, ਮਾਹਿਰਾਂ ਦਾ ਕਹਿਣਾ ਹੈ ਕਿ ਜਿਸ ਵਿਚ ਬਰਬਾਦੀ ਵੱਡੀਆਂ ਆਰਥਿਕ ਸ਼ਕਤੀਆਂ ਤੋਂ ਵੀ ਚਾਰ ਜਾਂ ਪੰਜ ਗੁਣਾ ਜਿਆਦਾ ਹੈ।੨੦੨੪ ਵਿਚ ਹੋਣ ਵਾਲੀਆਂ ਆਮ ਚੋਣਾਂ ਲਈ ਮੋਦੀ ਸਰਕਾਰ ਇਹਨਾਂ ਚੁਣੌਤੀਆਂ ਨਾਲ ਨਜਿੱਠਣ ਲਈ ਤਿਆਰ ਹੋ ਸਕਦੀ ਹੈ, ਪਰ ਪੰਜਾਬ ਅਤੇ ਯੂਪੀ ਦੀਆਂ ਚੋਣਾਂ ਉਨਾਂ ਲਈ ਚਿੰਤਾ ਦਾ ਵਿਸ਼ਾ ਹਨ।

ਕਿਸਾਨ ਅੰਦੋਲਨ ਦੇ ਪਹਿਲੇ ਦੋ ਕੁ ਮਹੀਨਿਆਂ ਵਿਚ ਹੀ ਸਪੱਸ਼ਟ ਹੋ ਗਿਆ ਸੀ ਕਿ ਇਹ ਅੰਦੋਲਨ ਜਿਆਦਾ ਖੇਤੀ ਕਾਨੂੰਨਾਂ ਨਾਲ ਸੰਬੰਧਿਤ ਨਹੀਂ ਬਲਕਿ ਇਸ ਨੇ ਭਵਿੱਖ ਵਿਚ ਆਉਣ ਵਾਲੇ ਰਾਜਨੇਤਾਵਾਂ ਅਤੇ ਇਸ ਸੱਤਾ ਵਿਚ ਹਾਸ਼ੀਏ 'ਤੇ ਰਹਿ ਗਏ ਸਮੂਹਾਂ ਨੂੰ ਇਕ ਮੰਚ ਪ੍ਰਦਾਨ ਕੀਤਾ ਹੈ।ਕਿਸਾਨ ਨੇਤਾਵਾਂ ਲਈ ਖੇਤੀ ਕਾਨੂੰਨਾਂ ਨੂੰ ਵਾਪਿਸ ਲਏ ਜਾਣਾ ਜਿੱਤ ਦਾ ਪਲ ਹੈ ਕਿਉਂਕਿ ਇਸ ਨੇ ਉਨਾਂ ਦਾ ਰਾਜਨੀਤਿਕ ਦਬਦਬਾ ਵਧਾਇਆ ਹੈ।ਆਮ ਕਿਸਾਨ ਲਈ ਇਹ ਬਹੁਤ ਕੀਮਤ ਅਦਾ ਕਰਕੇ ਪ੍ਰਾਪਤ ਕੀਤੀ ਜਿੱਤ ਹੈ।ਉਨਾਂ ਲਈ ਖੇਤੀ ਕਾਨੂੰਨਾਂ ਵਿਚ ਗੁਆਉਣ ਲਈ ਕੁਝ ਨਹੀਂ ਸੀ, ਅਤੇ ਹੁਣ ਪ੍ਰਾਪਤ ਕਰਨ ਲਈ ਕੁਝ ਨਹੀਂ ਹੈ।ਅਸਲ ਵਿਚ ਸੱਚਾਈ ਇਹ ਹੈ ਕਿ ਕਿਸਾਨ ਨੇਤਾਵਾਂ ਨੇ ਖੇਤੀ ਖੇਤਰ ਵਿਚ ਮਹਿੰਗਾਈ ਅਤੇ ਵਧਦੇ ਕਰਜ਼ਿਆਂ ਕਰਕੇ ਪੈਦਾ ਹੋਈ ਬੇਚੈਨੀ ਉੱਪਰ ਹੀ ਇਸ ਅੰਦੋਲਨ ਨੂੰ ਖੜਾ ਕੀਤਾ।ਸੁਆਲ ਇਹ ਉੱਠਦਾ ਹੈ ਕਿ ਕੀ ਖੇਤੀ ਕਾਨੂੰਨਾਂ ਨੂੰ ਵਾਪਿਸ ਲੈਣ ਨਾਲ ਇਹਨਾਂ ਮਸਲਿਆਂ ਨੂੰ ਸੰਬੋਧਿਤ ਹੋਇਆ ਜਾਵੇਗਾ ਜਾਂ ਨਹੀ?ਖੇਤੀ ਖੇਤਰ ਵਿਚ ਫੌਰੀ ਪੱਧਰ ਤੇ ਸੁਧਾਰਾਂ ਦੀ ਲੋੜ ਹੈ ਜਿਸ ਲਈ ਪੂੰਜੀ ਦਾ ਵਹਾਅ ਚਾਹੀਦਾ ਹੈ। ਸਰਕਾਰ ਕੋਲ ਮੌਜੂਦਾ ਸਬਸਿਡੀਆਂ ਦੇਣ ਤੋਂ ਇਲਾਵਾ ਹੋਰ ਕੋਈ ਸੰਸਾਧਨ ਨਹੀਂ ਹੈ।ਖੇਤੀ ਸੈਕਟਰ ਵਿਚ ਸੁਧਾਰ ਨਾ ਹੋਣ ਲਈ ਗਰੀਬ ਰਾਜਾਂ ਜਿਵੇਂ ਬਿਹਾਰ, ਯੂਪੀ, ਪੱਛਮੀ ਬੰਗਾਲ, ਝਾਰਖੰਡ ਤੋਂ ਦਿੱਲੀ, ਮੁੰਬਈ, ਬੰਗਲੂਰੂ ਵਾਸਤੇ ਪੇਂਡੂ-ਸ਼ਹਿਰੀ ਹਿਜ਼ਰਤ ਨੂੰ ਮੰਨਿਆ ਜਾਂਦਾ ਹੈ।ਇਸੇ ਵਿਚ ਹੀ ਪੰਜਾਬ ਤੋਂ ਕਨੇਡਾ ਪ੍ਰਵਾਸ ਕਰਨਾ ਵੀ ਸ਼ਾਮਿਲ ਹੈ।ਖੇਤੀ ਕਾਨੂੰਨਾਂ ਨੂੰ ਵਾਪਿਸ ਲੈਣ ਨੇ ਕਾਰਪੋਰੇਟ ਜਗਤ ਨੂੰ ਨਾਕਾਰਤਮਕ ਸੰਦੇਸ਼ ਭੇਜਿਆ ਹੈ।ਵੱਡੀਆਂ ਕਾਰਪੋਰੇਟ ਸ਼ਕਤੀਆਂ ਹੀ ਖੇਤੀ ਸੈਕਟਰ ਵਿਚ ਨਿਵੇਸ਼ ਕਰ ਸਕਦੀਆਂ ਹਨ।ਕਈ ਦਹਾਕਿਆਂ ਤੋਂ ਰਾਜ ਦੁਆਰਾ ਦਿੱਤੀ ਜਾ ਰਹੀ ਸਹਾਇਤਾ ਦੇ ਬਾਵਜੂਦ ਵੀ ਖੇਤੀ ਵਿਚ ਨਵੀਨਤਾ ਦੀ ਘਾਟ ਹੈ।ਭਾਰਤੀ ਕਿਸਾਨਾਂ ਕੋਲ ਆਮ ਕਰਕੇ ਵਧੀਆਂ ਖੇਤੀ ਸਾਧਨਾਂ ਜਿਵੇਂ ਕੋਲਡ ਸਟੋਰੇਜ ਵਿਵਸਥਾ, ਨਿਰਯਾਤ ਦੀ ਸੰਭਾਵਨਾ ਅਤੇ ਪੂਰਤੀ ਵਿਵਸਥਾ ਦੀ ਕਮੀ ਹੈ।ਇਹ ਨਿੱਜੀ ਨਿਵੇਸ਼ ਰਾਹੀ ਹੀ ਸੰਭਵ ਕੀਤਾ ਜਾ ਸਕਦਾ ਹੈ।

ਇਕ ਸਾਲ ਬਾਅਦ ਖੇਤੀ ਕਾਨੂੰਨਾਂ ਨੂੰ ਵਾਪਿਸ ਲੈਣ ਦਾ ਫੈਸਲਾ ਲਿਆ ਗਿਆ, ਪਰ ਇਸ ਸਮੇਂ ਦੌਰਾਨ ਕਈ ਸਾਰੀਆਂ ਫਰਮਾਂ ਨੇ ਖੇਤੀ ਸਾਧਨਾਂ ਨੂੰ ਵਿਕਸਿਤ ਕਰਨ ਵੱਲ ਕਦਮ ਉਠਾਏ ਸਨ ਤਾਂ ਕਿ ਖੇਤੀ ਸੈਕਟਰ ਦੇ ਉਦਾਰੀਕਰਨ ਤੋਂ ਫਾਇਦਾ ਚੁੱਕਿਆ ਜਾ ਸਕੇ, ਪਰ ਉਨਾਂ ਨੂੰ ਉਸੇ ਤਰਾਂ ਹੀ ਆਪਣੇ ਕਦਮ ਪਿੱਛੇ ਖਿੱਚਣੇ ਪੈਣਗੇ ਜਿਸ ਤਰਾਂ ਪੱਛਮੀ ਬੰਗਾਲ ਦੇ ਸਿੰਗੂਰ, ਉੜੀਸਾ ਦੇ ਨਿਯਾਮਗਿਰੀ ਅਤੇ ਤਾਮਿਲਨਾਡੂ ਦੇ ਸਟਰਲਾਈਟ ਵਿਚ ਹੋਇਆ ਸੀ।ਕਿਸਾਨਾਂ ਨਾਲ ਟਕਰਾਅ ਨੂੰ ਰੋਕਣ ਲਈ ਸਰਕਾਰ ਦੁਆਰਾ ਖੇਤੀ ਕਾਨੂੰਨਾਂ ਨੂੰ ਵਾਪਸ ਲਏ ਜਾਣਾ ਚੰਗਾ ਕਦਮ ਹੋ ਸਕਦਾ ਹੈ, ਪਰ ਇਸ ਨਾਲ ਕਿਸਾਨਾਂ ਦਾ ਕੋਈ ਭਲਾ ਨਹੀਂ ਹੋਣ ਲੱਗਾ।ਇਸ ਨੇ ਖੇਤੀ ਸਬਸਿਡੀਆਂ ਅਤੇ ਮੁੱਲ ਸਮਰਥਨ ਦੇ ਗੁੰਝਲੇ ਮਸਲੇ ਨੂੰ ਅਣਸੁਲਝਿਆ ਹੀ ਛੱਡ ਦਿੱਤਾ ਹੈ ਜਿਸ ਬਾਰੇ ਮਾਹਿਰਾਂ ਦਾ ਵਿਚਾਰ ਹੈ ਕਿ ਸਰਕਾਰ ਇਸ ਲਈ ਸਮਰੱਥ ਨਹੀਂ ਹੈ।

ਬੀਜੇਪੀ ਦੇ ਦਾਅਵੇ ਦੇ ਉਲਟ ਕਿ ਸਿਰਫ ਵੱਡੇ ਕਿਸਾਨ ਹੀ ਅੰਦੋਲਨ ਵਿਚ ਹਿੱਸਾ ਲੈ ਰਹੇ ਹਨ, ਇਕ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਕਿ ਇਸ ਅੰਦੋਲਨ ਵਿਚ ਜਿੰਨਾ ਕਿਸਾਨਾਂ ਨੇ ਆਪਣੀਆਂ ਜਾਨਾਂ ਗੁਆਈਆਂ, ਉਹ ਜਿਆਦਾਤਰ ਛੋਟੇ ਅਤੇ ਸੀਮਾਂਤ ਕਿਸਾਨ ਸਨ।ਮੋਦੀ ਸਰਕਾਰ ਦੁਆਰਾ ਲਏ ਗਏ ਯੂ-ਟਰਨ ਨੇ ਭਾਰਤੀ ਰਾਜਨੀਤੀ ਵਿਚ ਅਨਿਸ਼ਚਿਤਤਾ ਦੀ ਸਥਿਤੀ ਪੈਦਾ ਕਰ ਦਿੱਤੀ ਹੈ।ਇਸ ਵਿਚ ਸਭ ਤੋਂ ਮਹਤੱਵਪੂਰਨ ਗੱਲ ਹੈ ਕਿ ਇਸ ਨੇ ਮੋਦੀ ਦੇ ਅਜਿੱਤ ਹੋਣ ਦੇ ਭਰਮ ਨੂੰ ਤੋੜਿਆ ਹੈ।ਪੂਰੇ ਮੋਦੀ ਬ੍ਰਾਂਡ ਦੀ ਕਲਪਨਾ ਹੀ ਉਸ ਦੇ ਮਜਬੂਤ ਇਰਾਦੇ ਅਤੇ ਨਾ-ਸਮਝੌਤਾ ਕਰਨ ਵਾਲੀਆਂ ਛਵੀ ਦੇ ਆਲੇ-ਦੁਆਲੇ ਬੁਣੀ ਗਈ ਹੈ।ਕੁਝ ਸਮਰਥਕਾਂ ਦਾ ਮੰਨਣਾ ਹੈ ਕਿ ਮੋਦੀ ਨੂੰ ਥੋੜ-ਚਿਰੇ ਰਾਜਨੀਤਿਕ ਹਿੱਤਾਂ ਨੂੰ ਪ੍ਰਾਪਤ ਕਰਨ ਲਈ ਗੋਡੇ ਟੇਕ ਦਿੱਤੇ ਹਨ।

ਮੋਦੀ ਦੁਆਰਾ ਕਾਨੂੰਨ ਵਾਪਿਸ ਲਏ ਜਾਣ ਦੀ ਘੋਸ਼ਣਾ ਨੇ ਪੰਜਾਬ ਦੀ ਰਾਜਨੀਤੀ ਉੱਪਰ ਵੀ ਆਪਣਾ ਪ੍ਰਭਾਵ ਪਾਉਣਾ ਹੈ।ਇਹ ਰਾਜਨੀਤੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋ ਸਕਦੀ ਹੈ।ਪੰਜਾਬ ਵਿਚ ਕਿਸਾਨ ਨੇਤਾਵਾਂ ਦੀ ਅਗਵਾਈ ਵਿਚ ਵਿਕਲਪਿਕ ਰਾਜਨੀਤੀ ਦੀ ਸੰਭਾਵਨਾ ਪੈਦਾ ਹੋਈ ਹੈ।ਅੰਦੋਲਨ ਨੇ ਲੋਕਾਂ ਵਿਚ ਮੁੱਖਧਾਰਾ ਦੀਆਂ ਪਾਰਟੀਆਂ ਪ੍ਰਤੀ ਰੋਹ ਦੀ ਭਾਵਨਾ ਪੈਦਾ ਕਰ ਦਿੱਤੀ ਹੈ ਅਤੇ ਉਨਾਂ ਨੂੰ ਵਿਸ਼ਵਾਸ ਦੁਆਇਆ ਹੈ ਕਿ ਉਹ ਸ਼ਕਤੀਸ਼ਾਲੀ ਤਾਕਤਾਂ ਨਾਲ ਲੜ ਸਕਦੇ ਹਨ।ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਆਮ ਆਸਮੀ ਪਾਰਟੀ ਕਿਸਾਨ ਅੰਦੋਲਨ ਦੇ ਕੁਝ ਨੇਤਾਵਾਂ ਨੂੰ ਪਾਰਟੀ ਵਿਚ ਸ਼ਾਮਿਲ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ ਅਤੇ ਇਹ ਵੀ ਹੋ ਸਕਦਾ ਹੈ ਕਿ ਉਨਾਂ ਵਿਚੋਂ ਕਿਸੇ ਨੂੰ ਮੁੱਖ ਮੰਤਰੀ ਦਾ ਚਿਹਰਾ ਵੀ ਐਲਾਨ ਦੇਵੇ।ਕਿਸਾਨ ਅੰਦੋਲਨ ਦਾ ਸਭ ਤੋਂ ਸਾਕਾਰਤਮਕ ਪਹਿਲੂ ਇਹ ਹੈ ਕਿ ਇਸ ਨੇ ਪੰਜਾਬ ਵਿਚ ਲੋਕਤੰਤਰਗੀ ਭਾਗੀਦਾਰੀ ਨੂੰ ਮਜਬੂਤ ਕਰਨਾ ਹੈ।ਆਮ ਜਨਤਾ ਹੁਣ ਖੁੱਲ ਕੇ ਆਪਣਾ ਨੇਤਾਵਾਂ ਨੂੰ ਸੁਆਲ ਕਰ ਸਕਦੀ ਹੈ।ਕਿਸਾਨ ਅੰਦੋਲਨ ਨੇ ਇਹ ਵੀ ਯਕੀਨੀ ਬਣਾਇਆ ਹੈ ਕਿ ਚੋਣਾਂ ਮਹਿਜ ਭਾਸ਼ਣਾਂ ਅਤੇ ਲੋਕ-ਲੁਭਾਊ ਘੋਸ਼ਣਾਵਾਂ ਉੱਪਰ ਹੀ ਅਧਾਰਿਤ ਨਹੀਂ ਹੋਣੀਆਂ ਚਾਹੀਦੀਆਂ, ਬਲਕਿ ਇਸ ਨੇ ਰਾਜਨੀਤਿਕ ਪਾਰਟੀਆਂ ਨੂੰ ਮਜਬੂਰ ਕਰਨਾ ਹੈ ਕਿ ਉਹ ਬੇਰੋਜ਼ਗਾਰੀ, ਆਰਥਿਕ ਵਿਕਾਸ, ਨਸ਼ੇ ਦੀ ਸਮੱਸਿਆ ਵਰਗੇ ਮਸਲਿਆਂ ਨੂੰ ਜ਼ਿੰਮੇਵਾਰੀ ਨਾਲ ਮੁਖ਼ਾਤਿਬ ਹੋਣ।ਖੇਤੀ ਕਾਨੂੰਨਾਂ ਦੀ ਵਾਪਸੀ ਕਾਂਗਰਸ ਲਈ ਵੱਡਾ ਧੱਕਾ ਹੋ ਸਕਦੀ ਹੈ।ਹੁਣ ਤੱਕ ਇਸ ਨੇ ਖੇਤੀ ਕਾਨੂੰਨਾਂ ਦੀ ਵਾਪਸੀ ਨੂੰ ਆਪਣੇ ਮੁੱਖ ਮੁੱਦੇ ਵਜੋਂ ਪੇਸ਼ ਕੀਤਾ। ਇਸ ਤੋਂ ਬਾਅਦ ਕਾਂਗਰਸ ਦੀ ਕਾਰਗੁਜ਼ਾਰੀ ਉੱਪਰ ਵੀ ਸੁਆਲ ਉਠਣੇ ਲਾਜ਼ਮੀ ਹਨ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com